Watch
PUNJAB MAIL USA
TV Channel
On IP box, App, Website
For Advertisment
916-320-9444

A Voice of NRI's
ਸੈਕਰਾਮੈਂਟੋ ਤੋਂ ਪ੍ਰਕਾਸ਼ਤ ਹੋਣ ਵਾਲਾ ਪਹਿਲਾ ਪੰਜਾਬੀ ਅਖ਼ਬਾਰ
ਯੂ. ਐੱਸ. ਏ.

# ਪੰਜਾਬ ਮੇਲ

Chief Editor: Gurjatinder Singh Randhawa
Punjab Mail USA




Vol. 19, Issue- 865, 31st July to 06 Aug., 2025, Ph: 916-320-9444, E-mail: punjabmailusa@yahoo.com, Web: punjabmailusa.com

## ਅਮਰੀਕੀ ਵਿਦੇਸ਼ ਵਿਭਾਗ ਵੱਲੋਂ ਗੈਰ-ਪ੍ਰਵਾਸੀ ਵੀਜ਼ਾ ਲਈ ਇੰਟਰਵਿਊ ਛੋਟ ਨਿਯਮਾਂ 'ਚ ਸਖਤੀ

- 2 ਸਤੰਬਰ 2025 ਤੋਂ ਅਮਰੀਕੀ ਵੀਜ਼ਾ ਨਿਯਮਾਂ 'ਚ ਹੋਵੇਗਾ ਵੱਡਾ ਬਦਲਾਅ
- ਹੁਣ ਆਸਾਨੀ ਨਾਲ ਨਹੀਂ ਮਿਲੇਗਾ ਅਮਰੀਕਾ ਦਾ ਵੀਜ਼ਾ



**ਵਾਸ਼ਿੰਗਟਨ, (ਪੰਜਾਬ ਮੇਲ)-** ਅਮਰੀਕੀ ਵਿਦੇਸ਼ ਵਿਭਾਗ ਨੇ 2 ਸਤੰਬਰ, 2025 ਤੋਂ ਗੈਰ-ਪ੍ਰਵਾਸੀ ਵੀਜ਼ਾ ਲਈ ਇੰਟਰਵਿਊ ਛੋਟ ਨਿਯਮਾਂ ਨੂੰ ਸਖ਼ਤ ਕਰ ਦਿੱਤਾ ਹੈ। ਹੁਣ ਜ਼ਿਆਦਾਤਰ ਲੋਕਾਂ ਨੂੰ ਅਮਰੀਕੀ ਦੂਤਾਵਾਸ ਜਾਂ ਕੌਂਸਲੇਟ ਜਾਣਾ ਪਵੇਗਾ ਅਤੇ ਨਿੱਜੀ ਤੌਰ 'ਤੇ ਇੰਟਰਵਿਊ ਦੇਣੀ ਪਵੇਗੀ। ਇਹ ਬਦਲਾਅ ਬੱਚਿਆਂ (14 ਸਾਲ ਤੋਂ ਘੱਟ) ਅਤੇ ਬਜ਼ੁਰਗਾਂ (79 ਸਾਲ ਤੋਂ ਵੱਧ) ਨੂੰ ਵੀ ਪ੍ਰਭਾਵਿਤ ਕਰੇਗਾ, ਜਿਨ੍ਹਾਂ ਨੂੰ ਪਹਿਲਾਂ ਇੰਟਰਵਿਊ ਤੋਂ ਛੋਟ ਦਿੱਤੀ ਗਈ ਸੀ।

ਹਾਲਾਂਕਿ, ਕੁਝ ਖਾਸ ਮਾਮਲਿਆਂ ਵਿਚ, ਇੰਟਰਵਿਊ ਛੋਟ ਪਹਿਲਾਂ ਵਾਂਗ ਜਾਰੀ ਰਹੇਗੀ। ਇਨ੍ਹਾਂ ਵਿਚ ਏ-1, ਏ-2, ਸੀ-3 (ਪਰ ਨਿੱਜੀ ਕਰਮਚਾਰੀਆਂ ਨੂੰ ਛੱਡ ਕੇ), ਜੀ-1 ਤੋਂ ਜੀ-4, ਨਾਟੋ-1 ਤੋਂ ਨਾਟੋ-6 ਅਤੇ TECRO ਈ-1 ਵੀਜ਼ਾ ਲਈ ਬਿਨੈਕਾਰ ਸ਼ਾਮਲ ਹਨ। ਇਹ ਵੀਜ਼ੇ ਮੁੱਖ ਤੌਰ 'ਤੇ ਕੂਟਨੀਤਕ ਜਾਂ ਸਰਕਾਰੀ ਕੰਮ ਲਈ ਹਨ।

ਇਸ ਤੋਂ ਇਲਾਵਾ, ਜਿਨ੍ਹਾਂ ਕੋਲ ਪੂਰੀ ਤਰ੍ਹਾਂ ਵੈਧ ਬੀ-1, ਬੀ-2 ਜਾਂ ਬੀ1/ਬੀ2 ਵੀਜ਼ਾ (ਜਾਂ ਮੈਕਸੀਕਨ ਨਾਗਰਿਕਾਂ ਲਈ ਬਾਰਡਰ ਕਰਾਸਿੰਗ ਕਾਰਡ) ਹੈ ਅਤੇ ਜਿਨ੍ਹਾਂ ਦਾ ਵੀਜ਼ਾ 12 ਮਹੀਨਿਆਂ ਦੇ ਅੰਦਰ ਖਤਮ ਹੋ ਗਿਆ ਹੈ, ਉਹ ਵੀ ਇੰਟਰਵਿਊ ਛੋਟ ਲਈ ਯੋਗ ਹੋ ਸਕਦੇ ਹਨ - ਪਰ ਕੁਝ ਸਖ਼ਤ ਸ਼ਰਤਾਂ ਦੇ ਨਾਲ।

ਇਨ੍ਹਾਂ ਸ਼ਰਤਾਂ ਵਿਚ ਸ਼ਾਮਲ ਹੈ ਕਿ ਬਿਨੈਕਾਰ ਨੂੰ ਉਸ ਦੇਸ਼ ਤੋਂ ਅਰਜ਼ੀ ਦੇਣੀ ਪਵੇਗੀ, ਜਿਸ ਦਾ ਉਹ ਨਾਗਰਿਕ ਹੈ ਜਾਂ ਜਿਸ ਵਿਚ ਉਹ ਰਹਿ ਰਿਹਾ ਹੈ। ਉਸਨੂੰ ਪਹਿਲਾਂ ਵੀਜ਼ਾ ਦੇਣ ਤੋਂ ਇਨਕਾਰ ਨਹੀਂ ਕੀਤਾ ਹੋਣਾ ਚਾਹੀਦਾ ਅਤੇ ਜੇਕਰ ਅਜਿਹਾ ਹੈ, ਤਾਂ ਇਨਕਾਰ ਨੂੰ ਅਧਿਕਾਰਤ ਤੌਰ 'ਤੇ ਉਲਟਾ ਦਿੱਤਾ ਜਾਣਾ ਜ਼ਰੂਰੀ ਹੋਵੇਗਾ। ਇਸ ਤੋਂ ਇਲਾਵਾ, ਇਸ ਵਿਚ ਕੋਈ ਹੋਰ ਸੰਭਾਵੀ ਤੌਰ 'ਤੇ ਇਤਰਾਜ਼ਯੋਗ ਚੀਜ਼ ਨਹੀਂ ਹੋਣੀ ਚਾਹੀਦੀ।

ਹਾਲਾਂਕਿ, ਭਾਵੇਂ ਕੋਈ ਇਨ੍ਹਾਂ ਸਾਰੀਆਂ ਸ਼ਰਤਾਂ ਨੂੰ ਪੂਰਾ ਕਰੇ, ਵੀਜ਼ਾ ਅਧਿਕਾਰੀ ਫਿਰ ਵੀ ਇਹ ਫੈਸਲਾ ਕਰ ਸਕਦਾ ਹੈ ਕਿ ਉਸਨੂੰ ਇੰਟਰਵਿਊ ਲਈ ਬੁਲਾਉਣਾ ਹੈ ਜਾਂ ਨਹੀਂ। ਯਾਨੀ, ਇੰਟਰਵਿਊ ਜ਼ਰੂਰੀ ਹੋ ਸਕਦਾ ਹੈ, ਭਾਵੇਂ ਤੁਸੀਂ ਯੋਗ ਹੋ। ਸਾਰੇ ਬਿਨੈਕਾਰਾਂ ਨੂੰ ਸਲਾਹ ਦਿੱਤੀ ਜਾਂਦੀ ਹੈ ਕਿ ਉਹ ਨਵੀਨਤਮ ਜਾਣਕਾਰੀ ਅਤੇ ਮੁਲਾਕਾਤ ਦੀ ਉਪਲਬਧਤਾ ਦੀ ਜਾਂਚ ਕਰਨ ਲਈ ਆਪਣੇ ਨਜ਼ਦੀਕੀ ਅਮਰੀਕੀ ਦੂਤਾਵਾਸ ਜਾਂ ਕੌਂਸਲੇਟ ਦੀ ਵੈੱਬਸਾਈਟ 'ਤੇ ਜਾਣ। ਇਹ ਨਵਾਂ ਨਿਯਮ 18 ਫਰਵਰੀ, 2025 ਨੂੰ ਲਾਗੂ ਹੋਏ ਪੁਰਾਣੇ ਛੋਟ ਨਿਯਮਾਂ ਦੀ ਥਾਂ ਲਵੇਗਾ।

## ਲੈਂਡ ਪੂਲਿੰਗ ਨੀਤੀ ਦਾ ਵਿਰੋਧ ਕਰਨ ਲਈ ਕਿਸਾਨਾਂ ਵੱਲੋਂ ਟਰੈਕਟਰ ਮਾਰਚ ਦੀ ਤਿਆਰੀ



**ਚੰਡੀਗੜ੍ਹ, (ਪੰਜਾਬ ਮੇਲ)-** ਸੰਯੁਕਤ ਕਿਸਾਨ ਮੋਰਚੇ ਨਾਲ ਸਬੰਧਤ ਵੱਖ-ਵੱਖ ਜਥੇਬੰਦੀਆਂ ਦੇ ਕਿਸਾਨਾਂ ਨੇ ਸੂਬਾ ਸਰਕਾਰ ਦੀ ਲੈਂਡ ਪੂਲਿੰਗ ਨੀਤੀ ਤਹਿਤ ਜ਼ਮੀਨ ਐਕੁਆਇਰ ਕਰਨ ਦੇ ਤਜਵੀਜ਼ ਦਾ ਵਿਰੋਧ ਕਰਨ ਲਈ ਪੰਜਾਬ ਦੇ 116 ਪਿੰਡਾਂ ਵਿਚ ਟਰੈਕਟਰ ਮਾਰਚ ਕੱਢਣ ਦੀ ਪੂਰੀ ਤਿਆਰੀ ਖਿੱਚ ਲਈ ਹੈ। ਇਸ ਸਬੰਧੀ ਸਭ ਤੋਂ ਵੱਡਾ ਇਕੱਠ ਅਤੇ ਰੈਲੀ ਲੁਧਿਆਣਾ ਜ਼ਿਲ੍ਹੇ ਵਿਚ ਹੋਣ ਦੀ ਉਮੀਦ ਹੈ, ਜਿੱਥੇ 45,861 ਏਕੜ ਜ਼ਮੀਨ ਐਕੁਆਇਰ ਕਰਨ ਦੀ ਤਜਵੀਜ਼ ਹੈ। ਇਸ ਵਿਚ ਰਿਹਾਇਸ਼ੀ ਮੰਤਵ ਲਈ 24,311 ਏਕੜ ਅਤੇ ਸਨਅਤੀ ਜ਼ੋਨ ਸਥਾਪਤ ਕਰਨ ਲਈ 21,550 ਏਕੜ ਜ਼ਮੀਨ ਸ਼ਾਮਲ ਹੈ। ਸੰਯੁਕਤ ਕਿਸਾਨ ਮੋਰਚਾ ਦੇ ਆਗੂ ਬਲਬੀਰ ਸਿੰਘ ਰਾਜੇਵਾਲ ਨੇ ਦੱਸਿਆ ਕਿ ਟਰੈਕਟਰ ਰੈਲੀ ਲੁਧਿਆਣਾ ਜ਼ਿਲ੍ਹੇ ਦੇ ਕੂਮਕਲਾਂ, ਬਲੀਓਂ, ਦਾਖਾ, ਜੋਧਾਂ ਅਤੇ ਜਗਰਾਉਂ ਸਮੇਤ ਵੱਖ-ਵੱਖ ਥਾਵਾਂ ਤੋਂ ਸ਼ੁਰੂ ਹੋਵੇਗੀ। ਉਨ੍ਹਾਂ ਕਿਹਾ, "ਇਹ ਹਾਲ ਹੀ ਦੇ ਸਮੇਂ ਵਿਚ ਸਭ ਤੋਂ ਵੱਡਾ ਮਾਰਚ ਹੋਵੇਗਾ, ਕਿਉਂਕਿ ਪੇਂਡੂ ਖੇਤਰਾਂ ਵਿਚ ਲੋਕ ਆਪਣੀਆਂ ਉਪਜਾਊ ਜ਼ਮੀਨਾਂ ਖੋਹਣ ਅਤੇ ਆਪਣੇ ਘਰਾਂ ਤੋਂ ਉਜਾੜਨ ਦੀ ਇਸ ਕੋਸ਼ਿਸ਼ ਵਿਰੁੱਧ ਆਪਣਾ ਗੁੱਸਾ ਜ਼ਾਹਰ ਕਰਨਾ ਚਾਹੁੰਦੇ ਹਨ।" ਇਸ ਦੌਰਾਨ ਪਤਾ ਲੱਗਾ ਹੈ ਕਿ ਇਨ੍ਹਾਂ ਇਲਾਕਿਆਂ 'ਚ ਪੁਲਿਸ ਨੇ ਆਪਣੀ ਚੌਕਸੀ ਵਧਾਈ ਹੈ, ਕਿਉਂਕਿ ਪ੍ਰਦਰਸ਼ਨ 'ਚ ਹਿੱਸਾ ਲੈਣ ਲਈ ਸੈਂਕੜੇ ਟਰੈਕਟਰ ਪਹੁੰਚਣੇ ਸ਼ੁਰੂ ਹੋ ਗਏ ਹਨ।

## ਗੁਰਜਤਿੰਦਰ ਸਿੰਘ ਰੰਧਾਵਾ ਇੰਟਰਫੇਥ ਕੌਂਸਲ ਦੇ ਲਗਾਤਾਰ ਤੀਜੀ ਵਾਰ ਚੁਣੇ ਗਏ ਡਾਇਰੈਕਟਰ


ਇੰਟਰਫੇਥ ਕੌਂਸਲ ਆਫ ਗਰੇਟਰ ਸੈਕਰਾਮੈਂਟੋ ਦੇ ਨਵੇਂ ਚੁਣੇ ਗਏ ਅਹੁਦੇਦਾਰ।


ਗੁਰਜਤਿੰਦਰ ਸਿੰਘ ਰੰਧਾਵਾ।

**ਸੈਕਰਾਮੈਂਟੋ, (ਪੰਜਾਬ ਮੇਲ)-** ਇੰਟਰਫੇਥ ਕੌਂਸਲ ਆਫ ਗਰੇਟਰ ਸੈਕਰਾਮੈਂਟੋ (ਆਈ.ਸੀ.ਜੀ.ਐੱਸ.) ਦੀ ਸਾਲਾਨਾ ਚੋਣ ਸਰਬਸੰਮਤੀ ਨਾਲ ਹੋਈ। ਰੋਜ਼ਵਿਲ ਸੈਕਰਾਮੈਂਟੋ ਵਿਖੇ ਹੋਈ ਇਸ ਮੀਟਿੰਗ ਦੌਰਾਨ ਨਵੇਂ ਅਹੁਦੇਦਾਰਾਂ ਦਾ ਐਲਾਨ ਕੀਤਾ ਗਿਆ, ਜਿਸ ਵਿਚ ਪਾਲ ਫਰੈਡਰਿਚ ਅਤੇ ਕੈਰਲ ਲੋਏ ਨੂੰ ਕੋ-ਪ੍ਰੈਜ਼ੀਡੈਂਟ, ਕੇ ਅਲਾਇਸ ਡੇਲੀ ਨੂੰ ਵਾਈਸ ਪ੍ਰੈਜ਼ੀਡੈਂਟ, ਪੈਟ ਸਿੰਗਰ ਨੂੰ ਖ਼ਜ਼ਾਨਚੀ, ਚਾਰਲਸ ਨੂੰ ਸੈਕਟਰੀ ਅਤੇ ਗੁਰਜਤਿੰਦਰ ਸਿੰਘ ਰੰਧਾਵਾ ਨੂੰ ਡਾਇਰੈਕਟਰ ਚੁਣਿਆ ਗਿਆ। ਗੁਰਜਤਿੰਦਰ ਸਿੰਘ ਰੰਧਾਵਾ ਨੂੰ ਲਗਾਤਾਰ ਤੀਜੀ ਵਾਰ ਇਸ ਸੰਸਥਾ ਦਾ ਡਾਇਰੈਕਟਰ ਚੁਣਿਆ ਗਿਆ।

ਜ਼ਿਕਰਯੋਗ ਹੈ ਕਿ ਇੰਟਰਫੇਥ ਕੌਂਸਲ ਆਫ ਗਰੇਟਰ ਸੈਕਰਾਮੈਂਟੋ ਸੰਸਥਾ 1911 ਵਿਚ ਸ਼ੁਰੂ ਹੋਈ ਸੀ। ਇਸ ਸੰਸਥਾ ਵਿਚ ਹਰ ਧਰਮ ਅਤੇ ਮਜ਼੍ਹਬ ਦੇ ਲੋਕ ਕੰਮ ਕਰਦੇ ਹਨ। ਇਹ ਸੰਸਥਾ ਲੋਕਾਂ ਵਿਚ ਆਪਸੀ ਭਾਈਚਾਰਾ ਕਾਇਮ ਰੱਖਣ ਲਈ ਜੱਦੋ-ਜਹਿਦ ਕਰਦੀ ਹੈ। ਸਥਾਨਕ ਸਰਕਾਰਾਂ ਨਾਲ ਸਮੇਂ-ਸਮੇਂ 'ਤੇ ਮੀਟਿੰਗਾਂ ਕੀਤੀਆਂ ਜਾਂਦੀਆਂ ਹਨ, ਤਾਂਕਿ ਆਪਸੀ ਭਾਈਚਾਰਕ ਸਾਂਝ ਨੂੰ ਬਰਕਰਾਰ ਰੱਖਿਆ ਜਾ ਸਕੇ।

## ਤੀਰਥ ਸਿੰਘ ਗਾਖਲ ਕੈਲੀਫੋਰਨੀਆ ਕਬੱਡੀ ਫੈਡਰੇਸ਼ਨ ਆਫ ਅਮਰੀਕਾ ਦੇ ਸਰਬਸੰਮਤੀ ਨਾਲ ਬਣੇ ਪ੍ਰਧਾਨ


ਤੀਰਥ ਸਿੰਘ ਗਾਖਲ



**ਟਰੇਸੀ, (ਪੰਜਾਬ ਮੇਲ)-** ਕੈਲੀਫੋਰਨੀਆ ਕਬੱਡੀ ਫੈਡਰੇਸ਼ਨ ਆਫ ਅਮਰੀਕਾ ਦੀ ਇਕ ਅਹਿਮ ਮੀਟਿੰਗ ਟਰੇਸੀ ਸ਼ਹਿਰ ਵਿਖੇ ਹੋਈ। ਇਸ ਵਿਚ 25 ਕਬੱਡੀ ਅਤੇ ਸਪੋਰਟਸ ਕਲੱਬਾਂ ਦੇ ਮੈਂਬਰਾਂ ਨੇ ਹਿੱਸਾ ਲਿਆ। ਇਸ ਮੌਕੇ ਹੋਰਨਾਂ ਤੋਂ ਇਲਾਵਾ ਸੁਰਿੰਦਰ ਸਿੰਘ (ਸ਼ਿੰਦਾ) ਅਟਵਾਲ, ਪਾਲ ਸਿਹੋਤਾ, ਅਮੋਲਕ ਸਿੰਘ ਗਾਖਲ, ਸੁਰਿੰਦਰ ਸਿੰਘ ਨਿੱਜਰ (ਨਿੱਜਰ ਬ੍ਰਦਰਜ਼), ਬਲਜੀਤ ਸੰਧੂ, ਬਲਜੀਤ ਬਾਸੀ, ਬਿੱਟੂ ਰਾਏ, ਹੈਰੀ ਭੰਗੂ, ਕਾਲਾ ਟਰੇਸੀ, ਪਾਲ ਕੈਲੇ, ਗੁਰਮੁੱਖ ਸੰਧੂ, ਗੁਰਿੰਦਰ ਗਿੱਲ, ਸੁੱਖੀ ਸੰਘੇੜਾ, ਕੁਲਦੀਪ ਡਡਵਾਲ, ਕੁਲਵੰਤ ਧਾਮੀ ਤੋਂ ਇਲਾਵਾ ਹੋਰ ਵੀ ਬਹੁਤ ਸਾਰੇ ਆਗੂ ਹਾਜ਼ਰ ਸਨ। ਜੌਹਨ ਸਿੰਘ ਗਿੱਲ ਨੇ ਫੋਨ ਰਾਹੀਂ ਆਪਣੀ ਹਾਜ਼ਰੀ ਲੁਆਈ। ਤਕਰੀਬਨ 3 ਘੰਟੇ ਚੱਲੀ ਇਸ ਮੀਟਿੰਗ ਵਿਚ ਮਾਂ-ਜਾਈ ਖੇਡ ਕਬੱਡੀ ਬਾਰੇ ਕਈ ਅਹਿਮ ਫੈਸਲੇ ਲਏ ਗਏ, ਜਿਸ ਵਿਚ ਇਕ ਅਹਿਮ ਫੈਸਲੇ ਰਾਹੀਂ ਵਰਲਡ ਸੁਪਰਸਟਾਰ ਕਬੱਡੀ ਖਿਡਾਰੀ ਰਹੇ ਤੀਰਥ ਸਿੰਘ ਗਾਖਲ ਨੂੰ ਕੈਲੀਫੋਰਨੀਆ ਕਬੱਡੀ ਫੈਡਰੇਸ਼ਨ ਆਫ ਅਮਰੀਕਾ ਦਾ ਸਰਬਸੰਮਤੀ ਨਾਲ ਪ੍ਰਧਾਨ ਬਣਾਇਆ ਗਿਆ। ਪਿਛਲੇ 20 ਸਾਲਾਂ ਤੋਂ ਫੈਡਰੇਸ਼ਨ ਦੇ ਪ੍ਰਧਾਨ ਵਜੋਂ ਸੇਵਾਵਾਂ ਨਿਭਾ ਰਹੇ ਸੁਰਿੰਦਰ ਸਿੰਘ ਅਟਵਾਲ (ਸ਼ਿੰਦਾ) ਨੇ ਖੁਦ ਤੀਰਥ ਸਿੰਘ ਗਾਖਲ ਨੂੰ ਨਵਾਂ ਪ੍ਰਧਾਨ ਥਾਪਿਆ। ਇਸ ਦਾ ਸਮਰਥਨ ਸਮੂਹ ਆਏ ਹੋਏ ਕਬੱਡੀ ਆਗੂਆਂ ਨੇ ਕੀਤਾ। ਇਸ ਸਰਬਸੰਮਤੀ ਨਾਲ ਹੋਈ ਚੋਣ ਦੀ ਕਬੱਡੀ ਜਗਤ ਵਿਚ ਕਾਫੀ ਚਰਚਾ ਹੈ। ਕਿਉਂਕਿ ਇਸ ਮੌਕੇ ਕਿਸੇ ਨੇ ਵੀ ਇਸ ਨਿਯੁਕਤੀ ਦਾ ਵਿਰੋਧ ਨਹੀਂ ਕੀਤਾ, ਬਲਕਿ ਹਰੇਕ ਨੇ ਖੁਸ਼ੀ ਦਾ ਇਜ਼ਹਾਰ ਕੀਤਾ ਹੈ। ਫੈਡਰੇਸ਼ਨ ਵੱਲੋਂ ਹੋਰਨਾਂ ਅਹੁਦੇਦਾਰਾਂ ਦੀ ਨਿਯੁਕਤੀ ਵੀ ਆਉਣ ਵਾਲੇ ਸਮੇਂ ਵਿਚ ਕਰ ਦਿੱਤੀ ਜਾਵੇਗੀ। ਸਮੂਹ ਆਏ ਹੋਏ ਕਬੱਡੀ ਆਗੂਆਂ ਨੇ ਹੋਰਨਾਂ ਕਲੱਬਾਂ ਨੂੰ ਵੀ ਇਕ ਝੰਡੇ ਥੱਲੇ ਇਕੱਤਰ ਹੋਣ ਦੀ ਅਪੀਲ ਕੀਤੀ ਹੈ, ਤਾਂਕਿ ਮਾਂ-ਜਾਈ ਖੇਡ ਕਬੱਡੀ ਦੀ ਹੋਰ ਵੀ ਵਧੀਆ ਤਰੀਕੇ ਨਾਲ ਸੇਵਾ ਕੀਤੀ ਜਾ ਸਕੇ। ਮੀਟਿੰਗ ਦੌਰਾਨ ਸਟੇਜ ਸਕੱਤਰ ਦੀ ਸੇਵਾ ਸੁਰਿੰਦਰ ਸਿੰਘ ਨਿੱਜਰ ਵੱਲੋਂ ਬਾਖ਼ੂਬੀ ਨਿਭਾਈ ਗਈ।

ਇਸ ਦੌਰਾਨ ਨਵੇਂ ਨਿਯੁਕਤ ਹੋਏ ਪ੍ਰਧਾਨ ਤੀਰਥ ਸਿੰਘ ਗਾਖਲ ਨੇ ਪੰਜਾਬ ਮੇਲ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਫੈਡਰੇਸ਼ਨ ਵੱਲੋਂ ਮੈਨੂੰ ਅਹਿਮ ਜ਼ਿੰਮੇਵਾਰੀ ਸੌਂਪੀ ਗਈ ਹੈ, ਮੈਂ ਇਸ ਨੂੰ ਤਨਦੇਹੀ ਨਾਲ ਨਿਭਾਵਾਂਗਾ।

## ਐਲਕ ਗਰੋਵ ਵਿਖੇ 17ਵੀਂ ਸਾਲਾਨਾ ਤੀਆਂ ਦਾ ਮੇਲਾ 9 ਅਗਸਤ ਨੂੰ; ਤਿਆਰੀਆਂ ਜ਼ੋਰਾਂ 'ਤੇ



**ਸੈਕਰਾਮੈਂਟੋ, (ਪੰਜਾਬ ਮੇਲ)-** ਇੰਟਰਨੈਸ਼ਨਲ ਪੰਜਾਬੀ ਕਲਚਰ ਅਕੈਡਮੀ ਵੱਲੋਂ 17ਵੀਂ ਸਾਲਾਨਾ ਤੀਆਂ ਦਾ ਮੇਲਾ ਇਸ ਵਾਰ 9 ਅਗਸਤ, ਦਿਨ ਸ਼ਨੀਵਾਰ ਨੂੰ ਐਲਕ ਗਰੋਵ ਪਾਰਕ, ਐਲਕ ਗਰੋਵ ਵਿਖੇ ਕਰਵਾਇਆ ਜਾ ਰਿਹਾ ਹੈ। ਇਨ੍ਹਾਂ ਤੀਆਂ ਦੇ ਮੇਲੇ ਦੀਆਂ ਤਿਆਰੀਆਂ ਜ਼ੋਰਾਂ-ਸ਼ੋਰਾਂ ਨਾਲ ਚੱਲ ਰਹੀਆਂ ਹਨ। ਛੋਟੀਆਂ ਬੱਚੀਆਂ ਤੋਂ ਲੈ ਕੇ ਵੱਡੀਆਂ ਔਰਤਾਂ ਵੱਲੋਂ ਗਿੱਧੇ, ਸੁਹਾਗ, ਸਿੱਠਣੀਆਂ, ਬੋਲੀਆਂ ਆਦਿ ਦੀ ਪ੍ਰੈਕਟਿਸ ਕੀਤੀ ਜਾ ਰਹੀ ਹੈ। ਸਾਉਣ ਮਹੀਨੇ 'ਚ ਲੱਗਣ ਵਾਲੀਆਂ ਇਨ੍ਹਾਂ ਤੀਆਂ ਦੀਆਂ ਪ੍ਰਬੰਧਕਾਂ ਵੱਲੋਂ ਐਲਕ ਗਰੋਵ ਪਾਰਕ ਵਿਖੇ ਮਾਲ-ਪੂੜੇ ਤੇ ਖੀਰ ਵਰਤਾਇਆ ਗਿਆ ਅਤੇ ਇਸ ਮਹੀਨੇ ਦੀ ਮਹੱਤਤਾ ਬਾਰੇ ਜਾਣੂ ਕਰਵਾਇਆ ਗਿਆ। ਜ਼ਿਕਰਯੋਗ ਹੈ ਕਿ ਇਸ ਤੀਆਂ ਦੇ ਮੇਲੇ ਵਿਚ ਦੂਰੋਂ-ਨੇੜਿਓਂ ਚੱਲ ਕੇ ਹਜ਼ਾਰਾਂ ਦੀ ਗਿਣਤੀ 'ਚ ਹਰ ਉਮਰ ਦੀਆਂ ਔਰਤਾਂ ਵਿਸ਼ੇਸ਼ ਤੌਰ 'ਤੇ ਪਹੁੰਚਦੀਆਂ ਹਨ ਅਤੇ ਆਪਣੇ ਸੱਭਿਆਚਾਰ ਨਾਲ ਜੁੜ ਕੇ ਖੁਸ਼ੀਆਂ ਮਨਾਉਂਦੀਆਂ ਹਨ। ਸਾਉਣ ਮਹੀਨੇ ਐਲਕ ਗਰੋਵ ਪਾਰਕ ਦੇ ਖੁੱਲ੍ਹੇ ਮੈਦਾਨ 'ਚ ਦਰੱਖਤਾਂ ਦੀ ਛਾਂ ਹੇਠ ਮਨਾਏ ਜਾਣ ਵਾਲੇ ਇਸ ਤਿਉਹਾਰ ਵਿਚ ਔਰਤਾਂ ਵੱਲੋਂ ਗਿੱਧੇ, ਸਿੱਠਣੀਆਂ, ਸੁਹਾਗ, ਗੀਤ-ਸੰਗੀਤ, ਬੋਲੀਆਂ, ਡੀ.ਜੇ. ਆਦਿ ਰਾਹੀਂ ਮਨੋਰੰਜਨ ਕੀਤਾ ਜਾਂਦਾ ਹੈ। ਇਹ ਤੀਆਂ ਦਾ ਮੇਲਾ ਸਿਰਫ ਔਰਤਾਂ ਲਈ ਹੁੰਦਾ ਹੈ।

ਮੇਲੇ ਦੀ ਸੁਰੱਖਿਆ ਦੇ ਖਾਸ ਪ੍ਰਬੰਧ ਕੀਤੇ ਜਾਂਦੇ ਹਨ। ਹੋਰ ਜਾਣਕਾਰੀ ਲਈ 916-240-6969, 916-753-5933 ਜਾਂ 916-897-4414 'ਤੇ ਸੰਪਰਕ ਕੀਤਾ ਜਾ ਸਕਦਾ ਹੈ।

## ਡਾ. ਐੱਸ.ਪੀ. ਸਿੰਘ ਓਬਰਾਏ ਨੌਰਥ ਅਮਰੀਕਾ ਦੇ ਦੌਰੇ 'ਤੇ


ਡਾ. ਐੱਸ.ਪੀ. ਸਿੰਘ ਓਬਰਾਏ

**ਸੈਕਰਾਮੈਂਟੋ, (ਪੰਜਾਬ ਮੇਲ)-** ਪੂਰੀ ਦੁਨੀਆਂ ਅੰਦਰ ਮਹਾਨ ਦਾਨੀ ਵਜੋਂ ਜਾਣੇ ਜਾਂਦੇ ਦੁਬਈ ਦੇ ਉੱਘੇ ਕਾਰੋਬਾਰੀ ਅਤੇ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਦੇ ਮੈਨੇਜਿੰਗ ਡਾਇਰੈਕਟਰ ਡਾ. ਐੱਸ.ਪੀ. ਸਿੰਘ ਓਬਰਾਏ ਇਸ ਵੇਲੇ ਨੌਰਥ ਅਮਰੀਕਾ ਦੇ ਦੌਰੇ 'ਤੇ ਹਨ। ਉਹ ਇਥੇ ਵੱਖ-ਵੱਖ ਥਾਵਾਂ 'ਤੇ ਜਾ ਕੇ ਪ੍ਰਮੁੱਖ ਸ਼ਖਸੀਅਤਾਂ ਨਾਲ ਮੁਲਾਕਾਤਾਂ ਕਰਨਗੇ। ਇਸ ਬਾਰੇ ਜਾਣਕਾਰੀ ਦਿੰਦੇ ਹੋਏ ਗੁਰਜਤਿੰਦਰ ਸਿੰਘ ਰੰਧਾਵਾ ਨੇ ਦੱਸਿਆ ਕਿ ਉਨ੍ਹਾਂ ਦਾ ਨੌਰਥ ਅਮਰੀਕਾ ਦੌਰਾ ਇਸ ਤਰ੍ਹਾਂ ਹੋਵੇਗਾ : 30 ਜੁਲਾਈ ਨੂੰ ਸ਼ਿਕਾਗੋ, 1 ਤੋਂ 3 ਅਗਸਤ ਤੱਕ ਐਡਮਿੰਟਨ, 4 ਤੋਂ 6 ਅਗਸਤ ਤੱਕ ਸੈਕਰਾਮੈਂਟੋ, 7 ਤੋਂ 9 ਅਗਸਤ ਤੱਕ ਸਿਆਟਲ, 10 ਅਤੇ 11 ਅਗਸਤ ਨੂੰ ਵੈਨਕੂਵਰ, 12 ਤੋਂ 15 ਅਗਸਤ ਤੱਕ ਟੋਰਾਂਟੋ, 16 ਤੋਂ 22 ਅਗਸਤ ਤੱਕ ਡਾ. ਓਬਰਾਏ ਨਿਊਯਾਰਕ, ਨਿਊਜਰਸੀ, ਵਾਸ਼ਿੰਗਟਨ ਡੀ.ਸੀ. ਤੋਂ ਇਲਾਵਾ ਈਸਟ ਕੋਸਟ ਦੇ ਹੋਰ ਵੀ ਥਾਵਾਂ 'ਤੇ ਆਪਣਾ ਦੌਰਾ ਕਰਨਗੇ ਅਤੇ 23 ਅਗਸਤ ਨੂੰ ਵਾਪਸ ਦੁਬਈ ਪਹੁੰਚ ਜਾਣਗੇ। ਹੋਰ ਵਧੇਰੇ ਜਾਣਕਾਰੀ ਲਈ 916-320-9444 'ਤੇ ਸੰਪਰਕ ਕੀਤਾ ਜਾ ਸਕਦਾ ਹੈ।

# International Punjabi Culture Academy (Non Profit)

(Non Profit Tax Deductive (IRC) section 501 (c) (3) # 82-1268411)

Free Entry

Only For Ladies

## 17th Annual Women Festival

## Tiyaan Teej Diyan



ਤੀਆਂ ਤੀਜ ਦੀਆਂ

**August 9th, Saturday, 2025**
(2.00pm to 6.00 pm)

ਐਲਕ ਗਰੋਵ ਪਾਰਕ ਵਿਚ
9 ਅਗਸਤ 2025
ਦਿਨ ਸ਼ਨੀਵਾਰ
(ਦੁਪਹਿਰ 2.00 ਤੋਂ ਸ਼ਾਮ 6.00 ਵਜੇ ਤੱਕ)

**August 9th, Saturday, 2025 (2.00pm to 6.00 pm)**
**at Elk Grove Regional Park**

Attractions : Gidha, Bhangra, Duets, Folk Song, Open Gidha with Dhol & Dholki, Mehndi, Boutiques, Jewellery much more.



ਗੀਤ, ਸੰਗੀਤ, ਗਿੱਧਾ, ਬੋਲੀਆਂ, ਡੀ.ਜੇ. ਤੋਂ ਇਲਾਵਾ ਹੋਰ ਵੀ ਬਹੁਤ ਸਾਰੀਆਂ ਮਨੋਰੰਜਕ ਆਈਟਮਾਂ

Designed By Punjab Mail USA

*Team Enter and Information*

**916-240-6969, 916-753-5933, 916-897-4414**

Elk Grove Regional Park, 9950 Elk Grove Florin Rd, Elk Grove CA 95624

ਛਬੀਲ
Satvir Singh Bajwa
Parmjit Kaur Bajwa

TV Coverage by PUNJAB MAIL USA TV Channel

Sponsor FIVE STAR BANK

**Sponsors :** Lakhwinder Kaur (Five Star Bank), Gurjatinder Singh Randhawa (Realtor), Punjab Mail USA (TV and Newspaper), Gulinder and Parneet Gill (Dennys), Gurmeet Singh and Harjinder Waraich, Randhir Singh Dhira Nijjar (Camp Logistics), Bhupinder and Candy Sanghera (Chevron), Parminder Singh and Kamal Atwal (Trucking), Bakhsho Kaur Visla (LA Merchant, Yuba City), Gurbir Singh Eldy and Sonia Randhwa (Chevrons), Jasbir Singh and Rajwant Rosy Sandhu Roseville, Johny Bagga (Bagga Jewelers, Sacramento), Parm Takhar (Yuba City Teeyan)


CALIFORNIA KABADDI FEDERATION OF USA
ਕੈਲੀਫੋਰਨੀਆ ਕਬੱਡੀ ਫੈਡਰੇਸ਼ਨ ਆਫ ਅਮਰੀਕਾ ਵੱਲੋਂ
ਤੀਰਥ ਸਿੰਘ ਗਾਖਲ
ਨੂੰ ਨਵਾਂ ਪ੍ਰਧਾਨ ਨਿਯੁਕਤ ਕੀਤੇ ਜਾਣ 'ਤੇ
ਲੱਖ-ਲੱਖ ਵਧਾਈਆਂ
ਉਮੀਦ ਕਰਦੇ ਹਾਂ ਕਿ ਇਨ੍ਹਾਂ ਦੀ ਨਿਯੁਕਤੀ ਨਾਲ ਮਾਂ-ਜਾਈ ਖੇਡ ਕਬੱਡੀ ਅਮਰੀਕਾ ਭਰ ਵਿਚ ਹੋਰ ਵੀ ਬੁਲੰਦੀਆਂ ਛੂਹੇਗੀ।
Tirath Singh Gakhal
ਵੱਲੋਂ
ਇਕਬਾਲ ਸਿੰਘ ਗਾਖਲ
ਪਲਵਿੰਦਰ ਸਿੰਘ ਗਾਖਲ
ਅਮੋਲਕ ਸਿੰਘ ਗਾਖਲ
ਕਬੱਡੀ ਪ੍ਰਮੋਟਰ
A&I Watsonville, CA
GAKHAL GROUP
GB
Designed By Punjab Mail USA
123, E LEE ROAD WATSONVILLE, CA 95076


CALIFORNIA KABADDI
FEDERATION OF USA
ਕੈਲੀਫੋਰਨੀਆ ਕਬੱਡੀ ਫੈਡਰੇਸ਼ਨ
ਆਫ ਅਮਰੀਕਾ ਵੱਲੋਂ
ਤੀਰਥ ਸਿੰਘ ਗਾਖਲ
ਨੂੰ ਸਰਬਸੰਮਤੀ ਨਾਲ
ਨਵਾਂ ਪ੍ਰਧਾਨ ਬਣਾਏ ਜਾਣ
'ਤੇ ਲੱਖ-ਲੱਖ ਵਧਾਈਆਂ।
Tirath Singh
Gakhal
Designed By Punjab Mail USA
ਉਮੀਦ ਕਰਦੇ ਹਾਂ ਕਿ ਤੀਰਥ ਸਿੰਘ ਗਾਖਲ ਦੀ
ਨਿਯੁਕਤੀ ਅਮਰੀਕਾ ਭਰ 'ਚ ਮਾਂ-ਜਾਈ ਖੇਡ
ਕਬੱਡੀ ਨੂੰ ਹੋਰ ਵੀ ਬੁਲੰਦੀਆਂ 'ਤੇ ਲਿਜਾਏਗੀ।
ਵੱਲੋਂ
ਪਾਲ ਸਿਹੋਤਾ
ਪ੍ਰਧਾਨ, ਵੈਸਟ ਕੋਸਟ ਇੰਡੀਅਨ ਓਵਰਸੀਜ਼ ਕਾਂਗਰਸ
Royal Express, INC, Smartway Express INC, Smartway Logestic INC
3545, East Date Ave. Fresno CA


CALIFORNIA KABADDI FEDERATION OF USA
ਤੀਰਥ ਸਿੰਘ ਗਾਖਲ
ਨੂੰ ਕੈਲੀਫੋਰਨੀਆ ਕਬੱਡੀ
ਫੈਡਰੇਸ਼ਨ ਆਫ ਅਮਰੀਕਾ
ਦਾ ਪ੍ਰਧਾਨ ਬਣਨ 'ਤੇ
ਲੱਖ-ਲੱਖ ਵਧਾਈ
Tirath Singh Gakhal
ਉਮੀਦ ਕਰਦੇ ਹਾਂ ਕਿ ਤੀਰਥ ਸਿੰਘ ਗਾਖਲ
ਦੀ ਨਿਯੁਕਤੀ ਨਾਲ ਕਬੱਡੀ ਖੇਡ ਅਮਰੀਕਾ
ਭਰ 'ਚ ਹੋਰ ਵੀ ਬੁਲੰਦੀਆਂ ਛੂਹੇਗੀ।
ਵੱਲੋਂ
ਸੁਰਿੰਦਰ ਸਿੰਘ ਨਿੱਝਰ
ਅੰਮ੍ਰਿਤਪਾਲ ਸਿੰਘ ਨਿੱਝਰ
ਨਿੱਝਰ ਬ੍ਰਦਰਜ਼
TRANSCORP
Hiring Owner Operators & Drivers
Designed By Punjab Mail USA

 ਪੰਜਾਬ ਮੇਲ USA



Direct Access to Your Banker
FIVE STAR BANK PROUDLY SUPPORTS THE INTERNATIONAL PUNJABI CULTURE ACADEMY!
FIVE STAR BANK
How can we help you?
LAKHWINDER KAUR
SVP / Sacramento Valley Market President
lkaur@fivestarbank.com | 916-627-8297
fivestarbank.com
EQUAL HOUSING LENDER
Member FDIC


SANJHA PUNJAB & AMRIT BOTHERS ENTERTAINMENT
PROUDLY PRESENTS
SANJHA ਪੰਜਾਬ USA
JOGI LIVE
LIVE IN CONCERT
STOCKTON
KANWAR GREWAL
SUNDAY
17 AUGUST
Time : 8.00 PM
THE BOB HOPE THEATRE
242 E Mains St. Stockton, CA 95202
Tickets on
ticketmaster
Ticket price
$29, $69 vip vvip
For More Info & Tickets Please Contact
SURINDER MAHAY
408-620-2470
BALWINDER S. BAJWA
516-852-2222
SANTOKH JUDGE
925-487-4679

# ਬੱਚਿਆਂ ਨਾਲ ਜਿਨਸੀ ਸੋਸ਼ਣ ਦੇ ਮਾਮਲੇ 'ਚ ਇਕ ਭਾਰਤੀ ਸਮੇਤ 12 ਗ੍ਰਿਫ਼ਤਾਰ



ਸੁਧਾਕਰ ਗੋਗਿਰੈਡੀ

ਸੈਕਰਾਮੈਂਟੋ, (ਹੁਸਨ ਲੜੋਆ ਬੰਗਾ/ਪੰਜਾਬ ਮੇਲ)- ਬੱਚਿਆਂ ਨਾਲ ਜਿਨਸੀ ਸੋਸ਼ਣ ਕਰਨ ਦੇ ਮਾਮਲੇ ਵਿਚ ਬਹੁ-ਏਜੰਸੀ ਸਟਿੰਗ "ਆਪਰੇਸ਼ਨ ਫੈਨਟਾਮ ਵਿਸਪਰ" ਤਹਿਤ ਚੇਰੋਕੀ ਕਾਊਂਟੀ ਵਿਚ ਇਕ ਭਾਰਤੀ ਸਮੇਤ 12 ਵਿਅਕਤੀਆਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ। ਗ੍ਰਿਫਤਾਰ ਭਾਰਤੀ ਦੀ ਪਛਾਣ 34 ਸਾਲਾ ਸੁਧਾਕਰ ਗੋਗਿਰੈਡੀ ਵਜੋਂ ਹਈ ਹੈ, ਜੋ ਅਲਫਾਰੇਟਾ ਦਾ ਵਸਨੀਕ ਹੈ। ਤਿੰਨ ਦਿਨ ਚੱਲੇ ਆਪੇਰਸ਼ਨ ਤਹਿਤ ਜਾਂਚਕਾਰਾਂ ਨੇ ਆਨਲਾਈਨ ਸ਼ੱਕੀ ਲੋਕਾਂ ਨਾਲ ਮੀਟਿੰਗ ਕਰਵਾਉਣ ਲਈ ਆਪਣੇ ਆਪ ਨੂੰ ਘੱਟ ਉਮਰ ਦੀਅ ਲੜਕੀਆਂ ਵਜੋਂ ਪੇਸ਼ ਕੀਤਾ। ਗੋਗਿਰੈਡੀ ਵਿਰੁੱਧ ਸੈਕਸ ਦੇ ਮੰਤਵ ਨਾਲ ਇੱਕ ਵਿਅਕਤੀ ਦੀ ਤਸਕਰੀ ਕਰਨ ਸਮੇਤ ਹੋਰ ਕਈ ਦੋਸ਼ ਲਾਏ ਗਏ ਹਨ। ਇਸ ਸਮੇਂ ਉਹ ਬਿਨਾਂ ਬਾਂਡ ਆਈ.ਸੀ.ਈ. ਦੀ ਹਿਰਾਸਤ ਵਿਚ ਹੈ। ਸਟਿੰਗ ਆਪਰੇਸ਼ਨ ਚੇਰੋਕੀ ਸ਼ੈਰਿਫ ਦਫਤਰ ਦੀ ਅਗਵਾਈ ਵਿਚ ਹੋਮਲੈਂਡ ਸਕਿਉਰਿਟੀ ਇਨਵੈਸਟੀਗੇਸ਼ਨ ਐਟਲਾਂਟਾ, ਗਵਿਨੈਟ ਕਾਊਂਟੀ ਪੁਲਿਸ, ਕੋਬ ਕਾਊਂਟੀ ਸ਼ੈਰਿਫ ਦਫਤਰ, ਗਰੋਵਟਾਊਨ ਪੁਲਿਸ ਵਿਭਾਗ ਤੇ ਜਾਰਜੀਆ ਬਿਊਰੋ ਆਫ ਇਨਵੈਸਟੀਗੇਸ਼ਨ ਦੇ ਸਹਿਯੋਗ ਨਾਲ ਕੀਤਾ ਗਿਆ।

## ਟਰੰਪ ਪ੍ਰਸ਼ਾਸਨ ਵੱਲੋਂ ਮਾਨਵੀ ਗ੍ਰਾਂਟਾਂ ਨੂੰ ਰੱਦ ਕਰਨ ਵਿਰੁੱਧ ਅਸਥਾਈ ਰੋਕ

ਵਾਸ਼ਿੰਗਟਨ, (ਪੰਜਾਬ ਮੇਲ)-ਨਿਊਯਾਰਕ 'ਚ ਇਕ ਜ਼ਿਲ੍ਹਾ ਅਦਾਲਤ ਦੇ ਜੱਜ ਨੇ ਸ਼ੁੱਕਰਵਾਰ ਰਾਤ ਨੂੰ ਨੈਸ਼ਨਲ ਐਂਡੋਮੈਂਟ ਫਾਰ ਦਿ ਹਿਊਮੈਨਿਟੀਜ਼ ਦੀਆਂ ਆਥਰਜ਼ ਗਿਲਡ ਦੇ ਮੈਂਬਰਾਂ ਨੂੰ ਦਿੱਤੀਆਂ ਗਈਆਂ ਗ੍ਰਾਂਟਾਂ ਨੂੰ ਵੱਡੇ ਪੱਧਰ 'ਤੇ ਰੱਦ ਕਰਨ 'ਤੇ ਮੁੱਢਲੀ ਰੋਕ ਲਗਾ ਦਿੱਤੀ ਹੈ। ਇਹ ਰੋਕ ਇਸ ਆਧਾਰ 'ਤੇ ਲਗਾਈ ਗਈ ਹੈ ਕਿ ਇਸ ਨਾਲ ਉਨ੍ਹਾਂ ਦੇ ਪਹਿਲੇ ਸੋਧ ਅਧਿਕਾਰਾਂ ਦੀ ਉਲੰਘਣਾ ਹੋਈ ਹੈ। ਨਿਊਯਾਰਕ ਦੇ ਦੱਖਣੀ ਜ਼ਿਲ੍ਹੇ ਵਿਚ ਯੂ.ਐੱਸ. ਜ਼ਿਲ੍ਹਾ ਅਦਾਲਤ ਦੀ ਜੱਜ ਕੌਲੀਨ ਮੈਕਮੋਹਨ ਨੇ ਗਿਲਡ ਦੇ ਮੈਂਬਰਾਂ ਨੂੰ ਪਹਿਲਾਂ ਤੋਂ ਦਿੱਤੀਆਂ ਗਈਆਂ ਗ੍ਰਾਂਟਾਂ ਨੂੰ ਵੱਡੇ ਪੱਧਰ 'ਤੇ ਰੱਦ ਕਰਨ 'ਤੇ ਰੋਕ ਲਗਾ ਦਿੱਤੀ ਅਤੇ ਹੁਕਮ ਦਿੱਤਾ ਕਿ ਕੇਸ ਦੀ ਸੁਣਵਾਈ ਹੋਣ ਤੱਕ ਗ੍ਰਾਂਟਾਂ ਨਾਲ ਜੁੜੇ ਕਿਸੇ ਵੀ ਫੰਡ ਨੂੰ ਦੁਬਾਰਾ ਵੰਡਿਆ ਨਾ ਜਾਵੇ।

# ਸਿੱਖ ਕਾਰੋਬਾਰੀ ਹੱਤਿਆ ਮਾਮਲਾ; ਕੈਨੇਡਾ ਪੁਲਿਸ ਵੱਲੋਂ ਤੀਜਾ ਦੋਸ਼ੀ ਗ੍ਰਿਫ਼ਤਾਰ



ਟੋਰਾਂਟੋ, (ਪੰਜਾਬ ਮੇਲ)- ਇਸ ਸਾਲ ਮਈ ਮਹੀਨੇ ਇੱਕ ਇੰਡੋ-ਕੈਨੇਡੀਅਨ ਸਿੱਖ ਕਾਰੋਬਾਰੀ ਹਰਜੀਤ ਢੱਡਾ ਦੇ ਦਿਨ ਦਿਹਾੜੇ ਹੋਏ ਕਤਲ ਦੇ ਸਬੰਧ ਵਿਚ ਕੈਨੇਡੀਅਨ ਪੁਲਿਸ ਨੇ ਤੀਜੇ ਵਿਅਕਤੀ ਨੂੰ ਗ੍ਰਿਫ਼ਤਾਰ ਕੀਤਾ ਹੈ। ਵੀਰਵਾਰ ਨੂੰ ਇੱਕ ਬਿਆਨ ਵਿਚ ਪੀਲ ਰੀਜਨਲ ਪੁਲਿਸ (ਪੀ.ਆਰ.ਪੀ.) ਨੇ ਐਲਾਨ ਕੀਤਾ ਕਿ ਡੈਲਟਾ ਪੁਲਿਸ ਦੀ ਸਹਾਇਤਾ ਨਾਲ 22 ਸਾਲਾ ਸ਼ਾਹੀਲ ਨੂੰ 15 ਜੁਲਾਈ ਨੂੰ ਬ੍ਰਿਟਿਸ਼ ਕੋਲੰਬੀਆ ਦੇ ਸਰੀ ਵਿਚ ਗ੍ਰਿਫ਼ਤਾਰ ਕੀਤਾ ਗਿਆ। ਦੋਸ਼ੀ ਡੈਲਟਾ ਸ਼ਹਿਰ ਦਾ ਵਸਨੀਕ ਹੈ। ਉਸਨੂੰ ਓਨਟਾਰੀਓ ਵਾਪਸ ਲਿਆਂਦਾ ਗਿਆ ਅਤੇ ਉਸ 'ਤੇ ਪਹਿਲੀ ਡਿਗਰੀ ਕਤਲ ਦਾ ਦੋਸ਼ ਲਗਾਇਆ ਗਿਆ। ਇਹ ਦੋਸ਼ ਮਿਸੀਸਾਗਾ ਦੇ ਗੁਆਂਢੀ ਟਾਊਨਸ਼ਿਪ ਵਿਚ ਪਾਰਕਿੰਗ ਵਿਚ ਬਰੈਂਪਟਨ ਦੇ ਵਸਨੀਕ 51 ਸਾਲਾ ਢੱਡਾ ਦੀ ਹੱਤਿਆ ਨਾਲ ਸਬੰਧਤ ਹੈ, ਜੋ 14 ਮਈ ਨੂੰ ਵਾਪਰੀ ਸੀ। ਢੱਡਾ ਨੂੰ ਇੱਕ ਸਥਾਨਕ ਹਸਪਤਾਲ ਲਿਜਾਇਆ ਗਿਆ, ਜਿੱਥੇ ਸੱਟਾਂ ਦੀ ਤਾਬ ਨਾ ਝੱਲਦਿਆਂ ਉਸਦੀ ਮੌਤ ਹੋ ਗਈ। ਸਥਾਨਕ ਨੈੱਟਵਰਕ ਓਮਨੀ ਨੇ ਉਸ ਸਮੇਂ ਰਿਪੋਰਟ ਦਿੱਤੀ ਸੀ ਕਿ ਢੱਡਾ ਨੂੰ ਜਬਰੀ ਵਸੂਲੀ ਲਈ ਨਿਸ਼ਾਨਾ ਬਣਾਇਆ ਗਿਆ ਸੀ ਪਰ ਉਸਨੇ ਪੈਸੇ ਦੇਣ ਤੋਂ ਇਨਕਾਰ ਕਰ ਦਿੱਤਾ ਸੀ।

ਕਤਲ ਸਮੇਂ ਪੁਲਿਸ ਦਾ ਮੰਨਣਾ ਸੀ ਕਿ ਇਹ "ਇੱਕ ਨਿਸ਼ਾਨਾ ਗੋਲੀਬਾਰੀ" ਸੀ। ਇਸ ਤੋਂ ਪਹਿਲਾਂ 28 ਮਈ ਨੂੰ ਪੁਲਿਸ ਨੇ ਢੱਡਾ ਦੇ ਕਤਲ ਦੇ ਸਬੰਧ ਵਿਚ ਦੋ 21 ਸਾਲਾ ਨੌਜਵਾਨਾਂ ਨੂੰ ਗ੍ਰਿਫ਼ਤਾਰ ਕੀਤਾ ਸੀ। ਉਨ੍ਹਾਂ ਦੀ ਪਛਾਣ ਸਿਰਫ਼ ਅਮਨ ਅਮਨ ਅਤੇ ਦਿਗਵਿਜੈ ਦਿਗਵਿਜੈ ਵਜੋਂ ਹੋਈ। ਉਨ੍ਹਾਂ 'ਤੇ ਪਹਿਲੀ ਡਿਗਰੀ ਕਤਲ ਦੇ ਦੋਸ਼ ਵੀ ਲੱਗੇ ਹਨ।

ਪੀ.ਆਰ.ਪੀ. ਦੇ ਡਿਪਟੀ ਚੀਫ਼ ਨਿੱਕ ਮਿਲਿਨੋਵਿਚ ਨੇ ਕਿਹਾ, "ਇਹ ਤਾਜ਼ਾ ਗ੍ਰਿਫ਼ਤਾਰੀ ਸਾਡੇ ਭਾਈਚਾਰੇ ਨੂੰ ਨਿਸ਼ਾਨਾ ਬਣਾਉਣ ਲਈ ਜ਼ਿੰਮੇਵਾਰ ਲੋਕਾਂ ਨੂੰ ਜਵਾਬਦੇਹ ਬਣਾਉਣ ਦੀ ਸਾਡੀ ਵਚਨਬੱਧਤਾ ਨੂੰ ਹੋਰ ਮਜ਼ਬੂਤ ਕਰਦੀ ਹੈ। ਅਸੀਂ ਬ੍ਰਿਟਿਸ਼ ਕੋਲੰਬੀਆ ਵਿਚ ਸਾਡੇ ਪੁਲਿਸਿੰਗ ਭਾਈਵਾਲਾਂ ਦੇ ਨਿਰੰਤਰ ਸਮਰਥਨ ਲਈ ਧੰਨਵਾਦੀ ਹਾਂ"।

# ਟਰੰਪ ਦੀ ਸਖ਼ਤੀ ਕਾਰਨ ਭਾਰਤੀ ਪ੍ਰਵਾਸੀਆਂ ਦੀ ਗਿਣਤੀ 'ਚ 50 ਪ੍ਰਤੀਸ਼ਤ ਕਮੀ ਆਉਣ ਦੀ ਸੰਭਾਵਨਾ!

ਵਾਸ਼ਿੰਗਟਨ ਡੀ.ਸੀ., (ਪੰਜਾਬ ਮੇਲ)- ਰਾਸ਼ਟਰਪਤੀ ਡੋਨਾਲਡ ਟਰੰਪ ਦੀ ਸਖ਼ਤ ਨੀਤੀਆਂ ਕਾਰਨ ਅਮਰੀਕਾ ਵਿਚ ਭਾਰਤੀਆਂ ਦੇ ਦਾਖਲੇ ਵਿਚ ਵੱਡੀ ਬ੍ਰੇਕ ਲੱਗਣ ਦੀ ਸੰਭਾਵਨਾ ਹੈ। ਇਮੀਗ੍ਰੇਸ਼ਨ ਪਾਲਿਸੀ ਇੰਸਟੀਚਿਊਟ ਦੀ ਇੱਕ ਰਿਪੋਰਟ ਅਨੁਸਾਰ ਨਵੰਬਰ 2028 ਤੱਕ ਟਰੰਪ ਦੇ ਸ਼ਾਸਨਕਾਲ ਦੌਰਾਨ ਭਾਰਤੀ ਪ੍ਰਵਾਸੀਆਂ ਦੀ ਗਿਣਤੀ ਵਿਚ 50 ਪ੍ਰਤੀਸ਼ਤ ਦੀ ਕਮੀ ਆਉਣ ਦੀ ਸੰਭਾਵਨਾ ਹੈ। ਵਰਤਮਾਨ ਵਿਚ ਭਾਰਤ ਤੋਂ ਹਰ ਸਾਲ ਲਗਭਗ 7.5 ਲੱਖ ਪ੍ਰਵਾਸੀ ਅਮਰੀਕਾ ਵਿਚ ਦਾਖਲ ਹੋ ਰਹੇ ਹਨ। ਇਨ੍ਹਾਂ ਵਿਚੋਂ ਲਗਭਗ 3.31 ਲੱਖ ਨੂੰ ਵਿਦਿਆਰਥੀ ਵੀਜ਼ਾ, 2 ਲੱਖ ਨੂੰ ਵਰਕ ਵੀਜ਼ਾ, 50 ਹਜ਼ਾਰ ਨੂੰ ਨਾਗਰਿਕਤਾ ਅਤੇ 1.71 ਲੱਖ ਨੂੰ ਗ੍ਰੀਨ ਕਾਰਡ ਮਿਲਦਾ ਹੈ। ਇੰਸਟੀਚਿਊਟ ਦੀ ਪ੍ਰੋਫੈਸਰ ਮੈਡੇਲੀਨ ਗ੍ਰੀਨ ਦਾ ਕਹਿਣਾ ਹੈ ਕਿ ਇਹ ਖਦਸ਼ਾ ਟਰੰਪ ਦੇ ਹੁਣ ਤੱਕ ਦੇ ਵੀਜ਼ਾ ਡੇਟਾ ਰਿਲੀਜ਼ ਦੇ ਆਧਾਰ 'ਤੇ ਇਮੀਗ੍ਰੇਸ਼ਨ ਮਾਡਲ ਤੋਂ ਸਾਹਮਣੇ ਆਇਆ ਹੈ।

ਅਮਰੀਕਾ ਵਿਚ ਭਾਰਤੀ ਵਿਦਿਆਰਥੀਆਂ ਦੀ ਗਿਣਤੀ ਵਿਚ ਗਿਰਾਵਟ ਦਾ ਅਸਰ ਦਿਖਣਾ ਸ਼ੁਰੂ ਹੋ ਗਿਆ ਹੈ। 2024 ਦੇ ਮੁਕਾਬਲੇ ਹੁਣ ਤੱਕ ਸਿਰਫ਼ 1.5 ਲੱਖ ਵਿਦਿਆਰਥੀ ਹੀ ਅਮਰੀਕਾ ਵਿਚ ਦਾਖਲਾ ਲੈ ਸਕੇ ਹਨ। ਇਸਦਾ ਵੱਡਾ ਕਾਰਨ ਟਰੰਪ ਵੱਲੋਂ ਸੋਸ਼ਲ ਮੀਡੀਆ ਪ੍ਰੋਫਾਈਲਾਂ ਦੀ ਜਾਂਚ, ਸਖ਼ਤ ਵੀਜ਼ਾ ਨਿਯਮ ਅਤੇ ਲੰਬੇ ਸਮੇਂ ਤੋਂ ਵਿਦਿਆਰਥੀ ਵੀਜ਼ਾ ਇੰਟਰਵਿਊ 'ਤੇ ਪਾਬੰਦੀ ਸ਼ਾਮਲ ਹੈ।

ਵਰਕ ਵੀਜ਼ਿਆਂ ਵਿਚ ਵੀ ਗਿਰਾਵਟ ਆਉਣ ਦੀ ਸੰਭਾਵਨਾ ਹੈ। ਪਿਛਲੇ ਸਾਲ ਵਰਕ ਵੀਜ਼ਾ ਸ਼੍ਰੇਣੀ ਵਿਚ ਕੁੱਲ 2 ਲੱਖ ਵਿਚੋਂ ਭਾਰਤੀਆਂ ਨੂੰ 72 ਹਜ਼ਾਰ ਐੱਚ-1ਬੀ ਵੀਜ਼ੇ ਮਿਲੇ ਸਨ, ਜਦੋਂਕਿ ਸਤੰਬਰ 2025 ਤੋਂ ਨਵੀਂ ਐੱਚ-1ਬੀ ਵੀਜ਼ਾ ਵਿੰਡੋ ਵਿਚ ਗਿਰਾਵਟ ਆਉਣ ਦੀ ਸੰਭਾਵਨਾ ਹੈ। ਅਮਰੀਕਾ ਵਿਚ ਹੁਣ ਤੱਕ ਐੱਚ-1ਬੀ ਵੀਜ਼ਿਆਂ ਵਿਚ ਭਾਰਤੀਆਂ ਦਾ ਹਿੱਸਾ ਸਭ ਤੋਂ ਵੱਧ ਹੈ। ਅਮਰੀਕਨ ਇਮੀਗ੍ਰੇਸ਼ਨ ਕੌਂਸਲ ਦੇ ਸੀਨੀਅਰ ਫੈਲੋ ਐਰੋਨ ਮੇਲਨਿਕ ਦਾ ਕਹਿਣਾ ਹੈ ਕਿ ਟਰੰਪ ਦੀ 'ਅਮਰੀਕਾ ਫਸਟ' ਨੀਤੀ ਇਸ ਗਿਰਾਵਟ ਦਾ ਸਭ ਤੋਂ ਵੱਡਾ ਕਾਰਨ ਹੈ। ਟਰੰਪ ਅਮਰੀਕਾ ਵਿਚ ਉਦਯੋਗ ਸਥਾਪਤ ਕਰਨ ਦੇ ਨਾਮ 'ਤੇ ਇਮੀਗ੍ਰੇਸ਼ਨ ਵੀਜ਼ਾ ਕੋਟੇ ਦੀ ਵਰਤੋਂ ਕਰਨਗੇ।


Dr. Sukhsimranjit Singh
LL.M., Ph.D
Mediator & Arbitrator, JAMS
Winner of SCMA Peacemaker Award.
Former: Dean of Straus Institute,
Pepperdine University; Faculty member of
Hamline University & Willamette University.
Founder of www.singhacademy.com



ARE YOU CURRENTLY FACING CIVIL, BUSINESS, FAMILY, CONTRACTUAL OR PROPERTY DISPUTES?
For Mediation Services, Contact Office Manager :
Julie McCool Email: jmccool@jamsadr.com
Call : +1 503 910 8767
www.singhadr.com
Mediation - ◇ Save Money ◇ Save Time ◇ Save Your relationship
• LOS ANGELES 555 W 5th St
• SAN FRANCISCO 2 Embarcadero Center
• SACRAMENTO 2 Embarcadero 1415 L St # 700
• VISALIA 1300 W Main Street
• NEW YORK 1414 6th Ave

# ਰੂਸ 'ਚ 8.8 ਤੀਬਰਤਾ ਦੇ ਭੂਚਾਲ ਤੋਂ ਬਾਅਦ ਸੁਨਾਮੀ ਦੀ ਚਿਤਾਵਨੀ

- ਅਮਰੀਕਾ ਦੇ ਅਲਾਸਕਾ ਅਤੇ ਹਵਾਈ, ਜਾਪਾਨ ਅਤੇ ਨਿਊਜ਼ੀਲੈਂਡ 'ਚ ਵੀ ਸੁਨਾਮੀ ਦਾ ਅਲਰਟ
- ਜਪਾਨ ਨੇ ਇਹਤਿਆਤ ਵਜੋਂ ਫੁਕੂਸ਼ੀਮਾ ਵਿਚਲੇ ਪਰਮਾਣੂ ਰਿਐਕਟਰ ਨੂੰ ਖਾਲੀ ਕਰਵਾਇਆ



ਰੂਸ ਦੇ ਪੇਤਰੋਪਾਵਲੋਵਸਕ-ਕਾਮਚੈਟਸਕੀ 'ਚ ਭੂਚਾਲ ਨਾਲ ਨੁਕਸਾਨੇ ਗਏ ਇੱਕ ਕਿੰਡਰਗਾਰਟਨ ਦਾ ਮੁਆਇਨਾ ਕਰਦੇ ਹੋਏ ਬਚਾਅ ਕਰਮੀ।

**ਟੋਕੀਓ, (ਪੰਜਾਬ ਮੇਲ)**- ਰੂਸ ਦੇ ਪੂਰਬ 'ਚ ਬੁੱਧਵਾਰ ਤੜਕੇ ਕਾਮਚਟਕਾ ਪ੍ਰਾਇਦੀਪ ਨੇੜੇ 8.8 ਤੀਬਰਤਾ ਦੇ ਭੂਚਾਲ ਕਾਰਨ ਉੱਤਰੀ ਪ੍ਰਸ਼ਾਂਤ ਵਿਚ ਚਾਰ-ਚਾਰ ਫੁੱਟ ਉੱਚੀਆਂ ਸੁਨਾਮੀ ਦੀਆਂ ਲਹਿਰਾਂ ਆਈਆਂ, ਜਿਸ ਮਗਰੋਂ ਅਮਰੀਕਾ ਦੇ ਅਲਾਸਕਾ ਅਤੇ ਹਵਾਈ, ਜਾਪਾਨ ਅਤੇ ਨਿਊਜ਼ੀਲੈਂਡ ਦੇ ਦੱਖਣ ਵਿਚ ਚੇਤਾਵਨੀ ਜਾਰੀ ਕੀਤੀ ਗਈ ਹੈ। ਜਪਾਨ ਨੇ ਇਹਤਿਆਤ ਵਜੋਂ ਫੂਕੂਸ਼ੀਮਾ ਵਿਚਲੇ ਪਰਮਾਣੂ ਰਿਐਕਟਰ ਨੂੰ ਖਾਲੀ ਕਰਵਾ ਲਿਆ ਹੈ। ਭੂਚਾਲ ਭਾਰਤੀ ਸਮੇਂ ਅਨੁਸਾਰ ਸਵੇਰੇ ਪੰਜ ਵਜੇ ਦੇ ਕਰੀਬ ਆਇਆ ਤੇ ਭੂਚਾਲ ਦਾ ਕੇਂਦਰ ਸਮੁੰਦਰ ਵਿਚ 19 ਕਿਲੋਮੀਟਰ ਦੀ ਡੂੰਘਾਈ ਵਿਚ ਸੀ। ਇਹ ਭੂਚਾਲ ਮਾਰਚ 2011 ਦੇ ਭੂਚਾਲ ਤੋਂ ਬਾਅਦ ਦੁਨੀਆਂ ਵਿਚ ਆਇਆ ਸਭ ਤੋਂ ਸ਼ਕਤੀਸ਼ਾਲੀ ਭੂਚਾਲ ਜਾਪਦਾ ਹੈ। ਮਾਰਚ 2011 ਵਿਚ ਉੱਤਰ-ਪੂਰਬੀ ਜਾਪਾਨ ਵਿਚ ਆਏ ਭੂਚਾਲ ਦੀ ਤੀਬਰਤਾ 9.0 ਸੀ ਅਤੇ ਇਸ ਨਾਲ ਇੱਕ ਵੱਡੀ ਸੁਨਾਮੀ ਆਈ, ਜਿਸ ਨੇ ਫੂਕੂਸ਼ੀਮਾ ਦਾਇਚੀ ਪਰਮਾਣੂ ਊਰਜਾ ਪਲਾਂਟ ਦੇ ਕੂਲਿੰਗ ਸਿਸਟਮ ਨੂੰ ਤਬਾਹ ਕਰ ਦਿੱਤਾ ਸੀ।

ਹਵਾਈ ਦੀ ਰਾਜਧਾਨੀ ਹੋਨੋਲੂਲੂ 'ਚ ਸੁਨਾਮੀ ਦੀ ਚੇਤਾਵਨੀ ਦੇਣ ਵਾਲੇ ਸਾਇਰਨ ਵੱਜੇ ਅਤੇ ਲੋਕਾਂ ਨੂੰ ਉੱਚੀਆਂ ਥਾਵਾਂ 'ਤੇ ਜਾਣ ਦੀ ਹਦਾਇਤ ਕੀਤੀ ਗਈ। ਜਾਪਾਨ ਦੀ ਮੌਸਮ ਵਿਗਿਆਨ ਏਜੰਸੀ ਨੇ ਕਿਹਾ ਕਿ ਪਹਿਲੀ ਸੁਨਾਮੀ ਲਹਿਰ, ਕਰੀਬ 30 ਸੈਂਟੀਮੀਟਰ ਉੱਚੀ, ਹੋਕਾਈਡੋ ਦੇ ਪੂਰਬੀ ਤੱਟ 'ਤੇ ਨੇਮੂਰੋ ਤੱਕ ਪਹੁੰਚ ਗਈ ਸੀ। ਕਾਮਚਟਕਾ ਪ੍ਰਾਇਦੀਪ ਨੇੜੇ ਰੂਸੀ ਖੇਤਰ ਵਿਚ ਨੁਕਸਾਨ ਅਤੇ ਨਿਕਾਸੀ ਦੀਆਂ ਰਿਪੋਰਟਾਂ ਹਨ, ਜਿੱਥੇ ਭੂਚਾਲ ਦਾ ਕੇਂਦਰ ਸੀ।

ਸਥਾਨਕ ਗਵਰਨਰ ਵੈਲੇਰੀ ਲਿਮਾਰੈਂਕੋ ਨੇ ਕਿਹਾ ਕਿ ਸਥਾਨਕ ਲੋਕ ਸੁਰੱਖਿਅਤ ਹਨ ਅਤੇ ਲਹਿਰਾਂ ਦਾ ਖ਼ਤਰਾ ਟਲ ਜਾਣ ਤੱਕ ਉਹ ਉੱਚੀਆਂ ਥਾਵਾਂ 'ਤੇ ਰਹਿਣਗੇ। ਪ੍ਰਸ਼ਾਂਤ ਸੁਨਾਮੀ ਚੇਤਾਵਨੀ ਕੇਂਦਰ ਨੇ ਕਿਹਾ ਕਿ ਹਵਾਈ, ਚਿਲੀ, ਜਾਪਾਨ ਅਤੇ ਸੋਲੋਮਨ ਟਾਪੂਆਂ ਦੇ ਕੁਝ ਸਾਹਿਲੀ ਖੇਤਰਾਂ 'ਚ ਲਹਿਰਾਂ ਦੇ ਪੱਧਰ ਤੋਂ ਇੱਕ ਤੋਂ ਤਿੰਨ ਮੀਟਰ ਉੱਚੀਆਂ ਲਹਿਰਾਂ ਉੱਠਣ ਦੀ ਸੰਭਾਵਨਾ ਹੈ। ਰੂਸ ਅਤੇ ਇਕੁਆਡੋਰ ਦੇ ਕੁਝ ਸਾਹਿਲੀ ਖੇਤਰਾਂ ਵਿਚ ਤਿੰਨ ਮੀਟਰ ਤੋਂ ਉੱਚੀਆਂ ਲਹਿਰਾਂ ਉੱਠਣ ਦੀ ਉਮੀਦ ਹੈ। ਪ੍ਰਸ਼ਾਂਤ ਸੁਨਾਮੀ ਚੇਤਾਵਨੀ ਕੇਂਦਰ ਨੇ ਕਿਹਾ ਕਿ ਭੂਚਾਲ ਕਾਰਨ ਸੁਨਾਮੀ ਆਈ ਹੈ, ਜਿਸ ਨਾਲ ਸਾਰੇ ਹਵਾਈ ਟਾਪੂਆਂ ਦੇ ਸਾਹਿਲੀ ਖੇਤਰਾਂ ਵਿਚ ਨੁਕਸਾਨ ਹੋਣ ਦੀ ਸੰਭਾਵਨਾ ਹੈ।

ਜਾਪਾਨੀ ਤੇ ਅਮਰੀਕੀ ਭੂਚਾਲ ਵਿਗਿਆਨੀਆਂ ਨੇ ਦੱਸਿਆ ਕਿ ਜਾਪਾਨ ਦੇ ਸਮੇਂ ਮੁਤਾਬਕ ਸਵੇਰੇ 8:25 ਵਜੇ ਆਏ ਭੂਚਾਲ ਦੀ ਮੁੱਢਲੀ ਤੀਬਰਤਾ 8.0 ਸੀ। ਅਮਰੀਕੀ ਭੂਵਿਗਿਆਨੀ ਸਰਵੇਖਣ (ਯੂ.ਐੱਸ.ਜੀ.ਐੱਸ.) ਨੇ ਮਗਰੋਂ ਦੱਸਿਆ ਕਿ ਭੂਚਾਲ ਦੀ ਤੀਬਰਤਾ 8.8 ਸੀ ਤੇ ਇਹ 20.7 ਕਿਲੋਮੀਟਰ ਦੀ ਡੂੰਘਾਈ ਵਿਚ ਸੀ। ਇਹ ਭੂਚਾਲ ਰੂਸੀ ਸ਼ਹਿਰ ਪੇਤਰੋਪਾਵਲੋਵਸਕ-ਕਾਮਚਤਸਕੀ ਤੋਂ ਕਰੀਬ 119 ਕਿਲੋਮੀਟਰ ਦੂਰ ਆਇਆ। ਇਸ ਸ਼ਹਿਰ ਦੀ ਆਬਾਦੀ 180,000 ਹੈ। ਰੂਸੀ ਨਿਊਜ਼ ਏਜੰਸੀ ਨੇ ਭੂਚਾਲ ਦੇ ਕੇਂਦਰ ਨੇੜੇ ਸਭ ਤੋਂ ਵੱਡੇ ਸ਼ਹਿਰ ਪੇਤਰੋਪਾਵਲੋਵਸਕ-ਕਾਮਚਤਸਕੀ ਤੋਂ ਰਿਪੋਰਟ ਦਿੱਤੀ ਕਿ ਬਹੁਤ ਸਾਰੇ ਲੋਕ ਜੁੱਤੀਆਂ ਅਤੇ ਢੁੱਕਵੇਂ ਕੱਪੜਿਆਂ ਤੋਂ ਬਿਨਾਂ ਸੜਕਾਂ 'ਤੇ ਨਿਕਲ ਆਏ। ਘਰਾਂ ਦੇ ਅੰਦਰ ਸ਼ੈਲਫਾਂ ਡਿੱਗ ਪਈਆਂ, ਸ਼ੀਸ਼ੇ ਟੁੱਟ ਗਏ, ਇਮਾਰਤਾਂ ਅਤੇ ਕਾਰਾਂ ਜ਼ੋਰਦਾਰ ਢੰਗ ਨਾਲ ਹਿੱਲ ਗਈਆਂ। ਕਾਮਚਟਕਾ ਖੇਤਰ ਦੀ ਰਾਜਧਾਨੀ ਵਿਚ ਬਿਜਲੀ ਬੰਦ ਹੋਣ ਅਤੇ ਮੋਬਾਈਲ ਫੋਨ ਸੇਵਾ ਠੱਪ ਹੋਣ ਦੀ ਵੀ ਰਿਪੋਰਟ ਹੈ। ਰੂਸੀ ਅਧਿਕਾਰੀ ਦੇ ਹਵਾਲੇ ਨਾਲ ਕਿਹਾ ਗਿਆ ਹੈ ਕਿ ਸਖਾਲਿਨ ਟਾਪੂ ਦੇ ਵਸਨੀਕਾਂ ਨੂੰ ਬਾਹਰ ਕੱਢਿਆ ਜਾ ਰਿਹਾ ਹੈ ਅਤੇ ਐਮਰਜੈਂਸੀ ਸੇਵਾਵਾਂ ਪੂਰੀ ਸਮਰੱਥਾ ਨਾਲ ਕੰਮ ਕਰ ਰਹੀਆਂ ਹਨ।

ਅਲਾਸਕਾ ਵਿਚ ਅਮਰੀਕੀ ਰਾਸ਼ਟਰੀ ਸੁਨਾਮੀ ਚੇਤਾਵਨੀ ਕੇਂਦਰ ਨੇ ਅਲਾਸਕਾ ਅਲੂਸ਼ੀਅਨ ਟਾਪੂਆਂ ਦੇ ਕੁਝ ਹਿੱਸਿਆਂ ਲਈ ਸੁਨਾਮੀ ਦੀ ਚੇਤਾਵਨੀ ਜਾਰੀ ਕੀਤੀ ਅਤੇ ਕੈਲੀਫੋਰਨੀਆ, ਓਰੇਗਨ, ਵਾਸ਼ਿੰਗਟਨ ਅਤੇ ਹਵਾਈ ਸਮੇਤ ਪੱਛਮੀ ਤੱਟ ਦੇ ਕੁਝ ਹਿੱਸਿਆਂ ਲਈ ਅਲਰਟ ਜਾਰੀ ਕੀਤਾ ਗਿਆ ਹੈ। ਇਹ ਚੇਤਾਵਨੀ ਅਲਾਸਕਾ ਦੇ ਸਾਹਿਲ ਦੇ ਇੱਕ ਵੱਡੇ ਹਿੱਸੇ ਨੂੰ ਵੀ ਕਵਰ ਕਰਦੀ ਹੈ।

ਨਿਊਜ਼ੀਲੈਂਡ ਦੇ ਅਧਿਕਾਰੀਆਂ ਨੇ ਦੇਸ਼ ਭਰ ਦੇ ਸਾਹਿਲੀ ਖੇਤਰਾਂ ਲਈ 'ਮਜ਼ਬੂਤ, ਅਸਾਧਾਰਨ ਅਤੇ ਅਚਾਨਕ ਉੱਚੀਆਂ ਲਹਿਰਾਂ' ਦੀ ਚੇਤਾਵਨੀ ਦਿੱਤੀ ਹੈ। ਸਰਕਾਰ ਦੀ ਐਮਰਜੈਂਸੀ ਪ੍ਰਬੰਧਨ ਏਜੰਸੀ ਵੱਲੋਂ ਜਾਰੀ ਚੇਤਾਵਨੀ ਵਿਚ ਕਿਹਾ ਗਿਆ ਹੈ ਕਿ ਲੋਕਾਂ ਨੂੰ ਪਾਣੀ, ਬੀਚਾਂ ਅਤੇ ਸਾਹਿਲੀ ਖੇਤਰਾਂ ਤੋਂ ਦੂਰ ਰਹਿਣ ਦੀ ਸਲਾਹ ਦਿੱਤੀ ਗਈ ਹੈ।

ਨਿਊਜ਼ੀਲੈਂਡ ਦੱਖਣੀ ਪ੍ਰਸ਼ਾਂਤ ਮਹਾਸਾਗਰ ਵਿਚ ਸਥਿਤ ਹੈ ਅਤੇ ਭੂਚਾਲ ਦੇ ਕੇਂਦਰ ਤੋਂ ਲਗਭਗ 6,000 ਮੀਲ ਦੂਰ ਹੈ। ਇਸ ਤੋਂ ਪਹਿਲਾਂ ਜੁਲਾਈ ਵਿਚ, ਕਾਮਚਟਕਾ ਦੇ ਨੇੜੇ ਸਮੁੰਦਰ ਵਿਚ ਪੰਜ ਸ਼ਕਤੀਸ਼ਾਲੀ ਭੂਚਾਲ ਆਏ ਸਨ, ਜਿਨ੍ਹਾਂ ਵਿਚੋਂ ਸਭ ਤੋਂ ਸ਼ਕਤੀਸ਼ਾਲੀ 7.4 ਤੀਬਰਤਾ ਦਾ ਸੀ। ਕਾਮਚਟਕਾ ਵਿਚ 4 ਨਵੰਬਰ, 1952 ਨੂੰ 9.0 ਤੀਬਰਤਾ ਦਾ ਭੂਚਾਲ ਆਇਆ ਸੀ, ਜਿਸ ਨਾਲ ਵਿਆਪਕ ਨੁਕਸਾਨ ਹੋਇਆ ਸੀ।

# ਯੂਰਪੀ ਯੂਨੀਅਨ ਤੇ ਅਮਰੀਕਾ ਵਿਚਾਲੇ ਵਪਾਰ ਸਮਝੌਤਾ ਸਿਰੇ ਚੜ੍ਹਿਆ; ਟਰੰਪ ਵੱਲੋਂ ਐਲਾਨ

- ਯੂਰਪੀ ਵਸਤਾਂ ਉਪਰ 15% ਲੱਗੇਗਾ ਟੈਰਿਫ਼, ਸਟੀਲ ਉਪਰ 50% ਟੈਰਿਫ਼ ਲੱਗੇਗਾ



ਰਾਸ਼ਟਰਪਤੀ ਟਰੰਪ ਤੇ ਯੂਰਪੀ ਯੂਨੀਅਨ ਪ੍ਰਧਾਨ ਲੇਅਨ ਵਿਚਾਲੇ ਹੋਈ ਮੀਟਿੰਗ ਦਾ ਦ੍ਰਿਸ਼।

**ਸੈਕਰਾਮੈਂਟੋ, (ਹੁਸਨ ਲੜੋਆ ਬੰਗਾ/ਪੰਜਾਬ ਮੇਲ)**- ਰਾਸ਼ਟਰਪਤੀ ਡੋਨਾਲਡ ਟਰੰਪ ਨੇ ਐਲਾਨ ਕੀਤਾ ਹੈ ਕਿ ਅਮਰੀਕਾ 'ਤੇ ਯੂਰਪੀ ਯੂਨੀਅਨ ਵਿਚਾਲੇ ਵਪਾਰ ਸਮਝੌਤਾ ਸਿਰੇ ਚੜ੍ਹ ਗਿਆ ਹੈ, ਜਿਸ ਤਹਿਤ ਯੂਰਪੀ ਵਸਤਾਂ ਉਪਰ 15% ਟੈਰਿਫ਼ ਲੱਗੇਗਾ। ਟਰੰਪ ਦੁਆਰਾ ਮਿੱਥੀ ਸਮਾਂ ਸੀਮਾ ਪਹਿਲੀ ਅਗਸਤ ਤੋਂ ਪਹਿਲਾਂ ਸਮਝੌਤਾ ਹੋ ਜਾਣ 'ਤੇ ਦੋਨਾਂ ਦੇਸ਼ਾਂ ਨੇ ਤਸੱਲੀ ਦਾ ਪ੍ਰਗਟਾਵਾ ਕੀਤਾ ਹੈ। ਸਕਾਟਲੈਂਡ ਦੇ ਦੌਰੇ ਦੌਰਾਨ ਟਰੰਪ ਯੂਰਪੀਅਨ ਕਮਿਸ਼ਨ ਦੀ ਪ੍ਰਧਾਨ ਉਰਸੂਲਾ ਵਾਨ ਡੇਰ ਲੇਅਨ ਨੂੰ ਮਿਲੇ, ਜਿਸ ਦੌਰਾਨ ਦੁਪਾਸੜ ਵਿਚਾਰ-ਵਟਾਂਦਰੇ ਉਪਰੰਤ ਸਮਝੌਤੇ ਉਪਰ ਦਸਤਖਤ ਕੀਤੇ ਗਏ। ਯੂਰਪ ਵੱਲੋਂ ਅਮਰੀਕਾ ਨੂੰ ਭੇਜੇ ਜਾਂਦੇ ਜ਼ਿਆਦਾਤਰ ਸਮਾਨ ਉਪਰ 15% ਟੈਰਿਫ਼ ਲੱਗੇਗਾ, ਜੋ ਕਿ ਯੂਰਪੀ ਯੂਨੀਅਨ ਦੀ 10% ਟੈਰਿਫ਼ ਦੀ ਮੰਗ ਨਾਲੋਂ ਜ਼ਿਆਦਾ ਹੈ ਪਰੰਤੂ ਫਿਰ ਵੀ ਟਰੰਪ ਦੇ ਪ੍ਰਸਤਾਵਿਤ 30% ਟੈਰਿਫ਼ ਨਾਲੋਂ ਘੱਟ ਹੈ। ਟਰੰਪ ਨੇ ਚਿਤਾਵਨੀ ਦਿੱਤੀ ਸੀ ਕਿ ਜੇਕਰ ਯੂਰਪੀ ਯੂਨੀਅਨ ਨਾਲ ਵਪਾਰ ਸਮਝੌਤਾ ਨਾ ਹੋਇਆ, ਤਾਂ ਅਮਰੀਕਾ ਇਕਤਰਫ਼ਾ ਯੂਰਪ ਉਪਰ ਪਹਿਲੀ ਅਗਸਤ ਤੋਂ 15% ਟੈਰਿਫ਼ ਲਾਗੂ ਕਰ ਦੇਵੇਗਾ। ਸਮਝੌਤੇ ਅਨੁਸਾਰ ਯੂਰਪੀ ਯੂਨੀਅਨ ਅਮਰੀਕਾ ਵਿਚ 600 ਅਰਬ ਡਾਲਰ ਦਾ ਨਿਵੇਸ਼ ਕਰੇਗਾ ਤੇ 750 ਅਰਬ ਡਾਲਰ ਤੋਂ ਵਧ ਮੁੱਲ ਦੀ ਊਰਜਾ ਅਮਰੀਕਾ ਤੋਂ ਖਰੀਦੇਗਾ। ਟਰੰਪ ਨੇ ਕਿਹਾ ਕਿ ਮੇਰਾ ਵਿਚਾਰ ਹੈ ਕਿ ਦੋਨੋਂ ਧਿਰਾਂ ਸਮਝੌਤਾ ਕਰਨਾ ਚਾਹੁੰਦੀਆਂ ਸਨ ਤੇ ਇਹ ਸਮਝੌਤਾ ਦੋਨਾਂ ਲਈ ਹੀ ਵਧੀਆ ਰਹੇਗਾ। ਕਾਰਾਂ ਸਮੇਤ ਹੋਰ ਵਸਤਾਂ ਉਪਰ 15% ਟੈਰਿਫ਼ ਲੱਗੇਗਾ, ਜਦਕਿ ਸਟੀਲ ਤੇ ਅਲਮੀਨੀਅਮ ਉਪਰ ਪਹਿਲਾਂ ਵਾਂਗ 50% ਟੈਰਿਫ਼ ਲਾਗੂ ਰਹੇਗਾ। ਵਾਨ ਡੇਰ ਲੇਅਨ ਨੇ ਕਿਹਾ ਹੈ ਕਿ "ਵਿਸ਼ਵ ਦੀਆਂ ਦੋ ਵੱਡੀਆਂ ਅਰਥ ਵਿਵਸਥਾਵਾਂ ਵਿਚਾਲੇ ਵਪਾਰ ਸਮਝੌਤਾ ਹੋਇਆ ਹੈ, ਜੋ ਇਕ ਵੱਡਾ ਸਮਝੌਤਾ ਹੈ। ਇਹ ਬਹੁਤ ਵਿਸ਼ਾਲ ਸਮਝੌਤਾ ਹੈ, ਜਿਸ ਨਾਲ ਸਥਿਰਤਾ ਆਵੇਗੀ।"




FOR SALE & PURCHASE OF
ANY KIND OF PROPERTY



RE/MAX
Outstanding Agents
Outstanding Results®
DRE Lic. # 01215931 (Broker)

Gurjatinder S. Randhawa
REALTOR CA DRE licence # 01490567
916-320-9444

# ਸ. ਜਗਰੂਪ ਸਿੰਘ ਸੇਖਵਾਂ ਅਤੇ ਭਾਈ ਮਨਜੀਤ ਸਿੰਘ ਮੈਂਬਰ ਐੱਸ.ਜੀ.ਪੀ.ਸੀ. ਬੱਚਿਆਂ ਦੇ ਖੇਡ ਕੈਂਪ 'ਚ ਪਹੁੰਚੇ

■ ਪ੍ਰਬੰਧਕਾਂ ਵੱਲੋਂ ਕੀਤਾ ਗਿਆ ਮਾਨ-ਸਨਮਾਨ









**ਸਿਆਟਲ, (ਗੁਰਚਰਨ ਸਿੰਘ ਢਿੱਲੋਂ/ਪੰਜਾਬ ਮੇਲ)**- ਬੀਤੇ ਐਤਵਾਰ ਸ. ਜਗਰੂਪ ਸਿੰਘ ਸੇਖਵਾਂ ਇੰਚਾਰਜ ਹਲਕਾ ਕਾਦੀਆਂ ਤੇ ਜਨਰਲ ਸਕੱਤਰ ਪੰਜਾਬ ਆਪ ਪਾਰਟੀ ਅਤੇ ਭਾਈ ਮਨਜੀਤ ਸਿੰਘ ਸਾਬਕਾ ਚੇਅਰਮੈਨ ਪੇਡਾ ਅਤੇ ਮੈਂਬਰ ਐੱਸ.ਜੀ.ਪੀ.ਸੀ. ਅੰਮ੍ਰਿਤਸਰ ਖੇਡ ਕੈਂਪ ਸਿਆਟਲ (ਕੈਂਟ) ਵਿਖੇ ਪਹੁੰਚੇ, ਜਿੱਥੇ ਪ੍ਰਬੰਧਕਾਂ ਵੱਲੋਂ ਉਨ੍ਹਾਂ ਦਾ ਭਰਪੂਰ ਸਵਾਗਤ ਕੀਤਾ ਗਿਆ। ਮੁੱਖ ਬੁਲਾਰੇ ਸ. ਗੁਰਦੀਪ ਸਿੰਘ ਸਿੱਧੂ ਨੇ ਦੋਨਾਂ ਪਰਿਵਾਰਾਂ ਦੀਆਂ ਕੌਮੀ ਸੇਵਾਵਾਂ ਬਾਰੇ ਚਾਨਣਾ ਪਾਇਆ। ਜਗਰੂਪ ਸਿੰਘ ਸੇਖਵਾਂ ਦੇ ਪਿਤਾ ਜੀ ਸਵਰਗਵਾਸੀ ਸਰਦਾਰ ਸੇਵਾ ਸਿੰਘ ਸੇਖਵਾਂ ਦੇ ਪੁੱਤਰ ਹਨ, ਜਿਨ੍ਹਾਂ ਨੇ ਅਕਾਲੀ ਸਰਕਾਰ ਸਮੇਂ ਮਾਲ ਮੰਤਰੀ ਅਤੇ ਸਿੱਖਿਆ ਮੰਤਰੀ ਦੀਆਂ ਸੇਵਾਵਾਂ ਬੜੀ ਨਿਡਰਤਾ ਅਤੇ ਸਮਝਦਾਰੀ ਨਾਲ ਪੂਰੀਆਂ ਕੀਤੀਆਂ। ਅੱਜ ਇਹ ਆਪਣੇ ਹਲਕੇ ਵਿਚ ਪੁਰਜ਼ੋਰ ਮਿਹਨਤ ਕਰ ਰਹੇ ਹਨ।

ਭਾਈ ਮਨਜੀਤ ਨੇ ਕੈਂਪ ਦੀ ਭਰਪੂਰ ਸ਼ਲਾਘਾ ਕੀਤੀ ਤੇ ਕਿਹਾ ਕਿ ਇਹ ਤਾਂ ਤੁਸੀਂ ਪੂਰਾ ਪੰਜਾਬ ਬਣਾ ਕੇ ਕੌਮੀ ਸੇਵਾਵਾਂ ਕਰ ਰਹੇ ਹੋ। ਗੁਰੂ ਦੇ ਸਿੱਖਾਂ ਨੇ ਜਿੱਥੇ ਵੀ ਪੈਂਤੜੇ ਲਾਏ, ਪੂਰੀ ਮਿਹਨਤ ਅਤੇ ਸਮਝਦਾਰੀ ਨਾਲ ਸਿੱਖ ਕੌਮ ਦਾ ਨਾਂ ਰੌਸ਼ਨ ਕੀਤਾ ਹੈ। ਉਹ ਸਾਰੇ ਵੱਖ-ਵੱਖ ਗੁਰੂ ਘਰਾਂ ਵਿਚ ਵੀ ਗਏ ਅਤੇ ਸੰਗਤਾਂ ਨੂੰ ਮਿਲੇ। ਉਹ ਅੱਜਕੱਲ੍ਹ ਸਰਦਾਰ ਬਲਬੀਰ ਸਿੰਘ ਮਿਸੀਸਿਪੀ ਵਾਲਿਆਂ ਕੋਲ ਠਹਿਰੇ ਹੋਏ ਹਨ। ਇਸ ਮੌਕੇ 'ਤੇ ਦਇਆਬੀਰ ਸਿੰਘ ਬਾਠ, ਜਗਦੇਵ ਸਿੰਘ ਸੰਧੂ, ਹਰਦੀਪ ਸਿੰਘ ਗਿੱਲ, ਮਨਮੋਹਨ ਸਿੰਘ ਧਾਲੀਵਾਲ, ਮਲਕੀਤ ਸਿੰਘ ਝੱਲੀ ਅਤੇ ਸਰਦਾਰ ਗੁਰਮੇਜ ਸਿੰਘ ਸਿੱਧੂ ਉਚੇਚੇ ਤੌਰ 'ਤੇ ਪਹੁੰਚੇ ਹੋਏ ਸਨ।

# ਟਰੰਪ ਵੱਲੋਂ ਭਾਰਤ 'ਤੇ 20 ਤੋਂ 25 ਫੀਸਦੀ ਟੈਰਿਫ ਲਾਉਣ ਦੇ ਸੰਕੇਤ!



**ਵਾਸ਼ਿੰਗਟਨ, (ਪੰਜਾਬ ਮੇਲ)**- ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਮੰਗਲਵਾਰ ਨੂੰ ਇੱਕ ਵੱਡਾ ਬਿਆਨ ਦਿੰਦੇ ਹੋਏ ਕਿਹਾ ਕਿ ਭਾਰਤ 'ਤੇ 20 ਤੋਂ 25 ਫੀਸਦੀ ਦੀ ਦਰਾਮਦ ਡਿਊਟੀ (ਟੈਰਿਫ) ਲਗਾਈ ਜਾ ਸਕਦੀ ਹੈ। ਹਾਲਾਂਕਿ, ਉਨ੍ਹਾਂ ਇਹ ਵੀ ਸਪੱਸ਼ਟ ਕੀਤਾ ਕਿ ਇਸ ਸਬੰਧ ਵਿਚ ਅਜੇ ਕੋਈ ਅੰਤਿਮ ਫੈਸਲਾ ਨਹੀਂ ਲਿਆ ਗਿਆ ਹੈ। ਟਰੰਪ ਏਅਰ ਫੋਰਸ ਵਨ ਵਿੱਚ ਪੱਤਰਕਾਰਾਂ ਨਾਲ ਗੱਲਬਾਤ ਕਰ ਰਹੇ ਸਨ, ਜਿੱਥੇ ਇੱਕ ਪੱਤਰਕਾਰ ਨੇ ਉਨ੍ਹਾਂ ਨੂੰ ਪੁੱਛਿਆ ਕਿ ਕੀ ਭਾਰਤ ਅਮਰੀਕਾ ਦੇ ਵਧੇ ਹੋਏ ਟੈਰਿਫ ਲਈ ਆਪਣੇ ਆਪ ਨੂੰ ਤਿਆਰ ਕਰ ਰਿਹਾ ਹੈ। ਇਸ 'ਤੇ ਟਰੰਪ ਨੇ ਜਵਾਬ ਦਿੱਤਾ ਕਿ ਮੈਨੂੰ ਵੀ ਅਜਿਹਾ ਲੱਗਦਾ ਹੈ।

ਰਾਸ਼ਟਰਪਤੀ ਟਰੰਪ ਨੇ ਕਿਹਾ ਕਿ ਭਾਰਤ ਇੱਕ ਚੰਗਾ ਦੋਸਤ ਰਿਹਾ ਹੈ ਪਰ ਪਿਛਲੇ ਕੁਝ ਸਾਲਾਂ ਤੋਂ ਭਾਰਤ ਨੇ ਕਈ ਦੇਸ਼ਾਂ ਦੇ ਮੁਕਾਬਲੇ ਅਮਰੀਕੀ ਸਾਮਾਨਾਂ 'ਤੇ ਸਭ ਤੋਂ ਵੱਧ ਟੈਰਿਫ ਲਗਾਇਆ ਹੈ। ਉਨ੍ਹਾਂ ਕਿਹਾ ਕਿ ਤੁਸੀਂ ਇਹ ਜਾਣਦੇ ਹੋ, ਭਾਰਤ ਨੇ ਹੁਣ ਤੱਕ ਲਗਭਗ ਸਭ ਤੋਂ ਵੱਧ ਟੈਰਿਫ ਲਗਾਇਆ ਹੈ।

ਇਸ ਦੌਰਾਨ, ਟਰੰਪ ਨੇ ਇਹ ਵੀ ਕਿਹਾ ਕਿ ਭਾਰਤ ਉਸਦਾ ਦੋਸਤ ਹੈ। ਇਸ ਦੇ ਨਾਲ ਹੀ, ਟਰੰਪ ਨੇ ਇੱਕ ਵਾਰ ਫਿਰ ਦਾਅਵਾ ਕੀਤਾ ਕਿ ਉਸਨੇ ਭਾਰਤ ਅਤੇ ਪਾਕਿਸਤਾਨ ਵਿਚਕਾਰ ਜੰਗਬੰਦੀ ਕਰਵਾਈ ਸੀ। ਇਹ ਇੱਕ ਵਧੀਆ ਕਦਮ ਸੀ। ਪਾਕਿਸਤਾਨ ਨੇ ਵੀ ਇਸ ਵਿਚ ਚੰਗਾ ਕੰਮ ਕੀਤਾ। ਅਸੀਂ ਮਿਲ ਕੇ ਬਹੁਤ ਸਾਰੇ ਚੰਗੇ ਸਮਝੌਤੇ ਕੀਤੇ।

# ਟਰੰਪ ਵੱਲੋਂ ਸਾਬਕਾ ਉੱਪ ਰਾਸ਼ਟਰਪਤੀ ਕਮਲਾ ਹੈਰਿਸ ਵਿਰੁੱਧ ਮੁੱਕਦਮਾ ਚਲਾਉਣ ਦੀ ਮੰਗ

**ਵਾਸ਼ਿੰਗਟਨ ਡੀ.ਸੀ. (ਪੰਜਾਬ ਮੇਲ)**- ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਇੱਕ ਵਾਰ ਫਿਰ ਕਮਲਾ ਹੈਰਿਸ 'ਤੇ ਭੜਕ ਗਏ ਹਨ। ਉਨ੍ਹਾਂ ਨੇ ਕਮਲਾ ਹੈਰਿਸ ਵਿਰੁੱਧ ਮੁਕੱਦਮਾ ਚਲਾਉਣ ਦੀ ਮੰਗ ਕੀਤੀ ਹੈ। ਟਰੰਪ ਦਾ ਦੋਸ਼ ਹੈ ਕਿ ਕਮਲਾ ਹੈਰਿਸ ਅਤੇ ਕੁਝ ਹੋਰ ਪ੍ਰਮੁੱਖ ਅਮਰੀਕੀ ਮਸ਼ਹੂਰ ਹਸਤੀਆਂ ਨੇ 2024 ਦੀ ਚੋਣ ਮੁਹਿੰਮ ਦੌਰਾਨ ਸਮਰਥਨ ਦੇ ਬਦਲੇ ਪੈਸੇ ਲਏ ਸਨ, ਜੋ ਕਿ ਪੂਰੀ ਤਰ੍ਹਾਂ ਗੈਰ-ਕਾਨੂੰਨੀ ਹੈ ਅਤੇ ਇਸ ਨਾਲ ਚੋਣ ਮੁਹਿੰਮ ਦੇ ਵਿੱਤੀ ਕਾਨੂੰਨਾਂ ਦੀ ਉਲੰਘਣਾ ਹੋਈ ਹੈ। ਟਰੰਪ ਨੇ ਇਹ ਹਮਲਾ ਅਜਿਹੇ ਸਮੇਂ ਕੀਤਾ ਹੈ, ਜਦੋਂ ਉਹ ਖੁਦ ਜੈਫਰੀ ਐਪਸਟਾਈਨ ਕੇਸ ਫਾਈਲ ਵਿਵਾਦ ਵਿਚ ਘਿਰੇ ਹੋਏ ਹਨ। ਟਰੰਪ ਨੇ ਐਪਸਟਾਈਨ ਮਾਮਲੇ ਦੀ ਜਾਂਚ ਨੂੰ "ਰਾਜਨੀਤਿਕ ਤੌਰ 'ਤੇ ਪ੍ਰੇਰਿਤ" ਦੱਸਿਆ ਹੈ। ਡੋਨਾਲਡ ਟਰੰਪ ਨੇ ਆਪਣੇ 'ਟਰੁੂਥ ਸੋਸ਼ਲ' ਮੀਡੀਆ ਅਕਾਊਂਟ 'ਤੇ ਇਸ ਬਾਰੇ ਲਿਖਿਆ ਹੈ। ਉਨ੍ਹਾਂ ਨੇ ਦੋਸ਼ ਲਗਾਇਆ ਹੈ ਕਿ ਕਮਲਾ ਹੈਰਿਸ ਨੇ ਗਾਇਕਾ ਬਿਓਂਸੇ, ਟੀ.ਵੀ. ਹੋਸਟ ਓਪਰਾ ਵਿਨਫ੍ਰੇ ਅਤੇ ਨਾਗਰਿਕ ਅਧਿਕਾਰ ਕਾਰਕੁੰਨ ਅਲ ਸ਼ਾਰਪਟਨ ਵਰਗੇ ਸਿਤਾਰਿਆਂ ਦੇ ਸਮਰਥਨ ਦੇ ਬਦਲੇ ਲੱਖਾਂ ਡਾਲਰ ਖਰਚ ਕੀਤੇ। ਟਰੰਪ ਨੇ ਕਿਹਾ ਕਿ ਇਹ ਸਮਰਥਨ ਮੁਹਿੰਮਾਂ ਅਸਲੀ ਨਹੀਂ ਸਨ, ਸਗੋਂ ਪੈਸੇ ਦੇ ਕੇ ਪ੍ਰਾਪਤ ਕੀਤੀਆਂ ਗਈਆਂ ਸਨ। ਉਨ੍ਹਾਂ ਨੇ ਸਵਾਲ ਕੀਤਾ, "ਕੀ ਤੁਸੀਂ ਕਲਪਨਾ ਕਰ ਸਕਦੇ ਹੋ ਕਿ ਜੇਕਰ ਨੇਤਾ ਸਾਰੇ ਸਮਰਥਕਾਂ ਨੂੰ ਪੈਸੇ ਦੇਣਾ ਸ਼ੁਰੂ ਕਰ ਦੇਣ ਤਾਂ ਕੀ ਹੋਵੇਗਾ?" ਟਰੰਪ ਨੇ ਅੱਗੇ ਲਿਖਿਆ ਕਿ "ਕਮਲਾ ਅਤੇ ਪੈਸੇ ਲੈਣ ਵਾਲੇ ਸਾਰੇ ਲੋਕਾਂ ਨੇ ਕਾਨੂੰਨ ਤੋੜਿਆ ਹੈ। ਉਨ੍ਹਾਂ ਸਾਰਿਆਂ 'ਤੇ ਮੁਕੱਦਮਾ ਚਲਾਇਆ ਜਾਣਾ ਚਾਹੀਦਾ ਹੈ।"

ਆਪਣੀ ਪੋਸਟ ਵਿਚ ਟਰੰਪ ਨੇ ਇਹ ਵੀ ਲਿਖਿਆ ਕਿ ਇਹ ਖੱਬੇ ਪੱਖੀ ਡੈਮੋਕ੍ਰੇਟ ਲੋਕਾਂ ਦਾ ਧਿਆਨ ਭਟਕਾਉਣ ਦੀ ਪੂਰੀ ਕੋਸ਼ਿਸ਼ ਕਰ ਰਹੇ ਹਨ। ਉਨ੍ਹਾਂ ਨੇ ਕਿਹਾ ਕਿ ਉਹ ਲੋਕਾਂ ਨੂੰ ਉਨ੍ਹਾਂ ਦੇ ਪਿਛਲੇ 6 ਮਹੀਨਿਆਂ ਦੀ "ਸ਼ਾਨਦਾਰ ਸੇਵਾ" ਨੂੰ ਭੁਲਾਉਣ ਦੀ ਕੋਸ਼ਿਸ਼ ਕਰ ਰਹੇ ਹਨ, ਜਿਸ ਨੂੰ ਬਹੁਤ ਸਾਰੇ ਲੋਕ ਅਮਰੀਕਾ ਦੇ ਇਤਿਹਾਸ ਵਿਚ ਕਿਸੇ ਵੀ ਰਾਸ਼ਟਰਪਤੀ ਦੇ ਛੇ ਮਹੀਨਿਆਂ ਨਾਲੋਂ ਬਿਹਤਰ ਦੱਸ ਰਹੇ ਹਨ। ਟਰੰਪ ਨੇ ਕਿਹਾ ਕਿ ਉਹ "ਪੂਰੀ ਤਰ੍ਹਾਂ ਪਾਗਲ" ਹੋ ਗਏ ਹਨ ਅਤੇ "ਰੂਸੀ ਧੋਖਾਧੜੀ ਦੀ ਯੋਜਨਾ" ਬਣਾ ਰਹੇ ਹਨ। ਉਨ੍ਹਾਂ ਨੇ ਐਪਸਟਾਈਨ ਘੁਟਾਲੇ ਨੂੰ ਇਸ ਦਾ ਕਾਰਨ ਦੱਸਿਆ ਅਤੇ ਉਮੀਦ ਜਤਾਈ ਕਿ ਗ੍ਰੈਂਡ ਜਿਊਰੀ ਇਸ ਨੂੰ ਬਹੁਤ ਜਲਦੀ ਖਤਮ ਕਰ ਦੇਵੇਗੀ। ਗ੍ਰੈਂਡ ਜਿਊਰੀ ਗਵਾਹੀ ਜਾਰੀ ਕਰਨ ਦੇ ਨਿਰਦੇਸ਼ 'ਦ ਹਿੱਲ' ਦੀ ਰਿਪੋਰਟ ਅਨੁਸਾਰ ਟਰੰਪ ਨੇ ਅਟਾਰਨੀ ਜਨਰਲ ਪੈਮ ਬੌਂਡੀ ਨੂੰ ਐਪਸਟਾਈਨ ਅਤੇ ਘਿਸਲੇਨ ਮੈਕਸਵੈੱਲ ਤੋਂ ਗ੍ਰੈਂਡ ਜਿਊਰੀ ਗਵਾਹੀ ਜਾਰੀ ਕਰਨ 'ਤੇ ਕੰਮ ਕਰਨ ਦਾ ਨਿਰਦੇਸ਼ ਦਿੱਤਾ ਹੈ। ਇਹ ਫੈਸਲਾ ਦੋਵਾਂ ਧਿਰਾਂ, ਜਿਨ੍ਹਾਂ ਵਿਚ ਟਰੰਪ ਦੇ ਮਾਗਾ ਕੈਂਪ ਦੇ ਮੈਂਬਰ ਵੀ ਸ਼ਾਮਲ ਹਨ, ਵੱਲੋਂ ਵਧੇਰੇ ਪਾਰਦਰਸ਼ਤਾ ਲਈ ਜਨਤਕ ਦਬਾਅ ਤੋਂ ਬਾਅਦ ਆਇਆ ਹੈ।


Jaspreet Singh

Attorney at Law

ਅਮਰੀਕਾ ਦੀ ਇਮੀਗ੍ਰੇਸ਼ਨ

ਰਿਫਿਊਜ਼ੀ ਸਟੇਅ, ਬੱਚਾ ਗੋਦ ਲੈਣਾ, ਡਿਪੋਰਟੇਸ਼ਨ ਵਿਆਹ, ਐਚ.1 ਵੀਜ਼ਾ, ਲੇਬਰ ਸਰਟੀਫਿਕੇਟ ਦੇ ਕੇਸਾਂ ਲਈ

ਅਟਾਰਨੀ ਐਟ ਲਾਅ, ਨਿਊਯਾਰਕ ਅਤੇ ਕੈਲੀਫੋਰਨੀਆ



ਜਸਪ੍ਰੀਤ ਸਿੰਘ ਅਟਾਰਨੀ ਐਟ ਲਾਅ

Designed By Punjab Mail USA

SACRAMENTO
5855 Auburn Blvd,
Sacramento, CA 95841,
+1-916-307-4620

FRESNO
1625 E Shaw Ave
#122, Fresno,
CA 93726
559-271-5511

FREMONT
3155 KEARNEY ST,
SUITE #248,
FREMONT, CA 94538.
+1-510-657-6444

NEWYORK
108-14 Jamaica Ave,
Richmond Hill,
NY 11418
Phone: 718-533-8444

# ਪੰਜਾਬੀ ਸਾਹਿਤ ਸਭਾ ਸਟਾਕਟਨ ਵਲੋਂ ਪ੍ਰਭਸ਼ਰਨਦੀਪ ਸਿੰਘ ਦੀ ਕਾਵਿ-ਪੁਸਤਕ 'ਦੇਸ ਨਿਕਾਲਾ' 'ਤੇ ਵਿਚਾਰ ਗੋਸ਼ਟੀ ਅਹਿਮ ਪ੍ਰਾਪਤੀਆਂ ਸਹਿਤ ਸਪੰਨ

**ਸਟਾਕਟਨ, (ਪੰਜਾਬ ਮੇਲ)-** ਪੰਜਾਬੀ ਸਾਹਿਤ ਸਭਾ ਸਟਾਕਟਨ ਵਲੋਂ ਬੀਤੀ 20 ਜੁਲਾਈ ਨੂੰ ਪ੍ਰਭਸ਼ਰਨਦੀਪ ਸਿੰਘ ਦੀ ਕਾਵਿ-ਪੁਸਤਕ 'ਦੇਸ਼ ਨਿਕਾਲਾ' 'ਤੇ ਵਿਚਾਰ ਗੋਸ਼ਟੀ ਦਾ ਅਯੋਜਨ ਕੀਤਾ ਗਿਆ। ਸਮਾਗਮ ਦੀ ਸ਼ੁਰੂਆਤ ਪ੍ਰਸਿੱਧ ਗਾਇਕ ਸੁਲਤਾਨ ਅਖ਼ਤਰ ਦੁਆਰਾ ਕਲਗੀਧਰ ਪਾਤਸ਼ਾਹ ਨੂੰ ਸਮਰਪਿਤ ਗੀਤ ਨਾਲ ਹੋਈ। ਇਸ ਉਪਰੰਤ ਪੰਜਾਬੀ ਸਾਹਿਤ ਸਭਾ ਸਟਾਕਟਨ ਦੇ ਪ੍ਰਧਾਨ ਹਰਜਿੰਦਰ ਸਿੰਘ ਪੰਧੇਰ ਨੇ ਸਭਾ ਵਲੋਂ ਕੀਤੀਆਂ ਹੁਣ ਤੱਕ ਦੀਆਂ ਅਹਿਮ ਪ੍ਰਾਪਤੀਆਂ 'ਤੇ ਚਾਨਣਾ ਪਾਇਆ। ਉਨ੍ਹਾਂ ਨੇ ਆਪਣੇ ਕੁੰਜੀਵਤ ਭਾਸ਼ਨ ਵਿਚ ਦੱਸਿਆ ਕਿ 'ਦੇਸ ਨਿਕਾਲਾ' ਕਾਵਿ-ਪੁਸਤਕ ਕਵਿਤਾ ਅਤੇ ਕਾਵਿ ਚਿੰਤਨ ਦੋਹਾਂ ਦਾ ਸੁਮੇਲ ਹੈ। ਉਨ੍ਹਾਂ ਕਿਹਾ ਕਿ ਪ੍ਰਭਸ਼ਰਨਦੀਪ ਸਿੰਘ ਧਰਮ, ਸਹਿਤ, ਫਲਸਫੇ ਅਤੇ ਇਤਿਹਾਸ ਦਾ ਵਿਦਵਾਨ ਹੋਣ ਦੇ ਨਾਲ-ਨਾਲ ਇੱਕ ਸਿਰਜਣਾਤਮਕ ਕਵੀ ਵੀ ਹੈ। ਉਹ ਪੱਛਮੀ ਦੇਸ਼ਾਂ ਵਿਚ ਰਹਿ ਕੇ ਵੀ ਆਪਣੀ ਕਵਿਤਾ 'ਤੇ ਚਿੰਤਨ ਦੀ ਬੁਨਿਆਦ ਆਪਣੀ ਬੋਲੀ ਵਿਚ ਵੇਖਦਾ ਹੈ। ਪੁਸਤਕ 'ਦੇਸ ਨਿਕਾਲਾ' ਆਪਣੀ ਜੰਮਣ-ਭੋਂ, ਮਿੱਟੀ, ਪਰਿਵਾਰ ਬੋਲੀ ਅਤੇ ਸੱਭਿਆਚਾਰ ਨੂੰ ਤਿਆਗ ਕੇ ਪਰਦੇਸੀਂ ਵਸੇ ਵਿਅਕਤੀ ਦੀਆਂ ਮਨੋਭਾਵਨਾਵਾਂ ਦੀ ਤਰਜਮਾਨੀ ਕਰਦੀ ਹੈ। ਹਰਜਿੰਦਰ ਸਿੰਘ ਪੰਧੇਰ ਨੇ ਪ੍ਰੋਫੈਸਰ ਸੁੱਖਪ੍ਰੀਤ ਸਿੰਘ ਸੰਧੂ ਅਤੇ ਡਾ: ਗੁਰਪ੍ਰੀਤ ਸਿੰਘ ਵੜੈਚ ਦੇ ਪਰਚੇ ਸਰੋਤਿਆਂ ਨਾਲ ਸਾਂਝੇ ਕੀਤੇ।



ਪ੍ਰੋਫੈਸਰ ਸੁੱਖਪ੍ਰੀਤ ਸਿੰਘ ਸੰਧੂ ਅਨੁਸਾਰ, 'ਦੇਸ ਨਿਕਾਲਾ' ਇੱਕ ਡਾਇਸਪੋਰਕ ਆਵਾਜ਼ ਵਜੋਂ ਪੰਜਾਬੀ ਸਾਹਿਤ ਵਿਚ ਆਪਣੀ ਮਜ਼ਬੂਤ ਪਛਾਣ ਬਣਾਉਂਦੀ ਹੈ। ਡਾਇਸਪੋਰਾ ਇੱਕ ਅਜਿਹਾ ਸਮਾਜਿਕ, ਰੂਹਾਨੀ ਅਤੇ ਸੱਭਿਆਚਾਰਕ ਅਨੁਭਵ ਹੈ, ਜੋ ਜੜ੍ਹਾਂ ਤੋਂ ਵਿਛੜੇ ਨਵੀਂ ਥਾਂ ਅਤੇ ਹੋਂਦ ਦੀ ਖੋਜ ਅਤੇ ਮੂਲ ਪਛਾਣ ਨੂੰ ਸੰਭਾਲਣ ਦੀ ਜਦੋ-ਜਹਿਦ ਨਾਲ ਜੁੜਿਆ ਹੁੰਦਾ ਹੈ। ਡਾਇਸਪੋਰਾ ਦੇ ਚਾਰ ਮੁੱਖ ਤੱਤ (ਮਿੱਟੀ, ਸੱਭਿਆਚਾਰ, ਬੋਲੀ ਅਤੇ ਧਰਮ) ਹਨ। ਮੇਜ਼ਬਾਨ ਮੁਲਕਾਂ ਵਿਚ ਪਹਿਲੇ ਤਿੰਨ ਤੱਤ (ਮਿੱਟੀ, ਸੱਭਿਆਚਾਰ, ਬੋਲੀ) ਅਕਸਰ 'ਮਨਫੀ' ਭਾਵ ਪਰਦੇਸੀ ਰਹਿੰਦੇ ਹਨ, ਜਦੋਂਕਿ ਧਰਮ ਹੀ ਉਹ ਚੌਖਟਾ ਹੈ, ਜੋ ਡਾਇਸਪੋਰਾ ਨੂੰ ਪਛਾਣ ਅਤੇ ਅਪਣੱਤ ਦਿੰਦਾ ਹੈ।

ਡਾ: ਗੁਰਪ੍ਰੀਤ ਸਿੰਘ ਵੜੈਚ ਨੇ ਇਸ ਕਾਵਿ-ਸੰਗ੍ਰਹਿ ਨੂੰ ਬੇਗਾਨਗੀ ਦੇ ਅਹਿਸਾਸਾਂ ਨਾਲ ਜੂਝਦੇ ਮਨੁੱਖ ਦੀ ਕਵਿਤਾ ਦੱਸਿਆ ਹੈ। ਉਨ੍ਹਾਂ ਕਿਹਾ ਕਿ ਪੰਜਾਬੀ ਬੰਦਾ ਲੰਬੇ ਸਮੇਂ ਤੋਂ ਬੇਗਾਨਗੀ ਦਾ ਭਾਵ ਹੰਢਾ ਰਿਹਾ ਹੈ, ਜਿਸ ਵਿਚ ਸਿੱਖਾਂ ਨਾਲ ਹੁੰਦਾ ਵਿਤਕਰਾ ਅਤੇ ਉਨ੍ਹਾਂ ਦੀ ਕਿਰਦਾਰਕੁਸ਼ੀ ਸ਼ਾਮਲ ਹੈ। ਡਾ: ਗੁਰਪਾਲ ਸਿੰਘ ਸੰਧੂ ਦਾ ਪਰਚਾ ਸਭਾ ਦੀ ਜਨਰਲ ਸਕਤਰ ਲਖਵਿੰਦਰ ਕੌਰ ਲੱਕੀ ਨੇ ਪੜ੍ਹਿਆ। ਡਾ: ਗੁਰਪਾਲ ਸਿੰਘ ਸੰਧੂ ਦੇ ਪਰਚੇ ਵਿਚ ਇਸ ਗੱਲ 'ਤੇ ਜ਼ੋਰ ਦਿੱਤਾ ਗਿਆ ਕਿ ਪ੍ਰਭਸ਼ਰਨਦੀਪ ਸਿੰਘ ਦੀ ਕਿਤਾਬ ਸਿਰਜਣਾਤਮਕਤਾ, ਆਲੋਚਨਾ-ਸਿਧਾਂਤ ਅਤੇ ਕਵਿਤਾ ਦੇ ਤਿੰਨ ਕਾਰਜਾਂ ਨੂੰ ਬਰਾਬਰ ਚਲਾਉਂਦੀ ਹੈ, ਜੋ ਕਿ ਇੱਕ ਦੁਰਲੱਭ ਸੁਮੇਲ ਹੈ। ਡਾ: ਸੰਧੂ ਨੇ ਸੰਸਕ੍ਰਿਤ ਵਿਆਕਰਣ ਦੇ ਹਵਾਲੇ ਨਾਲ ਭਾਖਾ (ਲੌਕਿਕ ਰੂਪ) ਅਤੇ ਭਾਸ਼ਾ (ਟਕਸਾਲੀ ਰੂਪ) ਦੇ ਸੰਕਲਪਾਂ ਨੂੰ ਸੁਰਤੀ ਅਤੇ ਧੁਨੀ ਨਾਲ ਜੋੜਿਆ। ਉਨ੍ਹਾਂ ਅਨੁਸਾਰ ਗੁਰੂ ਨਾਨਕ ਦੇਵ ਜੀ ਦੀ ਰਚਨਾ ਸਿੱਧ ਗੋਸ਼ਟ ਵਿਚ, 'ਸ਼ਬਦ ਗੁਰੁ ਸੁਰਤ ਧੁਨਿ ਚੇਲਾ' ਦਾ ਸਿਧਾਂਤ ਧੁਨੀ ਅਤੇ ਸੁਰਤੀ ਦੀ ਮੌਜੂਦਗੀ ਕਾਰਨ ਪੱਛਮੀ ਭਾਸ਼ਾ ਵਿਗਿਆਨੀਆਂ (ਜਿਵੇਂ ਫਰਡੀਨਾਂਡ ਦੀ ਸੌਸਿਉਰ) ਦੇ ਸੰਕਲਪ ਨਾਲੋਂ ਵੱਖਰਾ ਅਤੇ ਵਧੇਰੇ ਡੂੰਘਾ ਹੈ।

ਪ੍ਰੋਫੇਸਰ ਸਵਿੰਦਰ ਸਿੰਘ ਛੀਨਾ ਨੇ ਇਸ ਪੁਸਤਕ ਦੀ ਸਿਧਾਂਤਕ ਪੱਖ ਦੀ ਡੂੰਘਾਈ ਦੀ ਪ੍ਰਸ਼ੰਸ਼ਾ ਕੀਤੀ। ਉਨ੍ਹਾਂ ਨੇ ਕਵਿਤਾਵਾਂ ਦੀਆਂ ਉਦਾਹਰਣਾਂ ਦਿੰਦਿਆਂ ਦੱਸਿਆ ਕਿ ਕਵੀ ਅਨੁਭਵੀ ਅਤੇ ਸੁਚੇਤ ਹੈ, ਉਸਦੀ ਕਵਿਤਾ ਵਿਚ ਕਲਪਨਾ ਘੱਟ ਡੂੰਘਾਈ ਅਤੇ ਸੰਜੀਦਗੀ ਜ਼ਿਆਦਾ ਹੈ। ਪੰਜਾਬੀ ਜੀਵਨ ਜਾਂਚ ਦੀ ਭਰਵੀਂ ਗੱਲ ਕੀਤੀ ਹੈ। ਕਿਤੇ ਵੀ ਲੈ ਅਤੇ ਰਾਗ ਨੂੰ ਮਰਨ ਨਹੀਂ ਦਿੱਤਾ। ਡਾ: ਹਰਮਿੰਦਰ ਸਿੰਘ ਸੰਧੂ ਨੇ 'ਦੇਸ ਨਿਕਾਲਾ' ਨੂੰ ਬੇਗਾਨਗੀ ਦੀ ਭਾਵਨਾ, ਖਾਸ ਤੌਰ 'ਤੇ ਪ੍ਰਵਾਸੀਆਂ ਦੁਆਰਾ ਅਨੁਭਵ ਕੀਤੀ ਜਾਂਦੀ ਬੇਗਾਨਗੀ ਦੀ ਤਰਜਮਾਨੀ ਵਜੋਂ ਦੇਖਿਆ। ਉਨ੍ਹਾਂ ਦੱਸਿਆ ਕਿ ਪ੍ਰਵਾਸੀ ਦਿਨ ਵੇਲੇ ਮੇਜ਼ਬਾਨ ਮੁਲਕ ਵਿਚ ਜਿਉਂਦੇ ਹਨ, ਪਰ ਰਾਤ ਨੂੰ ਆਪਣੇ ਮੁਲਕ ਵਿਚ ਹੁੰਦੇ ਹਨ। ਮਨਜੀਤ ਕੌਰ ਸੇਖੋਂ ਨੇ ਇਸ ਸੰਕਲਪ ਦੀ ਪ੍ਰਸ਼ੰਸ਼ਾ ਕੀਤੀ ਅਤੇ ਦੱਸਿਆ ਕਿ ਫਲਸਫਾ ਕਾਲ ਤੋਂ ਮੁਕਤ ਨਹੀਂ ਹੋ ਸਕਦਾ, ਪਰ ਕਵਿਤਾ ਕਾਲ ਤੋਂ ਮੁਕਤ ਹੁੰਦੀ ਹੈ, ਜਿਵੇਂ ਬਾਬਾ ਫਰੀਦ ਅਤੇ ਗੁਰੂ ਨਾਨਕ ਦੇਵ ਜੀ ਦੀ ਬਾਣੀ ਅੱਜ ਵੀ ਸਾਰਥਕ ਹੈ। ਡਾ: ਗੋਬਿੰਦਰ ਸਿੰਘ ਸਮਰਾਓ ਨੇ 'ਦੇਸ ਨਿਕਾਲਾ' ਕਿਤਾਬ ਲਿਖਣ ਦੇ ਮਕਸਦ ਬਾਰੇ ਬਹੁਤ ਸਾਰੇ ਪਹਿਲੂਆਂ ਤੋਂ ਸਵਾਲ ਖੜ੍ਹੇ ਕੀਤੇ, ਜਿਨ੍ਹਾਂ ਦਾ ਕਵੀ ਪ੍ਰਭਸ਼ਰਨਦੀਪ ਸਿੰਘ ਨੇ ਵਿਸਥਾਰ ਵਿਚ ਜਵਾਬ ਦਿੱਤਾ।

# ਅਮਰੀਕਾ 'ਚ ਗੈਰ-ਅਮਰੀਕੀ ਨਾਗਰਿਕਾਂ ਅਤੇ ਗ੍ਰੀਨ ਕਾਰਡ ਧਾਰਕਾਂ ਲਈ ਨਵੇਂ ਹੁਕਮ ਜਾਰੀ

■ **ਸੀ.ਬੀ.ਪੀ. ਵੱਲੋਂ ਸਾਰਿਆਂ ਨੂੰ ਆਪਣੇ ਰਜਿਸਟ੍ਰੇਸ਼ਨ ਦਸਤਾਵੇਜ਼ ਆਪਣੇ ਕੋਲ ਰੱਖਣ ਦਾ ਕੀਤਾ ਹੁਕਮ**




**ਵਾਸ਼ਿੰਗਟਨ, (ਰਾਜ ਗੋਗਨਾ/ਪੰਜਾਬ ਮੇਲ)-** ਜਦੋਂ ਤੋਂ ਰਾਸ਼ਟਰਪਤੀ ਡੋਨਾਲਡ ਟਰੰਪ ਸੱਤਾ ਵਿਚ ਆਏ ਹਨ, ਉਨ੍ਹਾਂ ਨੇ ਸਾਰਿਆਂ 'ਤੇ ਸਖ਼ਤੀ ਕਰਨੀ ਸ਼ੁਰੂ ਕਰ ਦਿੱਤੀ ਹੈ। ਖ਼ਾਸ ਕਰਕੇ ਉਨ੍ਹਾਂ 'ਤੇ ਜੋ ਅਮਰੀਕੀ ਨਾਗਰਿਕ ਨਹੀਂ ਹਨ ਪਰ ਅਮਰੀਕਾ ਵਿਚ ਕਾਨੂੰਨੀ ਤੌਰ 'ਤੇ ਰਹਿ ਰਹੇ ਹਨ। ਰਾਸ਼ਟਰਪਤੀ ਟਰੰਪ ਨੇ ਅਜਿਹੇ ਪ੍ਰਵਾਸੀਆਂ ਲਈ ਕਈ ਤਰ੍ਹਾਂ ਦੇ ਸਖ਼ਤ ਆਦੇਸ਼ ਜਾਰੀ ਕੀਤੇ ਹਨ। ਤਾਜ਼ਾ ਆਦੇਸ਼ ਵਿਚ ਅਮਰੀਕੀ ਕਸਟਮਜ਼ ਅਤੇ ਸਰਹੱਦੀ ਸੁਰੱਖਿਆ (ਸੀ.ਬੀ.ਪੀ.) ਨੇ ਗੈਰ-ਅਮਰੀਕੀ ਨਾਗਰਿਕਾਂ ਅਤੇ ਗ੍ਰੀਨ ਕਾਰਡ ਧਾਰਕਾਂ ਨੂੰ ਆਪਣੇ ਰਜਿਸਟ੍ਰੇਸ਼ਨ ਦਸਤਾਵੇਜ਼ ਹਰ ਸਮੇਂ ਆਪਣੇ ਕੋਲ ਰੱਖਣ ਦਾ ਹੁਕਮ ਦਿੱਤਾ ਹੈ, ਨਹੀਂ ਤਾਂ ਉਨ੍ਹਾਂ 'ਤੇ ਜੁਰਮਾਨਾ ਲਗਾਇਆ ਜਾਵੇਗਾ ਅਤੇ ਜਾਅਲਸਾਜ਼ੀ ਲਈ ਮੁਕੱਦਮਾ ਚਲਾਇਆ ਜਾਵੇਗਾ।

ਇਹ ਸੰਘੀ ਕਾਨੂੰਨ (ਪੂਰੇ ਸੰਘੀ ਪ੍ਰਣਾਲੀ 'ਤੇ ਲਾਗੂ) ਕਾਨੂੰਨੀ ਹੈ ਅਤੇ 18 ਸਾਲ ਅਤੇ ਇਸ ਤੋਂ ਵੱਧ ਉਮਰ ਦੇ ਸਾਰੇ ਵਿਦੇਸ਼ੀਆਂ 'ਤੇ ਲਾਗੂ ਹੁੰਦਾ ਹੈ। ਇਹ ਸੀ.ਬੀ.ਪੀ. ਆਰਡਰ ਲੱਖਾਂ ਲੋਕਾਂ ਨੂੰ ਪ੍ਰਭਾਵਿਤ ਕਰਦਾ ਹੈ, ਜਿਨ੍ਹਾਂ ਵਿਚੋਂ ਭਾਰਤੀ ਉੱਥੇ ਰਹਿਣ ਵਾਲੇ ਸਭ ਤੋਂ ਵੱਡੇ ਸਮੂਹ ਹਨ ਅਤੇ ਉਨ੍ਹਾਂ ਨੂੰ ਚੌਕਸ ਰਹਿਣਾ ਪਵੇਗਾ। ਮੈਕਸੀਕਨਾਂ ਤੋਂ ਬਾਅਦ ਭਾਰਤੀ ਅਮਰੀਕਾ ਵਿਚ ਦੂਜਾ ਸਭ ਤੋਂ ਵੱਡਾ ਪ੍ਰਵਾਸੀ ਸਮੂਹ ਹੈ। ਇਸ ਸੰਬੰਧ ਵਿਚ ਸੀ.ਬੀ.ਪੀ. ਨੇ ਕਿਹਾ ਹੈ ਕਿ ਹਮੇਸ਼ਾ ਆਪਣੇ ਪਰਦੇਸੀ ਰਜਿਸਟ੍ਰੇਸ਼ਨ ਦਸਤਾਵੇਜ਼ ਆਪਣੇ ਨਾਲ ਰੱਖੋ। ਜੇਕਰ ਤੁਹਾਡੇ ਕੋਲ ਉਹ ਨਹੀਂ ਹਨ ਅਤੇ ਇੱਕ ਸੰਘੀ ਕਾਨੂੰਨ ਲਾਗੂ ਕਰਨ ਵਾਲਾ ਅਧਿਕਾਰੀ ਤੁਹਾਨੂੰ ਰੋਕਦਾ ਹੈ ਅਤੇ ਤੁਸੀਂ ਉਨ੍ਹਾਂ ਨੂੰ ਨਹੀਂ ਦਿਖਾ ਸਕਦੇ, ਤਾਂ ਇਸਨੂੰ ਸਰਕਾਰ ਨਾਲ ਧੋਖਾਧੜੀ ਮੰਨਿਆ ਜਾਵੇਗਾ ਅਤੇ ਤੁਹਾਨੂੰ ਭਾਰੀ ਜੁਰਮਾਨਾ ਵੀ ਭਰਨਾ ਪਵੇਗਾ।

# ਅਮਰੀਕੀ ਅਦਾਲਤ ਵੱਲੋਂ ਐਸੋਸੀਏਟਿਡ ਪ੍ਰੈੱਸ (ਏਪੀ) ਦੀ ਬੇਨਤੀ ਰੱਦ

**ਵਾਸ਼ਿੰਗਟਨ, (ਪੰਜਾਬ ਮੇਲ)-** ਅਮਰੀਕੀ ਅਪੀਲ ਅਦਾਲਤ ਨੇ ਐਸੋਸੀਏਟਿਡ ਪ੍ਰੈੱਸ (ਏਪੀ) ਦੀ ਉਸ ਅਪੀਲ ਨੂੰ ਰੱਦ ਕਰ ਦਿੱਤਾ ਜਿਸ ਵਿਚ ਰਾਸ਼ਟਰਪਤੀ ਦੇ ਸਮਾਗਮਾਂ ਨੂੰ ਕਵਰ ਕਰਨ ਲਈ ਪੂਰੀ ਪਹੁੰਚ ਬਹਾਲ ਕਰਨ ਦੀਆਂ ਕੋਸ਼ਿਸ਼ਾਂ ਦੇ ਹਿੱਸੇ ਵਜੋਂ ਸੁਣਵਾਈ ਦੀ ਬੇਨਤੀ ਕੀਤੀ ਗਈ ਸੀ। ਨਿਊਜ਼ ਸੰਗਠਨ ਨੇ ਬੇਨਤੀ ਕੀਤੀ ਸੀ ਕਿ ਅਦਾਲਤ ਤਿੰਨ ਜੱਜਾਂ ਦੇ ਪੈਨਲ ਦੇ 6 ਜੂਨ ਦੇ ਫੈਸਲੇ ਨੂੰ ਉਲਟਾ ਦੇਵੇ, ਜਿਸ ਵਿਚ ਟਰੰਪ ਵਿਰੁੱਧ ਦਾਇਰ ਮੁਕੱਦਮੇ ਦੇ ਗੁਣ-ਦੋਸ਼ਾਂ 'ਤੇ ਫੈਸਲਾ ਹੋਣ ਤੱਕ ਏਪੀ ਨੂੰ ਪਹੁੰਚ ਦੀ ਇਜਾਜ਼ਤ ਦੇਣ ਤੋਂ ਇਨਕਾਰ ਕੀਤਾ ਗਿਆ ਸੀ।

ਅਦਾਲਤ ਨੇ ਮੰਗਲਵਾਰ ਨੂੰ ਤਿੰਨ ਜੱਜਾਂ ਦੇ ਪੈਨਲ ਵਿਰੁੱਧ ਅਪੀਲ 'ਤੇ ਸੁਣਵਾਈ ਕਰਨ ਤੋਂ ਇਨਕਾਰ ਕਰ ਦਿੱਤਾ। ਟਰੰਪ ਨੇ ਫਰਵਰੀ ਵਿਚ ਇੱਕ ਫੈਸਲਾ ਲਿਆ ਸੀ, ਜਿਸ ਦੇ ਤਹਿਤ ਉਸਨੇ ਏਪੀ ਪੱਤਰਕਾਰਾਂ ਨੂੰ 'ਓਵਲ ਆਫਿਸ' (ਰਾਸ਼ਟਰਪਤੀ ਦਾ ਦਫਤਰ), 'ਏਅਰ ਫੋਰਸ ਵਨ' ਅਤੇ ਹੋਰ ਸਮਾਗਮਾਂ ਵਿਚ ਸ਼ਾਮਲ ਹੋਣ ਤੋਂ ਪਾਬੰਦੀ ਲਗਾ ਦਿੱਤੀ ਸੀ। ਇਹ ਫੈਸਲਾ ਏਪੀ ਵੱਲੋਂ ਟਰੰਪ ਦੇ ਮੈਕਸੀਕੋ ਦੀ ਖਾੜੀ ਦਾ ਨਾਮ ਬਦਲਣ ਦੇ ਫੈਸਲੇ ਦੀ ਪਾਲਣਾ ਨਾ ਕਰਨ ਦੇ ਬਦਲੇ ਵਿਚ ਲਿਆ ਗਿਆ ਸੀ। ਏਪੀ ਨੇ ਅਪ੍ਰੈਲ ਵਿਚ ਇੱਕ ਜ਼ਿਲ੍ਹਾ ਅਦਾਲਤ ਵਿਚ ਇਸ ਵਿਰੁੱਧ ਕੇਸ ਦਾਇਰ ਕੀਤਾ ਅਤੇ ਅਦਾਲਤ ਨੇ ਫੈਸਲਾ ਸੁਣਾਇਆ ਕਿ ਪ੍ਰਸ਼ਾਸਨ ਪੱਤਰਕਾਰਾਂ ਨੂੰ ਉਨ੍ਹਾਂ ਦੀ ਰਾਏ ਦੇ ਆਧਾਰ 'ਤੇ ਪਹੁੰਚ ਤੋਂ ਇਨਕਾਰ ਨਹੀਂ ਕਰ ਸਕਦਾ।

ਇਸ ਤੋਂ ਬਾਅਦ ਟਰੰਪ ਪ੍ਰਸ਼ਾਸਨ ਨੇ ਅਮਰੀਕੀ ਅਪੀਲ ਅਦਾਲਤ ਦਾ ਦਰਵਾਜ਼ਾ ਖੜਕਾਇਆ ਅਤੇ ਅਦਾਲਤ ਨੇ ਜ਼ਿਲ੍ਹਾ ਅਦਾਲਤ ਦੇ ਫੈਸਲੇ ਨੂੰ ਲਾਗੂ ਕਰਨ 'ਤੇ ਉਦੋਂ ਤੱਕ ਰੋਕ ਲਗਾ ਦਿੱਤੀ, ਜਦੋਂ ਤੱਕ ਮਾਮਲੇ ਦੇ ਪੂਰੇ ਗੁਣਾਂ 'ਤੇ ਵਿਚਾਰ ਨਹੀਂ ਕੀਤਾ ਜਾਂਦਾ। ਏਪੀ ਦੇ ਬੁਲਾਰੇ ਪੈਟ੍ਰਿਕ ਮੈਕਸ ਨੇ ਕਿਹਾ, "ਅਸੀਂ ਫੈਸਲੇ ਤੋਂ ਨਿਰਾਸ਼ ਹਾਂ। ... ਜਿਵੇਂ ਕਿ ਅਸੀਂ ਪਹਿਲਾਂ ਕਿਹਾ ਹੈ, ਪ੍ਰੈੱਸ ਅਤੇ ਜਨਤਾ ਨੂੰ ਸਰਕਾਰੀ ਬਦਲੇ ਦੇ ਡਰ ਤੋਂ ਬਿਨਾਂ ਪ੍ਰਗਟਾਵੇ ਦੀ ਆਜ਼ਾਦੀ ਦਾ ਮੌਲਿਕ ਅਧਿਕਾਰ ਹੈ।" ਵ੍ਹਾਈਟ ਹਾਊਸ ਨੇ ਅਜੇ ਤੱਕ ਇਸ ਮਾਮਲੇ 'ਤੇ ਕੋਈ ਟਿੱਪਣੀ ਨਹੀਂ ਕੀਤੀ ਹੈ।

# ਪਾਕਿਸਤਾਨ ਵੱਲੋਂ ਅਮਰੀਕੀ ਸੈਂਟਰਲ ਕਮਾਂਡ ਮੁਖੀ ਦਾ ਸਰਵਉੱਚ ਫੌਜੀ ਨਾਲ ਸਨਮਾਨ

**ਇਸਲਾਮਾਬਾਦ, (ਪੰਜਾਬ ਮੇਲ)-** ਪਾਕਿਸਤਾਨ ਅਮਰੀਕਾ ਪ੍ਰਤੀ ਵਫ਼ਾਦਾਰੀ ਦਿਖਾਉਣ ਦਾ ਕੋਈ ਵੀ ਮੌਕਾ ਨਹੀਂ ਗੁਆਉਂਦਾ। ਹਾਲ ਹੀ ਵਿਚ ਇੱਕ ਸ਼ਾਨਦਾਰ ਸਮਾਰੋਹ ਵਿਚ ਪਾਕਿਸਤਾਨ ਵੱਲੋਂ ਅਮਰੀਕੀ ਸੈਂਟਰਲ ਕਮਾਂਡ (ਸੈਂਟਕਾਮ) ਦੇ ਮੁਖੀ ਜਨਰਲ ਮਾਈਕਲ ਏ. ਕੁਰੀਲਾ ਨੂੰ 'ਨਿਸ਼ਾਨ-ਏ-ਇਮਤਿਆਜ਼ (ਮਿਲਟਰੀ)' ਨਾਲ ਸਨਮਾਨਿਤ ਕੀਤਾ ਗਿਆ। ਪਾਕਿਸਤਾਨ ਦੇ ਰਾਸ਼ਟਰਪਤੀ ਆਸਿਫ ਅਲੀ ਜ਼ਰਦਾਰੀ ਨੇ ਅਮਰੀਕੀ ਜਨਰਲ ਨੂੰ ਇਹ ਸਨਮਾਨ ਦਿੱਤਾ। ਇਸ ਤੋਂ ਪਹਿਲਾਂ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਡੋਨਾਲਡ ਟਰੰਪ ਲਈ ਨੋਬਲ ਪੁਰਸਕਾਰ ਦੀ ਮੰਗ ਕਰ ਚੁੱਕੇ ਹਨ।

ਇੱਥੇ ਦੱਸ ਦਈਏ ਕਿ ਸੈਂਟਰਲ ਕਮਾਂਡ ਅਮਰੀਕੀ ਫੌਜ ਦਾ ਉਹੀ ਹਿੱਸਾ ਹੈ, ਜੋ ਈਰਾਨ ਅਤੇ ਯਮਨ ਦੇ ਹੂਤੀ ਬਾਗੀਆਂ 'ਤੇ ਹਮਲਾ ਕਰਨ ਲਈ ਜ਼ਿੰਮੇਵਾਰ ਹੈ। ਇਸ ਤੋਂ ਇਲਾਵਾ ਇਹ ਮੱਧ ਪੂਰਬ ਨੂੰ ਨਿਯੰਤਰਿਤ ਕਰਦਾ ਹੈ।



ਇਹ ਕਮਾਂਡ ਇਜ਼ਰਾਈਲ ਦੀ ਵੀ ਰੱਖਿਆ ਕਰਦੀ ਹੈ। ਅਜਿਹੀ ਸਥਿਤੀ ਵਿਚ ਪਾਕਿਸਤਾਨ ਵੱਲੋਂ ਉਸੇ ਕਮਾਂਡ ਦੇ ਮੁਖੀ ਨੂੰ ਵੱਡਾ ਸਨਮਾਨ ਦੇਣਾ ਬਹੁਤ ਕੁਝ ਕਹਿੰਦਾ ਹੈ। ਜਨਰਲ ਕੁਰੀਲਾ ਦੀ ਪਾਕਿਸਤਾਨ ਫੇਰੀ ਦੌਰਾਨ ਉਨ੍ਹਾਂ ਨੂੰ ਰਾਸ਼ਟਰਪਤੀ ਭਵਨ ਵਿਚ ਤਿੰਨਾਂ ਫੌਜਾਂ ਵੱਲੋਂ ਗਾਰਡ ਆਫ਼ ਆਨਰ ਦਿੱਤਾ ਗਿਆ। ਉਹ ਨਾ ਸਿਰਫ਼ ਪਾਕਿਸਤਾਨ ਦੇ ਫੌਜ ਮੁਖੀ ਫੀਲਡ ਮਾਰਸ਼ਲ ਅਸੀਮ ਮੁਨੀਰ ਨਾਲ ਮਿਲੇ, ਸਗੋਂ ਇੱਕ ਮਹੱਤਵਪੂਰਨ ਕਾਨਫਰੰਸ ਦਾ ਹਿੱਸਾ ਵੀ ਬਣੇ, ਜਿਸ ਵਿਚ ਅਮਰੀਕਾ, ਕਜ਼ਾਕਿਸਤਾਨ, ਕਿਰਗਿਸਤਾਨ, ਤਾਜਿਕਸਤਾਨ ਅਤੇ ਉਜ਼ਬੇਕਿਸਤਾਨ ਦੇ ਉੱਚ ਫੌਜੀ ਅਧਿਕਾਰੀ ਮੌਜੂਦ ਸਨ।

ਪਾਕਿਸਤਾਨ ਦਾ ਇਹ ਕਦਮ ਅਜਿਹੇ ਸਮੇਂ ਆਇਆ ਹੈ, ਜਦੋਂ ਇੱਕ ਪਾਸੇ ਪਾਕਿਸਤਾਨ ਆਰਥਿਕ ਸੰਕਟ ਦੀ ਲਪੇਟ ਵਿਚ ਹੈ ਅਤੇ ਆਈ.ਐੱਮ.ਐੱਫ. ਦੀਆਂ ਸ਼ਰਤਾਂ ਅੱਗੇ ਝੁਕ ਰਿਹਾ ਹੈ, ਜਦੋਂ ਕਿ ਐੱਫ.ਏ.ਟੀ.ਐੱਫ. ਦੀ ਗ੍ਰੇ ਲਿਸਟ ਤੋਂ ਬਾਹਰ ਆਉਣ ਤੋਂ ਬਾਅਦ ਵੀ ਇਸਦੇ ਅਕਸ 'ਤੇ ਸਵਾਲ ਖੜ੍ਹੇ ਹਨ। 2018 ਵਿਚ ਗ੍ਰੇ ਲਿਸਟ ਵਿਚ ਪਾਏ ਗਏ ਪਾਕਿਸਤਾਨ ਨੂੰ 2022 ਵਿਚ ਬਾਹਰ ਕੱਢ ਦਿੱਤਾ ਗਿਆ ਸੀ, ਪਰ ਭਾਰਤ ਵੱਲੋਂ ਐੱਫ.ਏ.ਟੀ.ਐੱਫ. 'ਤੇ ਅਜੇ ਵੀ ਦਬਾਅ ਹੈ ਕਿ ਪਾਕਿਸਤਾਨ ਅੱਤਵਾਦੀ ਫੰਡਿੰਗ ਨੂੰ ਰੋਕਣ ਵਿਚ ਅਸਫਲ ਰਿਹਾ ਹੈ। ਖਾਸ ਕਰਕੇ ਪਹਿਲਗਾਮ ਅੱਤਵਾਦੀ ਹਮਲੇ ਤੋਂ ਬਾਅਦ ਇਹ ਮੰਨਿਆ ਜਾ ਰਿਹਾ ਹੈ ਕਿ ਪਾਕਿਸਤਾਨ ਦੁਬਾਰਾ ਐੱਫ.ਏ.ਟੀ.ਐੱਫ. ਦੀ ਗ੍ਰੇ ਲਿਸਟ ਵਿਚ ਪਹੁੰਚ ਜਾਵੇਗਾ।

## ਕੈਨੇਡੀਅਨ ਪ੍ਰਧਾਨ ਮੰਤਰੀ ਨੇ ਇਜ਼ਰਾਈਲ ਨੂੰ ਪਾਈ ਝਾੜ

**ਓਟਾਵਾ, (ਪੰਜਾਬ ਮੇਲ)-** ਕੈਨੇਡੀਅਨ ਪ੍ਰਧਾਨ ਮੰਤਰੀ ਮਾਰਕ ਕਾਰਨੀ ਨੇ ਗਾਜ਼ਾ ਵਿਚ ਲਗਾਤਾਰ ਵਧ ਰਹੇ ਮਨੁੱਖੀ ਸੰਕਟ ਨੂੰ ਰੋਕਣ ਵਿਚ ਅਸਫਲ ਰਹਿਣ 'ਤੇ ਇਜ਼ਰਾਈਲ ਸਰਕਾਰ ਦੀ ਸਖ਼ਤ ਆਲੋਚਨਾ ਕੀਤੀ ਹੈ। ਕਾਰਨੀ ਨੇ ਐਕਸ 'ਤੇ ਇੱਕ ਪੋਸਟ ਵਿਚ ਕਿਹਾ ਕਿ ਇਜ਼ਰਾਈਲ-ਨਿਯੰਤਰਿਤ ਸਹਾਇਤਾ ਵੰਡ ਨੂੰ ਇੱਕ ਅੰਤਰਰਾਸ਼ਟਰੀ ਸੰਗਠਨ ਦੀ ਅਗਵਾਈ ਵਾਲੇ ਇੱਕ ਵਿਆਪਕ ਮਨੁੱਖੀ ਸਹਾਇਤਾ ਪ੍ਰੋਗਰਾਮ ਨਾਲ ਬਦਲਿਆ ਜਾਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਇਨ੍ਹਾਂ ਵਿਚੋਂ ਬਹੁਤ ਸਾਰੇ ਸਹਾਇਤਾ ਫੰਡ ਕੈਨੇਡਾ ਦੁਆਰਾ ਫੰਡ ਕੀਤੇ ਜਾਂਦੇ ਹਨ, ਜਿਨ੍ਹਾਂ ਨੂੰ ਭੁੱਖੇ ਲੋਕਾਂ ਤੱਕ ਪਹੁੰਚਣ ਤੋਂ ਰੋਕ ਦਿੱਤਾ ਗਿਆ ਹੈ।

ਮਨੁੱਖੀ ਸਹਾਇਤਾ ਤੋਂ ਇਨਕਾਰ ਕਰਨਾ ਅੰਤਰਰਾਸ਼ਟਰੀ ਕਾਨੂੰਨਾਂ ਦੀ


## Editorial Board

**Chief Editor**
Gurjatinder S. Randhawa

**Distributor**
Jai Singh

**Website**
Madhu Shardha

**Sub Editors**
Sandeep Kumar
Amit
Ishu Hallan
Vijay
Surbhi Sharma
Sanjeev Khanna



**Punjab Mail USA**
9883 Novara Way,
Elk Grove, CA 95757
Ph: 916-320-9444
Email : punjabmailusa@yahoo.com
Web : www.punjabmailusa.com
App : Punjab Mail USA
Youtube : Punjab Mail USA
Facebook : Punjab Mail USA


Punjab Mail USA News Paper and Staff Associated with. it are not responsible for any claims made by the advertisers and do not endorse any product or advertised in the Punjab Mail. All concerns are advised to Consult the Attorney at Law. All Disputes to Sacramento Jurisdiction. ਲੇਖਕ ਦੇ ਵਿਚਾਰਾਂ ਨਾਲ ਪੰਜਾਬ ਮੇਲ ਦੇ ਸੰਪਾਦਕ ਅਤੇ ਇਸ ਦੇ ਸਟਾਫ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

# ਸੰਘੀ ਅਦਾਲਤ ਵੱਲੋਂ ਟਰੰਪ ਦੇ ਜਨਮ ਆਧਾਰਿਤ ਨਾਗਰਿਕਤਾ ਰੱਦ ਕਰਨ ਦੇ ਹੁਕਮ ’ਤੇ ਰੋਕ



ਵਾਸ਼ਿੰਗਟਨ, (ਪੰਜਾਬ ਮੇਲ)- ਰਾਸ਼ਟਰਪਤੀ ਡੋਨਾਲਡ ਟਰੰਪ ਨੂੰ ਅਮਰੀਕਾ ਦੀ ਇੱਕ ਸੰਘੀ ਅਦਾਲਤ ਨੇ ਇੱਕ ਵਾਰ ਫਿਰ ਵੱਡਾ ਝਟਕਾ ਦਿੱਤਾ ਹੈ। ਅਦਾਲਤ ਨੇ ਟਰੰਪ ਪ੍ਰਸ਼ਾਸਨ ਦੇ ਉਸ ਹੁਕਮ ’ਤੇ ਰੋਕ ਲਗਾ ਦਿੱਤੀ ਹੈ, ਜਿਸ ਰਾਹੀਂ ਅਮਰੀਕਾ ਵਿਚ ਗੈਰ-ਕਾਨੂੰਨੀ ਜਾਂ ਅਸਥਾਈ ਤੌਰ ’ਤੇ ਰਹਿ ਰਹੇ ਲੋਕਾਂ ਦੇ ਬੱਚਿਆਂ ਨੂੰ ਜਨਮ ਤੋਂ ਹੀ ਨਾਗਰਿਕਤਾ ਦੇਣ ਤੋਂ ਇਨਕਾਰ ਕਰ ਦਿੱਤਾ ਗਿਆ ਸੀ। ਤੁਹਾਨੂੰ ਦੱਸ ਦੇਈਏ ਕਿ ਰਾਸ਼ਟਰਪਤੀ ਟਰੰਪ ਇੱਕ ਕਾਰਜਕਾਰੀ ਹੁਕਮ ਰਾਹੀਂ ਇਸ ਨਿਯਮ ਨੂੰ ਲਾਗੂ ਕਰਨਾ ਚਾਹੁੰਦੇ ਸਨ ਕਿ ਅਮਰੀਕਾ ਵਿਚ ਪੈਦਾ ਹੋਏ ਉਨ੍ਹਾਂ ਬੱਚਿਆਂ ਨੂੰ ਨਾਗਰਿਕਤਾ ਨਾ ਦਿੱਤੀ ਜਾਵੇ, ਜਿਨ੍ਹਾਂ ਦੇ ਮਾਪੇ ਅਮਰੀਕਾ ਵਿਚ ਗੈਰ-ਕਾਨੂੰਨੀ ਤੌਰ ’ਤੇ ਰਹਿ ਰਹੇ ਹਨ ਜਾਂ ਅਸਥਾਈ ਵੀਜ਼ੇ ’ਤੇ ਹਨ।

ਕਈ ਰਾਜਾਂ ਨੇ ਟਰੰਪ ਪ੍ਰਸ਼ਾਸਨ ਦੇ ਇਸ ਹੁਕਮ ਨੂੰ ਅਦਾਲਤ ਵਿਚ ਚੁਣੌਤੀ ਦਿੱਤੀ ਸੀ। ਉਨ੍ਹਾਂ ਕਿਹਾ ਕਿ ਇਹ ਹੁਕਮ ਨਾ ਸਿਰਫ਼ ਗੈਰ-ਸੰਵਿਧਾਨਕ ਹੈ, ਸਗੋਂ ਇਸ ਨਾਲ ਉਨ੍ਹਾਂ ਬੱਚਿਆਂ ਨੂੰ ਸਿਹਤ, ਸਿੱਖਿਆ ਅਤੇ ਹੋਰ ਬੁਨਿਆਦੀ ਸੇਵਾਵਾਂ ਪ੍ਰਦਾਨ ਕਰਨ ਵਿਚ ਵਿੱਤੀ ਨੁਕਸਾਨ ਵੀ ਹੋਵੇਗਾ। ਮਾਮਲੇ ਦੀ ਸੁਣਵਾਈ ਦੌਰਾਨ ਬੋਸਟਨ ਜ਼ਿਲ੍ਹਾ ਜੱਜ ਲੀਓ ਸੋਰੋਕਿਨ ਨੇ ਕਿਹਾ ਕਿ ਇਹ ਹੁਕਮ ਸੰਵਿਧਾਨ ਦੇ 14ਵੇਂ ਸੋਧ ਦੇ ਵਿਰੁੱਧ ਹੈ। ਉਨ੍ਹਾਂ ਸਪੱਸ਼ਟ ਕੀਤਾ ਕਿ ਰਾਸ਼ਟਰਪਤੀ ਸਿਰਫ਼ ਇੱਕ ਕਲਮ ਦੇ ਝਟਕੇ ਨਾਲ ਦੇਸ਼ ਦੇ ਕਾਨੂੰਨ ਨੂੰ ਨਹੀਂ ਬਦਲ ਸਕਦੇ। ਉਨ੍ਹਾਂ ਇਹ ਵੀ ਕਿਹਾ ਕਿ ਇਹ ਮਾਮਲਾ ਅੰਤ ਵਿਚ ਸੁਪਰੀਮ ਕੋਰਟ ਵਿਚ ਜਾਵੇਗਾ, ਪਰ ਹੁਣ ਲਈ ਰਾਸ਼ਟਰਪਤੀ ਟਰੰਪ ਦਾ ਹੁਕਮ ਅਵੈਧ ਰਹੇਗਾ।

ਜੇਕਰ ਅਸੀਂ ਅਮਰੀਕੀ ਸੰਵਿਧਾਨ ਦੇ 14ਵੇਂ ਸੋਧ ਦੀ ਗੱਲ ਕਰੀਏ, ਤਾਂ ਇਹ ਅਮਰੀਕਾ ਦਾ ਸੰਵਿਧਾਨਕ ਪ੍ਰਬੰਧ ਹੈ, ਜੋ ਕਹਿੰਦਾ ਹੈ ਕਿ ਅਮਰੀਕਾ ਵਿਚ ਪੈਦਾ ਹੋਇਆ ਹਰ ਵਿਅਕਤੀ ਅਮਰੀਕੀ ਨਾਗਰਿਕ ਹੋਵੇਗਾ, ਭਾਵੇਂ ਉਸਦੇ ਮਾਪਿਆਂ ਦੀ ਕਾਨੂੰਨੀ ਸਥਿਤੀ ਕੋਈ ਵੀ ਹੋਵੇ। ਗੌਰਤਲਬ ਹੈ ਕਿ ਟਰੰਪ ਦੇ ਇਸ ਹੁਕਮ ਵਿਰੁੱਧ ਪੂਰੇ ਅਮਰੀਕਾ ਵਿਚ ਚਰਚਾ ਹੋ ਰਹੀ ਹੈ। ਅਜਿਹੀ ਸਥਿਤੀ ਵਿਚ ਇਸ ਤੋਂ ਪਹਿਲਾਂ ਇਸ ਮਾਮਲੇ ਵਿਚ ਨਿਊ ਹੈਂਪਸ਼ਾਇਰ, ਸਾਨ ਫਰਾਂਸਿਸਕੋ ਅਤੇ ਮੈਰੀਲੈਂਡ ਦੀਆਂ ਅਦਾਲਤਾਂ ਨੇ ਵੀ ਇਸ ਹੁਕਮ ਨੂੰ ਗੈਰ-ਸੰਵਿਧਾਨਕ ਐਲਾਨਿਆ ਹੈ। ਇਸ ਦੇ ਨਾਲ ਹੀ ਸੁਪਰੀਮ ਕੋਰਟ ਨੇ ਹਾਲ ਹੀ ਵਿਚ ਦੇਸ਼ ਭਰ ਦੀਆਂ ਹੇਠਲੀਆਂ ਅਦਾਲਤਾਂ ’ਤੇ ਪਾਬੰਦੀ ਲਗਾਉਣ ਤੋਂ ਇਨਕਾਰ ਕਰ ਦਿੱਤਾ ਹੈ, ਪਰ ਰਾਜਾਂ ਅਤੇ ਸਮੂਹਾਂ ਦੁਆਰਾ ਦਾਇਰ ਮੁਕੱਦਮਿਆਂ ਵਿਚ ਦੇਸ਼ ਵਿਆਪੀ ਪ੍ਰਭਾਵ ਵਾਲੇ ਫੈਸਲੇ ਅਜੇ ਵੀ ਦਿੱਤੇ ਜਾ ਸਕਦੇ ਹਨ। ਹਾਲਾਂਕਿ ਇਸ ਫੈਸਲੇ ’ਤੇ ਵ੍ਹਾਈਟ ਹਾਊਸ ਵੱਲੋਂ ਅਜੇ ਤੱਕ ਕੋਈ ਪ੍ਰਤੀਕਿਰਿਆ ਨਹੀਂ ਆਈ ਹੈ।

# ਨਾਸਾ ਦੇ 3,870 ਕਰਮਚਾਰੀਆਂ ਵੱਲੋਂ ਸਵੈ ਇੱਛਾ ਨਾਲ ਅਸਤੀਫ਼ਾ !




ਵਾਸ਼ਿੰਗਟਨ, (ਪੰਜਾਬ ਮੇਲ)- ਅਮਰੀਕੀ ਪੁਲਾੜ ਏਜੰਸੀ ਨੈਸ਼ਨਲ ਏਅਰੋਨਾਟਿਕਸ ਐਂਡ ਸਪੇਸ ਐਡਮਿਨਿਸਟ੍ਰੇਸ਼ਨ (ਨਾਸਾ) ਨੂੰ ਵੱਡਾ ਝਟਕਾ ਲੱਗਾ ਹੈ। ਤਾਜ਼ਾ ਜਾਣਕਾਰੀ ਮੁਤਾਬਕ ਨਾਸਾ ਤੋਂ 3,870 ਕਰਮਚਾਰੀ ਆਪਣੀਆਂ ਨੌਕਰੀਆਂ ਗੁਆ ਦੇਣਗੇ। ਇਨ੍ਹਾਂ ਕਰਮਚਾਰੀਆਂ ਨੇ ਸਵੈ-ਇੱਛਾ ਨਾਲ ਅਸਤੀਫਾ ਪ੍ਰੋਗਰਾਮ ਤਹਿਤ ਅਸਤੀਫਾ ਦੇ ਦਿੱਤਾ ਹੈ। ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਪ੍ਰਸ਼ਾਸਨ ਨੇ ਬਜਟ ਵਿਚ ਕਟੌਤੀ ਕਰਨ ਲਈ ਕਰਮਚਾਰੀਆਂ ਦੀ ਗਿਣਤੀ ਘਟਾਉਣ ਲਈ ਇੱਕ ਪ੍ਰੋਗਰਾਮ ਸ਼ੁਰੂ ਕੀਤਾ ਹੈ। ਇਸ ਤਹਿਤ ਕਰਮਚਾਰੀਆਂ ਨੂੰ ਨਾਸਾ ਤੋਂ ਕੱਢੇ ਜਾਣ ਦੀ ਬਜਾਏ ਸਵੈ-ਇੱਛਾ ਨਾਲ ਅਸਤੀਫਾ ਦੇਣ ਲਈ ਕਿਹਾ ਗਿਆ ਹੈ। ਸੰਘੀ ਕਰਮਚਾਰੀਆਂ ਨੂੰ ਘਟਾਉਣ ਦੇ ਟਰੰਪ ਪ੍ਰਸ਼ਾਸਨ ਦੇ ਟੀਚੇ ਦੀ ਪਾਲਣਾ ਕਰਨ ਲਈ ਪੁਲਾੜ ਏਜੰਸੀ ਨਾਸਾ ਦੇ ਅਧਿਕਾਰੀ ਛਾਂਟੀ ਤੋਂ ਬਚਣ ਲਈ ਅਸਤੀਫੇ ਦਾ ਰਸਤਾ ਅਪਣਾ ਰਹੇ ਹਨ।

ਇਸ ਵੇਲੇ 3,870 ਕਰਮਚਾਰੀਆਂ ਨੇ ਨਾਸਾ ਤੋਂ ਅਸਤੀਫਾ ਦੇ ਦਿੱਤਾ ਹੈ। ਹਾਲਾਂਕਿ ਨਾਸਾ ਨੇ ਆਪਣੇ ਬਿਆਨ ਵਿਚ ਕਿਹਾ ਹੈ ਕਿ ਅਰਜ਼ੀਆਂ ਦੀ ਸਮੀਖਿਆ ਕਰਨ ਤੋਂ ਬਾਅਦ ਇਹ ਗਿਣਤੀ ਬਦਲ ਸਕਦੀ ਹੈ। ਨਾਸਾ ਨੇ ਕਰਮਚਾਰੀਆਂ ਨੂੰ 2025 ਵਿਚ ਨੌਕਰੀ ਛੱਡਣ ਦੇ ਦੋ ਵੱਖ-ਵੱਖ ਮੌਕੇ ਦਿੱਤੇ ਹਨ। ਅਸਤੀਫਾ ਪ੍ਰੋਗਰਾਮਾਂ ਅਤੇ ਲਗਭਗ 500 ਲੋਕਾਂ ਦੇ ਆਮ ਤੌਰ ’ਤੇ ਨੌਕਰੀ ਛੱਡਣ ਤੋਂ ਬਾਅਦ ਨਾਸਾ ਕੋਲ ਲਗਭਗ 14,000 ਕਰਮਚਾਰੀ ਰਹਿ ਜਾਣਗੇ।

ਨਾਸਾ ਵਿਚ ਅਸਤੀਫ਼ਿਆਂ ਦਾ ਪਹਿਲਾ ਦੌਰ ਟਰੰਪ ਪ੍ਰਸ਼ਾਸਨ ਦੇ ਸ਼ੁਰੂਆਤੀ ਹਿੱਸੇ ਵਿਚ ਆਇਆ। ਇਹ ਯਤਨ ਐਲੋਨ ਮਸਕ ਦੀ ਅਗਵਾਈ ਵਾਲੇ ਸਰਕਾਰੀ ਕੁਸ਼ਲਤਾ ਵਿਭਾਗ ਦੁਆਰਾ ਚਲਾਇਆ ਗਿਆ ਸੀ। ਨਾਸਾ ਨੇ ਜੂਨ ਦੇ ਸ਼ੁਰੂ ਵਿਚ ਮੁਲਤਵੀ ਅਸਤੀਫ਼ਿਆਂ ਦਾ ਆਪਣਾ ਦੂਜਾ ਦੌਰ ਸ਼ੁਰੂ ਕੀਤਾ, ਜਿਸ ਨਾਲ 25 ਜੁਲਾਈ ਤੱਕ ਇਸ ਵਿਚ ਸ਼ਾਮਲ ਹੋਣ ਦਾ ਮੌਕਾ ਮਿਲਿਆ। ਏਜੰਸੀ ਨੇ ਕਿਹਾ ਕਿ 3,000 ਕਰਮਚਾਰੀਆਂ ਨੇ ਇਸਨੂੰ ਸਵੀਕਾਰ ਕਰ ਲਿਆ, ਜੋ ਕਿ ਕੁੱਲ ਕਰਮਚਾਰੀਆਂ ਦਾ 16.4 ਪ੍ਰਤੀਸ਼ਤ ਹੈ। ਨਾਸਾ ਨੇ ਆਪਣੇ ਬਿਆਨ ਵਿਚ ਕਿਹਾ ਹੈ ਕਿ ਸੁਰੱਖਿਆ ਸਾਡੀ ਸਭ ਤੋਂ ਵੱਡੀ ਤਰਜੀਹ ਹੈ। ਇੱਕ ਵਧੇਰੇ ਕੁਸ਼ਲ ਸੰਗਠਨ ਬਣਨ ਦੇ ਨਾਲ ਅਸੀਂ ਇਹ ਵੀ ਯਕੀਨੀ ਬਣਾ ਰਹੇ ਹਾਂ ਕਿ ਚੰਦਰਮਾ ਅਤੇ ਮੰਗਲ ਵਰਗੇ ਮਿਸ਼ਨਾਂ ਲਈ ਸਾਡੀਆਂ ਸਮਰੱਥਾਵਾਂ ਪੂਰੀ ਤਰ੍ਹਾਂ ਬਰਕਰਾਰ ਰਹਿਣ।

# ਟਰੰਪ ਵੱਲੋਂ ਅਮਰੀਕੀ ਟੈੱਕ ਕੰਪਨੀਆਂ ਦੀ ਚੀਨ ’ਚ ਫੈਕਟਰੀਆਂ ਬਣਾਉਣ ਅਤੇ ਭਾਰਤੀ ਵਰਕਰਾਂ ਨੂੰ ਕੰਮ ’ਤੇ ਰੱਖਣ ਲਈ ਆਲੋਚਨਾ

ਵਾਸ਼ਿੰਗਟਨ, (ਪੰਜਾਬ ਮੇਲ)- ਰਾਸ਼ਟਰਪਤੀ ਡੋਨਲਡ ਟਰੰਪ ਨੇ ਚੀਨ ’ਚ ਫੈਕਟਰੀਆਂ ਬਣਾਉਣ ਅਤੇ ਭਾਰਤ ’ਚ ਵਰਕਰਾਂ ਨੂੰ ਕੰਮ ’ਤੇ ਰੱਖਣ ਲਈ ਅਮਰੀਕੀ ਟੈੱਕ ਕੰਪਨੀਆਂ ਦੀ ਆਲੋਚਨਾ ਕੀਤੀ ਹੈ। ਉਨ੍ਹਾਂ ਟੈੱਕ ਕੰਪਨੀਆਂ ਨੂੰ ਚਿਤਾਵਨੀ ਦਿੰਦਿਆਂ ਕਿਹਾ ਕਿ ਇਹ ਦਿਨ ਹੁਣ ਪੂਰੇ ਹੋ ਗਏ ਹਨ।

ਟਰੰਪ ਨੇ ਇਹ ਟਿੱਪਣੀਆਂ ਏ.ਆਈ. ਸਿਖਰ ਸੰਮੇਲਨ ਦੌਰਾਨ ਕੀਤੀਆਂ, ਜਿਥੇ ਉਨ੍ਹਾਂ ਮਸਨੂਈ ਬੌਧਿਕਤਾ (ਏ.ਆਈ.) ਨਾਲ ਸਬੰਧਤ ਤਿੰਨ ਹੁਕਮਾਂ ’ਤੇ ਕਾਰਜਕਾਰੀ ਦਸਤਖ਼ਤ ਕੀਤੇ, ਜਿਨ੍ਹਾਂ ’ਚੋਂ ਇਕ ਵ੍ਹਾਈਟ ਹਾਊਸ ’ਚ ਏ.ਆਈ. ਦੀ ਵਰਤੋਂ ਸਬੰਧੀ ਕਾਰਜ ਯੋਜਨਾ ਸ਼ਾਮਲ ਹੈ। ਉਨ੍ਹਾਂ ਕਿਹਾ ਕਿ ਲੰਬੇ ਸਮੇਂ ਤੱਕ ਅਮਰੀਕਾ ਦੀ ਜ਼ਿਆਦਾਤਰ ਤਕਨਾਲੋਜੀ ਸਨਅਤ ‘ਕੱਟੜਪੰਥੀ ਵਿਸ਼ਵੀਕਰਨ’ ਦੀਆਂ ਲੀਹਾਂ ’ਤੇ ਤੁਰਦੀ ਰਹੀ, ਜਿਸ ਕਾਰਨ ਲੱਖਾਂ ਅਮਰੀਕੀ ਇਹ ਮਹਿਸੂਸ ਕਰਦੇ ਰਹੇ ਕਿ ਉਨ੍ਹਾਂ ਨਾਲ ਧੋਖਾ ਹੋਇਆ ਹੈ।

Global Allianz
LAW FIRM LLP
ਕਾਨੂੰਨੀ ਸਲਾਹਾਂ
- ਇਮੀਗਰੇਸ਼ਨ ਸੇਵਾਵਾਂ
- ਘਰੇਲੂ ਹਿੰਸਾ ਦੇ ਕੇਸ
- ਨਸ਼ਾ ਕਰਕੇ ਗੱਡੀ ਚਲਾਉਣਾ
- ਕੰਮ ’ਤੇ ਸੱਟ ਲਗਣਾ

Asylum & Deportation Defense


Atul Kapoor
C.E.O


Neat Allen Sawyer
Attorney at law

555 Capitol Mall SUITE 1245, Sacramento, CA 95814
Phone:209-808-2136, 209-952-5578, 1-916-806-7042, Fax: 209-476-7188

Designed By Punjab Mail USA


EXPO
Furniture Gallery
We offer 0% interest financing and carry all major brands.
ਸੈਕਰਾਮੈਂਟੋ 'ਚ ਵਧੀਆ ਫਰਨੀਚਰ ਲੈਣ ਲਈ ਸਾਡੀ ਲੋਕੇਸ਼ਨ 'ਤੇ ਇਕ ਵਾਰੀ ਜ਼ਰੂਰ ਆਓ
In business for over 30 years
New Year Special Sale
Best price guaranteed.
Designed By Punjab Mail USA
7310 HOME LEISURE PLAZA, SACRAMENTO, CA 95823
(916) 392-3233
www.expofurnituregallery.com

# ਗੁਰੂ ਨਾਨਕ ਜਹਾਜ਼ ਦਿਹਾੜੇ 'ਤੇ ਸਰੀ ਸਿਟੀ ਹਾਲ ਵਿਚ ਯਾਦਗਾਰੀ ਸਮਾਗਮ

**■ 'ਗੁਰੂ ਨਾਨਕ ਜਹਾਜ਼' ਨਾਂ ਦੀ ਬਹਾਲੀ ਲਈ ਧਾਰਮਿਕ, ਵਿਦਿਅਕ, ਸਮਾਜਿਕ ਅਤੇ ਸੱਭਿਆਚਾਰਕ ਸੰਸਥਾਵਾਂ ਇਕਜੁੱਟ**



ਸਰੀ, (ਹਰਦਮ ਸਿੰਘ ਮਾਨ/ਪੰਜਾਬ ਮੇਲ)- ਕੈਨੇਡਾ ਦੇ ਸ਼ਹਿਰ ਸਰੀ ਦੇ ਸਿਟੀ ਹਾਲ 'ਚ ਗੁਰੂ ਨਾਨਕ ਜਹਾਜ਼ 111ਵੀਂ ਵਰ੍ਹੇਗੰਢ ਮੌਕੇ ਐਲਾਨਨਾਮਾ ਜਾਰੀ ਕੀਤਾ ਗਿਆ ਹੈ। ਇਸ ਮੌਕੇ 'ਤੇ ਕੌਂਸਲ ਚੈਂਬਰ ਦੇ ਖਚਾਖਚ ਭਰੇ ਹਾਲ ਕੈਨੇਡਾ ਦੀਆਂ ਦੋ ਦਰਜਨ ਤੋਂ ਵੱਧ ਸੰਸਥਾਵਾਂ ਨੇ ਇੱਕਜੁੱਟਤਾ ਵਿਖਾਉਂਦਿਆਂ ਬ੍ਰਿਟਿਸ਼ ਬਸਤੀਵਾਦੀ ਨਾਮ ਕਮਾਗਾਟਾਮਾਰੂ ਦੀ ਥਾਂ ਗੁਰਦਿਤ ਸਿੰਘ ਅਤੇ ਮੁਸਾਫਿਰਾਂ ਵੱਲੋਂ ਜਹਾਜ਼ 66,000 ਡਾਲਰ 'ਤੇ ਚਾਰਟਰ ਕਰਨ ਮਗਰੋਂ ਰੱਖੇ ਗਏ 'ਗੁਰੂ ਨਾਨਕ ਜਹਾਜ਼' ਨਾਂ ਨੂੰ ਬਹਾਲ ਕਰਨ ਲਈ ਅਹਿਦ ਲਿਆ। ਗੁਰੂ ਨਾਨਕ ਜਹਾਜ਼ ਹੈਰੀਟੇਜ ਸੁਸਾਇਟੀ ਵੱਲੋਂ ਪ੍ਰੋਗਰਾਮ ਦੌਰਾਨ ਡਾ. ਗੁਰਵਿੰਦਰ ਸਿੰਘ ਨੇ ਗੁਰੂ ਨਾਨਕ ਜਹਾਜ਼ ਦੇ ਇਤਿਹਾਸ ਬਾਰੇ ਜਾਣਕਾਰੀ ਸਾਂਝੀ ਕਰਦਿਆਂ ਸਭ ਨੂੰ ਜੀ ਆਇਆਂ ਆਖਿਆ। ਗੁਰੂ ਨਾਨਕ ਜਹਾਜ਼ ਦਿਹਾੜੇ ਵਜੋਂ ਇਤਿਹਾਸਕ ਮਾਨਤਾ ਮਿਲਣ 'ਤੇ ਇਸ ਸਮਾਗਮ ਵਿਚ ਧਾਰਮਿਕ, ਵਿਦਿਅਕ, ਸਮਾਜਿਕ ਅਤੇ ਸੱਭਿਆਚਾਰਕ ਜਥੇਬੰਦੀਆਂ ਨੇ ਬੇਮਿਸਾਲ ਉਤਸ਼ਾਹ ਦਿਖਾਇਆ।

ਸਰੀ ਸਿਟੀ ਦੀ ਮੇਅਰ ਬਰਿੰਡਾ ਲੌਕ ਵੱਲੋਂ ਜਾਰੀ ਐਲਾਨਨਾਮੇ ਨੂੰ ਕੌਂਸਲਰ ਹੈਰੀ ਬੈਂਸ, ਮਨਦੀਪ ਸਿੰਘ ਨਾਗਰਾ, ਲਿੰਡਾ ਐਨਿਸ ਨੇ ਸ਼ਹੀਦ ਭਾਈ ਜਸਵੰਤ ਸਿੰਘ ਖਾਲੜਾ ਦੇ ਪੁੱਤਰ ਜਨਮੀਤ ਸਿੰਘ ਖਾਲੜਾ ਨੂੰ ਭੇਟ ਕੀਤਾ, ਜਿਸ ਦੇ ਪੜਦਾਦਾ ਭਾਈ ਹਰਨਾਮ ਸਿੰਘ ਖਾਲੜਾ ਗੁਰੂ ਨਾਨਕ ਜਹਾਜ਼ ਰਾਹੀਂ ਕੈਨੇਡਾ ਪਹੁੰਚੇ ਸਨ। ਇਸ ਐਲਾਨਨਾਮੇ ਦੇ ਉਪਰਾਲੇ ਵਿਚ ਭਾਈਚਾਰੇ ਦੀ ਨਾਮਵਰ ਸ਼ਖਸੀਅਤ ਸਰਬਜੀਤ ਸਿੰਘ ਬੈਂਸ ਨੇ ਵਿਸ਼ੇਸ਼ ਸਹਿਯੋਗ ਦਿੱਤਾ। ਇਸ ਮੌਕੇ 'ਤੇ ਸੈਨੇਟਰ ਬਲਤੇਜ ਸਿੰਘ ਢਿੱਲੋਂ, ਐੱਮ.ਪੀ. ਸੁੱਖ ਧਾਲੀਵਾਲ, ਐੱਮ.ਪੀ. ਗੁਰਬਖਸ਼ ਸਿੰਘ ਸੈਣੀ, ਐੱਮ.ਐੱਲ.ਏਜ਼ ਅਮੀਨਾ ਸ਼ਾਹ, ਗੈਰੀ ਬੈਗ, ਮਨਦੀਪ ਸਿੰਘ ਧਾਲੀਵਾਲ, ਹਰਮਨ ਭੰਗੂ ਤੇ ਜੋਡੀ ਤੂਰ ਨੇ ਵਿਚਾਰ ਸਾਂਝੇ ਕੀਤੇ।

ਪੰਜਾਬ ਤੋਂ ਆਏ ਪ੍ਰਸਿੱਧ ਸੰਗੀਤਕਾਰ ਭਾਈ ਬਲਦੀਪ ਸਿੰਘ ਅਤੇ ਸਿੱਖ ਵਿਦਵਾਨ ਹਰਿੰਦਰ ਸਿੰਘ, ਗਿਆਨ ਸਿੰਘ ਸੰਧੂ, ਪੰਜਾਬ ਪਾਕਿਸਤਾਨ ਤੋਂ ਸਤਿਕਾਰਤ ਸ਼ਖ਼ਸੀਅਤ ਰਾਏ ਅਜ਼ੀਜ਼ ਉੱਲਾ ਖਾਨ ਯਾਦਗਾਰੀ ਦਿਹਾੜੇ ਮੌਕੇ ਪਹੁੰਚੇ ਹੋਏ ਸਨ। ਖਾਲਸਾ ਸਕੂਲ ਦੀ ਟੀਮ ਨੇ ਗੱਤਕੇ ਦੇ ਜੌਹਰ ਦਿਖਾਏ। ਪ੍ਰੋਗਰਾਮ ਦੀ ਸ਼ੁਰੂਆਤ ਮੂਲ ਨਿਵਾਸੀਆਂ ਨੇ ਭਾਵਪੂਰਤ ਤਰੀਕੇ ਨਾਲ ਕੀਤੀ। ਉਪਰੰਤ ਕੈਨੇਡਾ ਦਾ ਰਾਸ਼ਟਰੀ ਗੀਤ ਗਾਇਆ ਗਿਆ ਅਤੇ ਸ਼ਬਦ ਗਾਇਨ ਕੀਤੇ ਗਏ।

ਸਮਾਗਮ ਵਿਚ ਹਾਜ਼ਰ ਸੰਸਥਾਵਾਂ ਨੂੰ ਗੁਰੂ ਨਾਨਕ ਜਹਾਜ਼ ਯਾਦਗਾਰੀ ਦਿਹਾੜੇ 'ਤੇ ਜਾਰੀ ਐਲਾਨਨਾਮੇ ਭੇਟ ਕੀਤੇ ਗਏ। ਯਾਦਗਾਰੀ ਸਮਾਗਮ ਦੇ ਅਖੀਰ ਵਿਚ ਧੰਨਵਾਦ ਰਾਜ ਸਿੰਘ ਭੰਡਾਲ ਵੱਲੋਂ ਕੀਤਾ ਗਿਆ। ਪ੍ਰਬੰਧਕਾਂ ਵੱਲੋਂ ਇਤਿਹਾਸਕ ਹਵਾਲਿਆਂ ਦੀ ਗੱਲ ਕਰਦਿਆਂ, ਕੈਨੇਡਾ ਵਿਚ ਫੈਡਰਲ ਪੱਧਰ ਦੇ ਮਾਫੀਨਾਮੇ ਵਿਚ ਵੀ ਮੁੱਖ ਨਾਂ ਗੁਰੂ ਨਾਨਕ ਜਹਾਜ਼ ਕਰਕੇ ਗਲਤੀ ਦੀ ਸੁਧਾਈ ਦਾ ਸੁਨੇਹਾ ਦਿੱਤਾ ਗਿਆ। ਇਤਿਹਾਸ ਗਲਤੀਆਂ ਨੂੰ ਦਰੁੱਸਤ ਕਰਨ ਤੇ ਗੁਰੂ ਨਾਨਕ ਜਹਾਜ਼ ਨਾਂ ਦੀ ਬਹਾਲੀ ਵਾਸਤੇ ਕੀਤੀ ਗਏ ਇਸ ਪ੍ਰੋਗਰਾਮ ਦਾ ਸੰਚਾਲਨ ਸਾਹਿਬ ਕੌਰ ਵੱਲੋਂ ਕੀਤਾ ਗਿਆ।

ਪ੍ਰੋਗਰਾਮ ਦੌਰਾਨ ਪੰਜਾਬ ਤੋਂ ਰਾਜ ਸਭਾ ਮੈਂਬਰ ਸੰਤ ਬਲਬੀਰ ਸਿੰਘ ਸੀਚੇਵਾਲ ਅਤੇ ਅਕਾਲ ਤਖਤ ਦੇ ਕਾਰਜਕਾਰੀ ਜਥੇਦਾਰ ਸਿੰਘ ਸਾਹਿਬ ਕੁਲਦੀਪ ਸਿੰਘ ਗੜਗੱਜ ਵਲੋਂ 23 ਜੁਲਾਈ ਦਾ ਦਿਨ ਪੰਜਾਬ ਅਤੇ ਭਾਰਤ ਪੱਧਰ 'ਤੇ ਗੁਰੂ ਨਾਨਕ ਜਹਾਜ਼ ਯਾਦਗਾਰੀ ਦਿਹਾੜਾ ਐਲਾਨੇ ਜਾਣ ਅਤੇ ਇਸ ਸਬੰਧੀ ਇਤਿਹਾਸ ਦੀਆਂ ਕਿਤਾਬਾਂ ਦਰੁੱਸਤ ਕਰਨ ਲਈ ਕੀਤੇ ਜਾ ਰਹੇ ਉਪਰਾਲਿਆਂ ਲਈ ਧੰਨਵਾਦ ਕੀਤਾ ਗਿਆ।

# ਬਲਜਿੰਦਰ ਮਾਨ ਇੰਡਿਕ ਆਰਟਸ ਵੈਲਫੇਅਰ ਕੌਂਸਲ ਪੰਜਾਬ ਦੇ ਜ਼ਿਲ੍ਹਾ ਸਲਾਹਕਾਰ ਬਣੇ



ਮਾਹਿਲਪੁਰ, (ਹਰਵੀਰ ਮਾਨ/ ਪੰਜਾਬ ਮੇਲ)- ਜ਼ਿਲ੍ਹਾ ਹੁਸ਼ਿਆਰਪੁਰ ਦੇ ਸ਼੍ਰੋਮਣੀ ਪੰਜਾਬੀ ਬਾਲ ਸਾਹਿਤ ਲੇਖਕ ਅਤੇ ਨਿੱਕੀਆਂ ਕਰੂੰਬਲਾਂ ਦੇ ਸੰਪਾਦਕ ਬਲਜਿੰਦਰ ਮਾਨ ਨੂੰ ਇੰਡਿਕ ਆਰਟਸ ਵੈੱਲਫੇਅਰ ਕੌਂਸਲ ਪੰਜਾਬ ਦੇ ਜ਼ਿਲ੍ਹਾ ਹੁਸ਼ਿਆਰਪੁਰ ਤੋਂ ਸਲਾਹਕਾਰ ਨਿਯੁਕਤ ਕੀਤਾ ਗਿਆ ਹੈ। ਕੌਂਸਲ ਦੇ ਚੇਅਰਮੈਨ ਪ੍ਰੋਫੈਸਰ ਭੋਲਾ ਯਮਲਾ ਨੇ ਇਹ ਜਾਣਕਾਰੀ ਦਿੰਦਿਆਂ ਕਿਹਾ ਕਿ ਬਲਜਿੰਦਰ ਮਾਨ ਪਿਛਲੇ ਤਿੰਨ-ਚਾਰ ਦਹਾਕਿਆਂ ਤੋਂ ਸਾਹਿਤ, ਕਲਾ, ਸੱਭਿਆਚਾਰ ਖੇਡਾਂ ਅਤੇ ਸਮਾਜਿਕ ਸਰਗਰਮੀਆਂ ਵਿਚ ਅਹਿਮ ਭੂਮਿਕਾ ਅਦਾ ਕਰ ਰਹੇ ਹਨ। ਆਪ ਦੇ ਨਿਰਸਵਾਰਥੀ ਕਾਰਜਾਂ ਨੂੰ ਮੱਦੇਨਜ਼ਰ ਰੱਖਦਿਆਂ ਜ਼ਿਲ੍ਹਾ ਹੁਸ਼ਿਆਰਪੁਰ ਤੋਂ ਕੌਂਸਲ ਦੇ ਸਲਾਹਕਾਰ ਨਿਯੁਕਤ ਕੀਤਾ ਗਿਆ ਹੈ।

ਉਨ੍ਹਾਂ ਅੱਗੇ ਕਿਹਾ ਕਿ ਬਲਜਿੰਦਰ ਮਾਨ ਬਚਪਨ ਨੂੰ ਸ਼ਿੰਗਾਰਨ ਵਾਲੀਆਂ ਦੋ ਦਰਜਨ ਪੁਸਤਕਾਂ ਦੀ ਸਿਰਜਣਾ ਕਰ ਚੁੱਕੇ ਹਨ। ਜਿਨ੍ਹਾਂ ਵਿਚ ਬਾਲ ਸਾਹਿਤ ਦੀ ਵੰਨਗੀ ਕਹਾਣੀ, ਕਵਿਤਾ, ਗੀਤ, ਲੇਖ, ਨਾਟਕ ਦੀ ਸਿਰਜਣਾ, ਅਨੁਵਾਦ, ਮੁਲਾਂਕਣ, ਸੰਪਾਦਨ ਅਤੇ ਪ੍ਰਕਾਸ਼ਨ ਖੇਤਰਾਂ ਵਿਚ ਮਹੱਤਵਪੂਰਨ ਯੋਗਦਾਨ ਪਾ ਚੁੱਕੇ ਹਨ। ਉਨ੍ਹਾਂ ਦੀ ਨਿਯੁਕਤੀ ਨਾਲ ਸੰਸਥਾ ਦੇ ਸਾਹਿਤਕ ਤੇ ਸੱਭਿਆਚਾਰਕ ਪ੍ਰੋਗਰਾਮ ਹੋਰ ਮਜ਼ਬੂਤ ਹੋਣਗੇ। ਇਸ ਪ੍ਰਾਪਤੀ ਵਾਸਤੇ ਕੌਮਾਂਤਰੀ ਲੇਖਕ ਤੇ ਪੱਤਰਕਾਰ ਐੱਸ. ਅਸ਼ੋਕ ਭੌਰਾ, ਪ੍ਰਿੰ. ਪਰਵਿੰਦਰ ਸਿੰਘ, ਪ੍ਰਿੰ.ਗੁਰਮੀਤ ਪਲਾਹੀ, ਐੱਸ.ਪੀ. ਸ਼ਵਿੰਦਰਜੀਤ ਸਿੰਘ ਬੈਂਸ, ਕੁਲਵੰਤ ਸਿੰਘ ਸੰਘਾ, ਐੱਮ.ਪੀ. ਡਾ. ਰਾਜ ਕੁਮਾਰ, ਡਿਪਟੀ ਸਪੀਕਰ ਵਿਧਾਨ ਸਭਾ ਪੰਜਾਬ ਜੈ ਕ੍ਰਿਸ਼ਨ ਸਿੰਘ ਰੌੜੀ ਅਤੇ ਹੋਰ ਕਈ ਪ੍ਰਮੁੱਖ ਸ਼ਖਸੀਅਤਾਂ ਨੇ ਉਨ੍ਹਾਂ ਨੂੰ ਵਧਾਈ ਦਿੱਤੀ।

**ਰੋਜ਼ਾਨਾਂ ਤਾਜ਼ੀਆਂ ਖਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ 'ਤੇ ਕਲਿੱਕ ਕਰੋ : www.punjabmailusa.com**




# ਸੁੱਖ ਧਾਲੀਵਾਲ ਮੈਂਬਰ ਪਾਰਲੀਮੈਂਟ ਕੈਨੇਡਾ ਨੂੰ ਬਾਵਾ ਵੱਲੋਂ "ਇਲਾਹੀ ਗਿਆਨ ਦਾ ਸਾਗਰ ਆਦਿ ਗੁਰੂ ਗ੍ਰੰਥ ਸਾਹਿਬ" ਪੁਸਤਕ ਭੇਂਟ





**ਮੁੱਲਾਂਪੁਰ ਦਾਖਾ, (ਪੰਜਾਬ ਮੇਲ)-** ਪੰਜ ਵਾਰ ਮੈਂਬਰ ਪਾਰਲੀਮੈਂਟ ਕੈਨੇਡਾ ਬਣੇ ਸੁੱਖ ਧਾਲੀਵਾਲ ਨੂੰ ਬਾਬਾ ਬੰਦਾ ਸਿੰਘ ਬਹਾਦਰ ਚੈਰੀਟੇਬਲ ਟਰੱਸਟ ਦੇ ਪ੍ਰਧਾਨ ਕ੍ਰਿਸ਼ਨ ਕੁਮਾਰ ਬਾਵਾ, ਫਾਊਂਡੇਸ਼ਨ ਦੇ ਕੈਨੇਡਾ ਦੇ ਪ੍ਰਧਾਨ ਹਰਬੰਤ ਸਿੰਘ ਦਿਓਲ (ਟਰੱਸਟੀ), ਬਿੰਦਰ ਗਰੇਵਾਲ, ਚਰਨਜੀਤ ਸਿੰਘ, ਬਲਜਿੰਦਰ ਸਿੰਘ ਸੰਘਾ, ਰਮਨ ਸ਼ਰਮਾ ਨੇ "ਇਲਾਹੀ ਗਿਆਨ ਦਾ ਸਾਗਰ ਆਦਿ ਗੁਰੂ ਗ੍ਰੰਥ ਸਾਹਿਬ" ਪੁਸਤਕ ਭੇਂਟ ਕੀਤੀ। ਇਸ ਤੋਂ ਪਹਿਲਾਂ ਰੇਡੀਓ ਰੈਡ ਐੱਫ.ਐੱਮ. ਦੇ ਸੰਚਾਲਕ ਹਰਜਿੰਦਰ ਸਿੰਘ ਥਿੰਦ ਕਾਲਮ ਨਵੀਸ, ਪ੍ਰੋਫੈਸਰ ਪ੍ਰਿਤਪਾਲ ਸਿੰਘ ਸੋਹੀ, ਉੱਘੇ ਲੇਖਕ ਮੋਹਣ ਗਿੱਲ ਅਤੇ ਚਰਨਜੀਤ ਸਿੰਘ ਲੁਧਿਆਣਾ ਨੂੰ ਉਪਰੋਕਤ ਪੁਸਤਕ ਭੇਂਟ ਕੀਤੀ ਗਈ।

- **ਇਹ ਵਿਲੱਖਣ ਇਤਿਹਾਸਕ ਪੁਸਤਕ ਪਾਰਲੀਮੈਂਟ ਦੀ ਲਾਇਬ੍ਰੇਰੀ 'ਚ ਰੱਖਾਂਗੇ : ਧਾਲੀਵਾਲ**
- **ਰਜਿੰਦਰ ਥਿੰਦ, ਪ੍ਰਿਤਪਾਲ ਸਿੰਘ ਸੋਹੀ, ਉੱਘੇ ਲੇਖਕ ਮੋਹਣ ਗਿੱਲ ਅਤੇ ਚਰਨਜੀਤ ਸਿੰਘ ਨੂੰ ਬਾਵਾ, ਹੈਪੀ, ਦਿਓਲ ਨੇ ਪੁਸਤਕ ਭੇਂਟ ਕੀਤੀ**

ਇਸ ਸਮੇਂ ਸੁੱਖ ਧਾਲੀਵਾਲ ਨੇ ਕਿਹਾ ਕਿ ਇਹ ਪੁਸਤਕ ਸਾਨੂੰ ਸਾਡੇ ਗੌਰਵਮਈ ਸਿੱਖ ਇਤਿਹਾਸ ਨਾਲ ਜੋੜਦੀ ਹੈ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਬਾਣੀਕਾਰਾਂ ਬਾਰੇ ਗਿਆਨ ਪ੍ਰਦਾਨ ਕਰਦੀ ਹੈ। ਉਨ੍ਹਾਂ ਸ਼੍ਰੀ ਬਾਵਾ, ਪੁਸਤਕ ਦੇ ਲੇਖਕ ਅਨੁਰਾਗ ਸਿੰਘ ਅਤੇ ਫੋਟੋ ਚਿੱਤਰਕਾਰ ਆਰ.ਐੱਮ. ਸਿੰਘ ਨੂੰ ਵੀ ਵਿਸ਼ੇਸ਼ ਤੌਰ 'ਤੇ ਵਧਾਈ ਦਿੱਤੀ ਅਤੇ ਉਨ੍ਹਾਂ ਕਿਹਾ ਕਿ ਇਹ ਪੁਸਤਕ ਕੈਨੇਡਾ ਦੀ ਪਾਰਲੀਮੈਂਟ ਵਿਚ ਰੱਖੀ ਜਾਵੇਗੀ। ਉਨ੍ਹਾਂ ਬਾਵਾ ਨੂੰ ਕਿਹਾ ਕਿ ਸਾਨੂੰ ਹੋਰ ਪੁਸਤਕਾਂ ਭੇਜੋ, ਤਾਂ ਕਿ ਹਰ ਲਾਇਬ੍ਰੇਰੀ ਵਿਚ ਇੱਕ ਪੁਸਤਕ ਜਾਵੇ। ਉਨ੍ਹਾਂ ਕਿਹਾ ਕਿ ਪੁਸਤਕ ਦੀ ਇਹ ਵੀ ਵਿਲੱਖਣਤਾ ਹੈ ਕਿ ਇਹ ਹਿੰਦੀ, ਪੰਜਾਬੀ ਅਤੇ ਅੰਗਰੇਜ਼ੀ ਵਿਚ ਹੈ। ਇਸ ਸਮੇਂ ਬਾਵਾ ਨੇ ਕਿਹਾ ਕਿ ਇਸ ਪੁਸਤਕ ਵਿਚ 6 ਗੁਰੂ, 15 ਭਗਤ, 11 ਭੱਟ ਅਤੇ 4 ਗੁਰਸਿੱਖਾਂ ਦੀ ਬਾਣੀ ਸੁਸ਼ੋਭਿਤ ਹੈ। ਇਸ ਸਮੇਂ ਪ੍ਰੀਤ ਸ਼ਰਨ, ਮਨਦੀਪ ਧਾਲੀਵਾਲ, ਜਸਵਿੰਦਰ ਬਾਜਵਾ ਵੀ ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ।

# ਐੱਮ.ਪੀ. ਅੰਮ੍ਰਿਤਪਾਲ ਸਿੰਘ ਜਲਦ ਹੀ ਕਰਨਗੇ ਸੁਪਰੀਮ ਕੋਰਟ ਦਾ ਰੁਖ਼!



**ਚੰਡੀਗੜ੍ਹ, (ਪੰਜਾਬ ਮੇਲ)-** ਡਿਬਰੂਗੜ੍ਹ ਜੇਲ੍ਹ ਵਿਚ ਕੈਦ ਖਡੂਰ ਸਾਹਿਬ ਤੋਂ ਸੰਸਦ ਮੈਂਬਰ ਅੰਮ੍ਰਿਤਪਾਲ ਸਿੰਘ ਛੇਤੀ ਹੀ ਸੁਪਰੀਮ ਕੋਰਟ ਦਾ ਰੁਖ਼ ਕਰਨ ਵਾਲੇ ਹਨ। ਉਹ ਆਪਣੇ 'ਤੇ ਲੱਗੇ ਨੈਸ਼ਨਲ ਸਿਕਿਓਰਿਟੀ ਐਕਟ (ਐੱਨ.ਐੱਸ.ਏ.) ਨੂੰ ਸੁਪਰੀਮ ਕੋਰਟ ਵਿਚ ਚੁਣੌਤੀ ਦੇਣ ਦੀ ਤਿਆਰੀ ਵਿਚ ਹਨ। ਇਸ ਲਈ ਅੰਮ੍ਰਿਤਪਾਲ ਸਿੰਘ ਦੇ ਵਕੀਲਾਂ ਦੀ ਟੀਮ ਉਨ੍ਹਾਂ ਨੂੰ ਮਿਲਣ ਲਈ ਅਸਾਮ ਦੀ ਡਿਬਰੂਗੜ੍ਹ ਜੇਲ੍ਹ ਵਿਚ ਪਹੁੰਚੀ ਸੀ ਅੰਮ੍ਰਿਤਪਾਲ ਸਿੰਘ ਦੇ ਵਕੀਲ ਈਮਾਨ ਸਿੰਘ ਖ਼ਾਰਾ ਮੁਤਾਬਕ ਉਨ੍ਹਾਂ ਨੇ ਜੇਲ੍ਹ ਵਿਚ ਅੰਮ੍ਰਿਤਪਾਲ ਸਿੰਘ ਨਾਲ ਮੁਲਾਕਾਤ ਕੀਤੀ ਹੈ ਤੇ ਸੁਪਰੀਮ ਕੋਰਟ 'ਚ ਪਟੀਸ਼ਨ ਦਾਖ਼ਲ ਕਰਨ ਲਈ ਲੋੜੀਂਦੇ ਦਸਤਾਵੇਜ਼ਾਂ ਨੂੰ ਪੂਰਾ ਕਰ ਲਿਆ ਹੈ। ਉਨ੍ਹਾਂ ਕਿਹਾ ਕਿ ਛੇਤੀ ਹੀ ਅੰਮ੍ਰਿਤਪਾਲ ਸਿੰਘ 'ਤੇ ਲਗਾਈ ਗਈ ਐੱਨ.ਐੱਸ.ਏ. ਨੂੰ ਸੁਪਰੀਮ ਕੋਰਟ 'ਚ ਚੁਣੌਤੀ ਦਿੱਤੀ ਜਾਵੇਗੀ। ਅੰਮ੍ਰਿਤਪਾਲ ਸਿੰਘ ਨੇ ਜੇਲ੍ਹ ਵਿਚੋਂ ਆਪਣੇ ਸਮਰਥਕਾਂ ਲਈ ਸੰਦੇਸ਼ ਵੀ ਭੇਜਿਆ ਹੈ। ਐਡਵੋਕੇਟ ਈਮਾਨ ਸਿੰਘ ਖ਼ਾਰਾ ਨੇ ਦੱਸਿਆ ਕਿ ਅੰਮ੍ਰਿਤਪਾਲ ਸਿੰਘ ਨੇ ਲੋਕਾਂ ਨੂੰ ਅਪੀਲ ਕੀਤੀ ਹੈ ਕਿ ਉਹ ਸਰਕਾਰ ਵੱਲੋਂ ਕੀਤੇ ਜਾ ਰਹੇ ਝੂਠੇ ਪ੍ਰਚਾਰ ਵੱਲ ਧਿਆਨ ਨਾ ਦੇਣ। ਇਸ ਦੇ ਨਾਲ ਹੀ ਉਨ੍ਹਾਂ ਨੇ ਜ਼ਿਆਦਾ ਤੋਂ ਜ਼ਿਆਦਾ ਲੋਕਾਂ ਨੂੰ ਆਪਣੀ ਪਾਰਟੀ ਅਕਾਲੀ ਦਲ ਵਾਰਿਸ ਪੰਜਾਬ ਦੇ ਦੇ ਨਾਲ ਜੁੜਣ ਦੀ ਅਪੀਲ ਵੀ ਕੀਤੀ ਹੈ।

# ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਵੱਲੋਂ ਕੈਬਨਿਟ ਮੰਤਰੀ ਹਰਜੋਤ ਸਿੰਘ ਬੈਂਸ ਤਲਬ

**ਅੰਮ੍ਰਿਤਸਰ, (ਪੰਜਾਬ ਮੇਲ)-** ਪੰਜਾਬ ਸਰਕਾਰ ਵੱਲੋਂ ਸ਼੍ਰੀਨਗਰ ਵਿਖੇ ਸ੍ਰੀ ਗੁਰੂ ਤੇਗ਼ ਬਹਾਦਰ ਜੀ ਦੇ 350 ਸਾਲਾ ਸ਼ਹੀਦੀ ਦਿਹਾੜੇ ਸਬੰਧੀ ਕਰਵਾਏ ਗਏ ਇਤਰਾਜ਼ਯੋਗ ਪ੍ਰੋਗਰਾਮ ਦਾ ਸਿੱਖ ਸੰਗਤਾਂ ਦੀਆਂ ਭਾਵਨਾਵਾਂ ਅਤੇ ਪੁੱਜੀਆਂ ਸ਼ਿਕਾਇਤਾਂ ਦਾ ਸਖ਼ਤ ਨੋਟਿਸ ਲੈਂਦਿਆਂ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਕੈਬਨਿਟ ਮੰਤਰੀ ਹਰਜੋਤ ਸਿੰਘ ਨੂੰ ਤਲਬ ਕੀਤਾ ਹੈ। ਹਰਜੋਤ ਬੈਂਸ ਅਤੇ ਪੰਜਾਬ ਸਰਕਾਰ ਦੇ ਭਾਸ਼ਾ ਵਿਭਾਗ ਦੇ ਡਾਇਰੈਕਟਰ ਜਸਵੰਤ ਸਿੰਘ ਨੂੰ ਆਪਣਾ ਪੱਖ ਰੱਖਣ ਲਈ ਮਿਤੀ 1 ਅਗਸਤ 2025 ਨੂੰ ਹੋਣ ਵਾਲੀ ਪੰਜ ਸਿੰਘ ਸਾਹਿਬਾਨ ਦੀ ਇਕੱਤਰਤਾ 'ਚ ਤਲਬ ਕੀਤਾ ਗਿਆ ਹੈ।

ਇਸ ਸਬੰਧੀ ਜਾਣਕਾਰੀ ਦਿੰਦਿਆਂ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਕਿਹਾ ਕਿ ਕਾਫ਼ੀ ਸਮਾਂ ਬੀਤ ਜਾਣ ਦੇ ਬਾਵਜੂਦ ਹੁਣ ਤੱਕ ਪੰਜਾਬ ਦੇ ਕੈਬਨਿਟ ਮੰਤਰੀ ਹਰਜੋਤ ਸਿੰਘ ਅਤੇ ਭਾਸ਼ਾ ਵਿਭਾਗ ਦੇ ਡਾਇਰੈਕਟਰ ਜਸਵੰਤ ਸਿੰਘ ਨੇ ਆਪਣਾ ਪੱਖ ਸਪੱਸ਼ਟ ਨਹੀਂ ਕੀਤਾ ਹੈ ਅਤੇ ਨਾ ਹੀ ਸਿੱਖ ਸੰਗਤਾਂ ਦੀਆਂ ਭਾਵਨਾਵਾਂ ਨੂੰ ਸੱਟ ਮਾਰਨ ਦੀ ਖਿਮਾ ਜਾਚਨਾ ਕੀਤੀ ਹੈ। ਉਨ੍ਹਾਂ ਕਿਹਾ ਕਿ ਸੰਵਿਧਾਨਕ ਅਹੁਦਿਆਂ 'ਤੇ ਕਾਰਜ ਕਰ ਰਹੀਆਂ ਸ਼ਖ਼ਸੀਅਤਾਂ ਦੀ ਸਮਾਜ ਪ੍ਰਤੀ ਅਹਿਮ ਜ਼ਿੰਮੇਵਾਰੀ ਹੁੰਦੀ ਹੈ ਅਤੇ ਪੰਜਾਬ ਸਰਕਾਰ ਦੇ ਅਹੁਦੇਦਾਰਾਂ ਵੱਲੋਂ ਸੰਜੀਦਾ ਮਸਲੇ ਉੱਤੇ ਹੁਣ ਤੱਕ ਚੁੱਪ ਰਹਿਣਾ ਕਈ ਸਵਾਲ ਖੜ੍ਹੇ ਕਰਦਾ ਹੈ। ਉਨ੍ਹਾਂ ਕਿਹਾ ਕਿ ਇਤਿਹਾਸ ਵਿਚ ਇਹ ਪਹਿਲੀ ਵਾਰ ਹੋਇਆ ਹੈ ਕਿ ਗੁਰੂ ਸਾਹਿਬ ਨਾਲ ਸਬੰਧਤ ਸ਼ਹੀਦੀ ਸ਼ਤਾਬਦੀ ਦੇ ਸਬੰਧ ਵਿਚ ਰੱਖੇ ਗਏ ਸਮਾਗਮ ਅੰਦਰ ਨਾਚ-ਗਾਣੇ ਅਤੇ ਮਨੋਰੰਜਨ ਨਾਲ ਸ਼ੁਰੂਆਤ ਕੀਤੀ ਗਈ ਹੋਵੇ, ਜੋ ਕਿ ਬਰਦਾਸ਼ਤਯੋਗ ਨਹੀਂ।

ਜਥੇਦਾਰ ਗੜਗੱਜ ਨੇ ਕਿਹਾ ਕਿ 1 ਅਗਸਤ, 2025 ਨੂੰ ਪੰਥਕ ਅਤੇ ਧਾਰਮਿਕ ਮਾਮਲੇ ਵਿਚਾਰਨ ਲਈ ਪੰਜ ਸਿੰਘ ਸਾਹਿਬਾਨ ਦੀ ਇਕੱਤਰਤਾ ਕੀਤੀ ਜਾ ਰਹੀ ਹੈ ਅਤੇ ਇਸੇ ਦਿਨ ਹੀ ਕੈਬਨਿਟ ਮੰਤਰੀ ਹਰਜੋਤ ਸਿੰਘ ਅਤੇ ਡਾਇਰੈਕਟਰ ਜਸਵੰਤ ਸਿੰਘ ਆਪਣਾ ਪੱਖ ਰੱਖਣ ਲਈ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਤਲਬ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਇਸ ਮਾਮਲੇ ਵਿਚ ਗਾਇਕ ਬੀਰ ਸਿੰਘ ਖਿਲਾਫ਼ ਵੀ ਸ਼ਿਕਾਇਤਾਂ ਪੁੱਜੀਆਂ ਹਨ, ਜੋ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਆਪਣਾ ਪੱਖ ਰੱਖ ਕੇ ਖਿਮਾ ਜਾਚਨਾ ਕਰ ਗਿਆ ਹੈ, ਜਿਸ ਉੱਤੇ ਵੀ ਪੰਜ ਸਿੰਘ ਸਾਹਿਬਾਨ ਦੀ ਇਕੱਤਰਤਾ ਵਿਚ ਵਿਚਾਰ ਕੀਤਾ ਜਾਵੇਗਾ। ਇਸ ਸਬੰਧੀ ਜਾਣਕਾਰੀ ਦਿੰਦਿਆਂ ਸਕੱਤਰੇਤ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਇੰਚਾਰਜ ਬਗੀਚਾ ਸਿੰਘ ਨੇ ਦੱਸਿਆ ਕਿ ਕੈਬਨਿਟ ਮੰਤਰੀ ਹਰਜੋਤ ਸਿੰਘ ਅਤੇ ਭਾਸ਼ਾ ਵਿਭਾਗ ਦੇ ਡਾਇਰੈਕਟਰ ਜਸਵੰਤ ਸਿੰਘ ਨੂੰ ਆਪਣਾ ਪੱਖ ਰੱਖਣ ਲਈ ਪੇਸ਼ ਹੋਣ ਸਬੰਧੀ ਪੱਤਰ ਜਾਰੀ ਕਰ ਦਿੱਤੇ ਗਏ ਹਨ।




# ਦਿਵਿਆ ਦੇਸ਼ਮੁਖ ਨੇ ਸ਼ਤਰੰਜ ਦਾ ਮਹਿਲਾ ਵਿਸ਼ਵ ਕੱਪ ਖਿਤਾਬ ਜਿੱਤਿਆ

**ਬਾਤੁਮੀ (ਜਾਰਜੀਆ), (ਪੰਜਾਬ ਮੇਲ)**- ਭਾਰਤ ਦੀ ਸ਼ਤਰੰਜ ਖਿਡਾਰਨ ਦਿਵਿਆ ਦੇਸ਼ਮੁਖ ਨੇ ਆਪਣੇ ਕਰੀਅਰ ਦੀ ਸਭ ਤੋਂ ਵੱਡੀ ਸਫ਼ਲਤਾ ਹਾਸਲ ਕਰਦਿਆਂ ਅੱਜ ਇੱਥੇ ਹਮਵਤਨ ਅਤੇ ਆਪਣੇ ਤੋਂ ਕਿਤੇ ਵੱਧ ਤਜ਼ਰਬੇਕਾਰ ਕੋਨੇਰੂ ਹੰਪੀ ਨੂੰ ਟਾਈਬ੍ਰੇਕਰ ਵਿੱਚ ਹਰਾ ਕੇ ਐੱਫ.ਆਈ.ਡੀ.ਈ. ਮਹਿਲਾ ਵਿਸ਼ਵ ਕੱਪ ਦਾ ਖਿਤਾਬ ਜਿੱਤਿਆ।

ਇਸ ਜਿੱਤ ਨਾਲ 19 ਸਾਲਾ ਦਿਵਿਆ ਨੇ ਨਾ ਸਿਰਫ਼ ਇਹ ਵੱਕਾਰੀ ਟੂਰਨਾਮੈਂਟ ਜਿੱਤਿਆ, ਬਲਕਿ ਨਾਲ ਗਰੈਂਡਮਾਸਟਰ ਵੀ ਬਣ ਗਈ, ਜੋ ਟੂਰਨਾਮੈਂਟ ਦੇ ਸ਼ੁਰੂ ਵਿਚ ਅਸੰਭਵ ਲੱਗ ਰਿਹਾ ਸੀ।

ਉਹ ਗਰੈਂਡਮਾਸਟਰ ਬਣਨ ਵਾਲੀ ਸਿਰਫ਼ ਚੌਥੀ ਭਾਰਤੀ ਮਹਿਲਾ ਅਤੇ ਕੁੱਲ 88ਵੀਂ ਖਿਡਾਰਨ ਹੈ। ਨਾਗਪੁਰ ਦੀ ਇਸ ਖਿਡਾਰਨ ਨੇ ਸ਼ਨਿੱਚਰਵਾਰ ਅਤੇ ਐਤਵਾਰ ਨੂੰ



ਖੇਡੇ ਗਏ ਦੋ ਕਲਾਸੀਕਲ ਮੁਕਾਬਲਿਆਂ ਦੇ ਡਰਾਅ ਹੋਣ ਮਗਰੋਂ ਟਾਈਬ੍ਰੇਕਰ ਵਿਚ ਜਿੱਤ ਦਰਜ ਕੀਤੀ।

ਦੋ ਕਲਾਸੀਕਲ ਬਾਜ਼ੀ ਡਰਾਅ ਹੋਣ ਮਗਰੋਂ ਟਾਈਬ੍ਰੇਕਰਾਂ ਦਾ ਪਹਿਲਾ ਗਰੁੱਪ ਫ਼ੈਸਲਾਕੁੰਨ ਸਾਬਤ ਹੋਇਆ, ਜਿਸ 'ਚ ਹੰਪੀ ਨੇ ਆਪਣਾ ਸੰਜਮ

- **ਫਾਈਨਲ 'ਚ ਹੰਪੀ ਨੂੰ ਹਰਾਇਆ; ਗਰੈਂਡਮਾਸਟਰ ਬਣੀ**

ਗੁਆ ਬੈਠੀ। ਵਿਸ਼ਵ ਕੱਪ ਅਤੇ ਮਹਿਲਾ ਵਿਸ਼ਵ ਚੈਂਪੀਅਨਸ਼ਿਪ ਨੂੰ ਛੱਡ ਕੇ ਹੰਪੀ ਨੇ ਕੌਮਾਂਤਰੀ ਸ਼ਤਰੰਜ ਵਿਚ ਸਭ ਕੁੱਝ ਜਿੱਤਿਆ ਹੈ ਪਰ ਫਿਰ ਜਲਦਬਾਜ਼ੀ ਕਾਰਨ ਵਿਸ਼ਵ ਕੱਪ ਖਿਤਾਬ ਜਿੱਤਣ 'ਚ ਨਾਕਾਮ ਰਹੀ ਹੈ। ਦਿਵਿਆ ਨੇ ਅੱਜ ਦ੍ਰਿੜ੍ਹਤਾ ਦਿਖਾਈ ਅਤੇ ਇਸ ਜਜ਼ਬੇ ਦਾ ਬੋਨਸ ਗਰੈਂਡਮਾਸਟਰ ਖਿਤਾਬ ਸੀ, ਜੋ ਇਸ ਟੂਰਨਾਮੈਂਟ ਦੇ ਚੈਂਪੀਅਨ ਲਈ ਰਾਖਵਾਂ ਸੀ।

ਅੱਜ ਟਾਈਮ-ਕੰਟਰੋਲਰ ਟਾਈਬ੍ਰੇਕਰ ਦੀ ਪਹਿਲੀ ਬਾਜ਼ੀ 'ਚ ਸਫ਼ੈਦ ਮੋਹਰਿਆਂ ਨਾਲ ਖੇਡਦਿਆਂ ਦਿਵਿਆ ਨੇ ਹੰਪੀ ਨੂੰ ਮੁੜ ਡਰਾਅ 'ਤੇ ਰੋਕਿਆ ਪਰ ਦੂਜੀ ਬਾਜ਼ੀ 'ਚ ਕਾਲੇ ਮੋਹਰਿਆਂ ਨਾਲ ਖੇਡਦਿਆਂ ਉਸ ਨੇ ਦੋ ਵਾਰ ਦੀ ਵਿਸ਼ਵ ਰੈਪਿਡ ਚੈਂਪੀਅਨ ਨੂੰ ਹਰਾ ਕੇ ਜਿੱਤ ਦਰਜ ਕੀਤੀ।

ਦਿਵਿਆ ਹੁਣ ਹੰਪੀ, ਡੀ ਹਰਿਕਾ ਅਤੇ ਆਰ ਵੈਸ਼ਾਲੀ ਨਾਲ ਦੇਸ਼ ਦੀਆਂ ਗਰੈਂਡਮਾਸਟਰ ਬਣਨ ਵਾਲੀਆਂ ਮਹਿਲਾਵਾਂ ਦੀ ਸੂਚੀ 'ਚ ਸ਼ਾਮਲ ਹੋ ਗਈ ਹੈ। ਹੰਪੀ 38 ਸਾਲ ਦੀ ਹੈ ਅਤੇ 2002 ਵਿਚ ਗਰੈਂਡਮਾਸਟਰ ਬਣੀ, ਜਦਕਿ ਦਿਵਿਆ ਦਾ ਜਨਮ 2005 ਵਿਚ ਹੋਇਆ।

ਆਪਣੇ ਤੋਂ ਦੁੱਗਣੀ ਉਮਰ ਦੀ ਵਿਰੋਧੀ ਖਿਡਾਰਨ ਖ਼ਿਲਾਫ਼ ਜਿੱਤ ਮਗਰੋਂ ਦਿਵਿਆ ਭਾਵੁਕ ਹੋ ਗਈ। ਦਿਵਿਆ ਨੇ ਕਿਹਾ, "ਮੈਨੂੰ ਇਸ ਨੂੰ ਸਮਝਣ ਲਈ ਸਮਾਂ ਚਾਹੀਦਾ ਹੈ। ਮੈਨੂੰ ਲੱਗਦਾ ਹੈ ਕਿ ਇਹ ਕਿਸਮਤ ਸੀ ਕਿ ਮੈਨੂੰ ਇਸ ਤਰ੍ਹਾਂ ਗਰੈਂਡਮਾਸਟਰ ਦਾ ਖਿਤਾਬ ਮਿਲਿਆ।"


## MATRIMONIAL

South Indian man, 65, (Look's 50) , 5'-7", transportation business. looking a good loving girl of any age. Down to earth, anyone interested to living together. Pls send a photograph and little information with phone number. He can live anywhere in USA. Cell: 727-870-0052

855

## ਮੈਟਰੀਮੋਨੀਅਲ

ਜੱਟ ਸਿੱਖ ਸਿੱਧੂ, ਉਮਰ 28 ਸਾਲ, ਕੱਦ 5'-9", ਦਸਤਾਰਧਾਰੀ, ਯੂ.ਐੱਸ.ਏ. ਵਿਚ ਸਟੱਡੀ ਵੀਜ਼ੇ 'ਤੇ PhD ਕਰ ਰਹੇ ਲੜਕੇ ਲਈ ਪੜ੍ਹੀ-ਲਿਖੀ ਲੜਕੀ ਦੀ ਲੋੜ ਹੈ। ਵਟਸਐਪ ਨੰਬਰ : (706) 206-2516

845


# ਕੈਲਗਰੀ ਨੇੜਲੇ ਬੈਟਲ ਰਿਵਰ ਕ੍ਰੋਫੁਟ ਦੀ ਜ਼ਿਮਨੀ ਚੋਣ ਲਈ 117 ਉਮੀਦਵਾਰ ਮੈਦਾਨ 'ਚ

**ਵੈਨਕੂਵਰ, (ਪੰਜਾਬ ਮੇਲ)**- ਕੈਨੇਡਾ ਦੀ ਮੁੱਖ ਵਿਰੋਧੀ ਪਾਰਟੀ ਦੇ ਆਗੂ ਪੀਅਰ ਪੋਲੀਵਰ ਇੱਕ ਵਾਰ ਫਿਰ ਸੰਸਦ 'ਚ ਦਾਖਲ ਹੋਣ ਲਈ ਚੋਣ ਲੜ ਰਹੇ ਹਨ। ਓਟਵਾ ਦੇ ਨੇਪੀਅਨ ਕਾਰਲਟਨ ਹਲਕੇ ਤੋਂ ਪਹਿਲਾਂ 7 ਵਾਰ ਜਿੱਤ ਚੁੱਕੇ ਪੋਲੀਵਰ ਇਸ ਸਾਲ 28 ਅਪ੍ਰੈਲ ਨੂੰ ਹੋਈਆਂ ਚੋਣਾਂ ਵਿਚ ਲਿਬਰਲ ਪਾਰਟੀ ਦੇ ਬ੍ਰੂਸ ਫਰੈਂਜ਼ੋ ਤੋਂ 4513

- **ਸੰਸਦ 'ਚ ਮੁੜ ਦਾਖਲੇ ਲਈ ਪੋਲੀਵਰ ਵਾਸਤੇ ਚੋਣ ਜਿੱਤਣੀ ਜ਼ਰੂਰੀ**
- **ਪਿਛਲੀਆਂ ਚੋਣਾਂ ਵਿਚ ਨੇਪੀਅਨ ਕਾਰਲਟਨ ਤੋਂ ਹਾਰ ਦਾ ਕਰਨਾ ਪਿਆ ਸੀ ਸਾਹਮਣਾ**

ਵੋਟਾਂ ਦੇ ਫਰਕ ਨਾਲ ਹਾਰ ਗਏ ਸਨ। ਇਸ ਹਾਰ ਦਾ ਕਾਰਨ ਮੁੱਖ ਤੌਰ 'ਤੇ 52 ਉਮੀਦਵਾਰਾਂ ਦੀ ਮੌਜੂਦਗੀ ਮੰਨਿਆ ਗਿਆ ਸੀ, ਜਿਸ ਨਾਲ ਵੋਟਾਂ ਵੰਡੀਆਂ ਗਈਆਂ ਸਨ। ਹੁਣ ਪੋਲੀਵਰ ਕੈਲਗਰੀ ਨੇੜਲੇ ਬੈਟਲ ਰਿਵਰ ਕ੍ਰੋਫੁਟ ਹਲਕੇ ਤੋਂ ਜ਼ਿਮਨੀ ਚੋਣ ਲੜ ਰਹੇ ਹਨ। ਸੰਸਦ ਵਿਚ ਵਿਰੋਧੀ ਧਿਰ ਦੇ ਆਗੂ ਵਜੋਂ ਆਪਣੀ ਭੂਮਿਕਾ ਜਾਰੀ ਰੱਖਣ ਲਈ ਪੋਲੀਵਰ ਨੂੰ ਸੀਟ ਦੀ ਲੋੜ ਸੀ। ਇਸ ਲਈ ਬੈਟਲ ਰਿਵਰ ਕ੍ਰੋਫੁਟ ਤੋਂ ਪਿਛਲੀ ਵਾਰ ਦੇ ਜੇਤੂ ਕੰਜ਼ਰਵੇਟਿਵ ਸੰਸਦ ਮੈਂਬਰ ਡੇਮੀਅਨ ਕੁਰਕ ਨੇ ਪੋਲੀਵਰ ਲਈ ਆਪਣੀ ਸੀਟ ਤੋਂ ਅਸਤੀਫਾ ਦੇ ਦਿੱਤਾ ਸੀ। ਇਹ ਜ਼ਿਮਨੀ ਚੋਣ 18 ਅਗਸਤ ਨੂੰ ਹੋਵੇਗੀ ਅਤੇ ਇਸ ਲਈ ਰਿਕਾਰਡ 177 ਉਮੀਦਵਾਰ ਮੈਦਾਨ ਵਿਚ ਹਨ, ਜਿਸ ਕਾਰਨ ਮੁਕਾਬਲਾ ਕਾਫੀ ਦਿਲਚਸਪ ਬਣ ਗਿਆ ਹੈ। 1,07,980 ਦੀ ਆਬਾਦੀ ਅਤੇ 81,123 ਵੋਟਰਾਂ ਵਾਲਾ ਇਹ ਹਲਕਾ ਭੂਗੋਲਿਕ ਤੌਰ 'ਤੇ ਵੱਡਾ ਹੋਣ ਕਰਕੇ ਇੱਥੇ ਚੋਣ ਪ੍ਰਚਾਰ ਕਰਨਾ ਵੀ ਮੁਸ਼ਕਲ ਹੈ। ਸਿਆਸੀ ਵਿਸ਼ਲੇਸ਼ਕਾਂ ਦਾ ਕਹਿਣਾ ਹੈ ਕਿ ਪੋਲੀਵਰ ਨੂੰ ਪਾਰਟੀ ਆਗੂ ਹੋਣ ਦਾ ਫਾਇਦਾ ਜ਼ਰੂਰ ਮਿਲੇਗਾ, ਪਰ ਨਾਲ ਹੀ ਉਸ ਨੂੰ 'ਬਾਹਰਲੇ ਵਿਅਕਤੀ' ਹੋਣ ਕਾਰਨ ਕੁਝ ਵਿਰੋਧ ਦਾ ਵੀ ਸਾਹਮਣਾ ਕਰਨਾ ਪੈ ਸਕਦਾ ਹੈ।

**ਰੋਜ਼ਾਨਾਂ ਤਾਜ਼ੀਆਂ ਖਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ 'ਤੇ ਕਲਿੱਕ ਕਰੋ : www.punjabmailusa.com**




# ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਵੱਲੋਂ ਸਕੂਲ 'ਚ ਲਗਾਏ ਮੁਫ਼ਤ ਆਰ.ਓ. ਸਿਸਟਮ ਦਾ ਜ਼ਿਲ੍ਹਾ ਸਿੱਖਿਆ ਅਫ਼ਸਰ ਵੱਲੋਂ ਉਦਘਾਟਨ



ਸ਼ੇਰ ਸਿੰਘ ਪ੍ਰਾਇਮਰੀ ਸਕੂਲ ਸ੍ਰੀ ਮੁਕਤਸਰ ਸਾਹਿਬ ਵਿਖੇ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਵੱਲੋਂ ਲਗਾਏ ਮੁਫ਼ਤ ਆਰ.ਓ. ਸਿਸਟਮ ਦਾ ਉਦਘਾਟਨ ਕਰਦੇ ਹੋਏ ਸ. ਯਾਦਵਿੰਦਰ ਸਿੰਘ ਮਾਨ ਜ਼ਿਲ੍ਹਾ ਸਿੱਖਿਆ ਅਫ਼ਸਰ (ਐਲੀ., ਸਿੱਖਿਆ) ਅਤੇ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਇਕਾਈ ਸ੍ਰੀ ਮੁਕਤਸਰ ਸਾਹਿਬ ਟੀਮ ਦੇ ਸੇਵਾਦਾਰ ਅਤੇ ਸਕੂਲ ਸਟਾਫ।

**ਸ੍ਰੀ ਮੁਕਤਸਰ ਸਾਹਿਬ, (ਪੰਜਾਬ ਮੇਲ)-** ਡਾਕਟਰ ਸੁਰਿੰਦਰ ਪਾਲ ਸਿੰਘ ਓਬਰਾਏ ਵੱਲੋਂ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਫ਼ਲਸਫੇ ਨੂੰ ਅਪਣਾ ਕੇ (ਕਿਰਤ ਕਰੋ, ਨਾਮ ਜਪੋ, ਵੰਡ ਛਕੋ) ਮਾਨਵਤਾ ਦੀ ਸੇਵਾ ਲਈ ਬਹੁਤ ਹੀ ਵੱਡਾ ਯੋਗਦਾਨ ਪਾਇਆ ਜਾ ਰਿਹਾ ਹੈ। ਇਸ ਲੜੀ ਤਹਿਤ ਸ. ਜੱਸਾ ਸਿੰਘ ਸੰਧੂ ਕੌਮੀ ਪ੍ਰਧਾਨ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਮੈਡਮ ਇੰਦਰਜੀਤ ਕੌਰ ਡਾਇਰੈਕਟਰ ਐਜੂਕੇਸ਼ਨ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਦੀ ਰਹਿਨੁਮਾਈ ਹੇਠ ਸ਼ੇਰ ਸਿੰਘ ਪ੍ਰਾਇਮਰੀ ਸਕੂਲ ਵਿਚ ਬੱਚਿਆਂ ਨੂੰ ਸਾਫ਼ ਪਾਣੀ ਪੀਣ ਲਈ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਵੱਲੋਂ ਮੁਫ਼ਤ ਆਰ.ਓ. ਸਿਸਟਮ ਲਗਾਇਆ ਗਿਆ ਸੀ, ਜਿਸ ਦਾ ਉਦਘਾਟਨ ਸ. ਯਾਦਵਿੰਦਰ ਸਿੰਘ ਮਾਨ ਜ਼ਿਲ੍ਹਾ ਸਿੱਖਿਆ ਅਫ਼ਸਰ (ਐਲੀ.,ਸਿੱਖਿਆ) ਵੱਲੋਂ ਆਪਣੇ ਕਰ ਕਮਲਾਂ ਨਾਲ ਕੀਤਾ ਅਤੇ ਡਾਕਟਰ



ਡਾ. ਐੱਸ.ਪੀ. ਸਿੰਘ ਓਬਰਾਏ।

ਓਬਰਾਏ ਦੇ ਇਸ ਉਪਰਾਲੇ ਦੀ ਸ਼ਲਾਘਾ ਕੀਤੀ ਗਈ। ਅਰਵਿੰਦਰ ਪਾਲ ਸਿੰਘ ਚਾਹਲ ਬੂੜਾ ਗੁੱਜਰ ਜ਼ਿਲ੍ਹਾ ਪ੍ਰਧਾਨ ਸ੍ਰੀ ਮੁਕਤਸਰ ਸਾਹਿਬ ਨੇ ਦੱਸਿਆ ਕਿ ਮਾਲਵਾ ਖੇਤਰ ਦਾ ਪਾਣੀ ਬਹੁਤ ਹੀ ਮਾੜਾ ਹੈ ਅਤੇ ਪੀਣ ਯੋਗ ਨਹੀਂ ਹੈ। ਲੋਕ ਵੱਖ-ਵੱਖ ਬੀਮਾਰੀਆਂ ਦਾ ਸ਼ਿਕਾਰ ਹੋ ਰਹੇ ਹਨ, ਤਾਂ ਧਰਤੀ ਹੇਠਲੇ ਪਾਣੀ ਨੂੰ ਪੀ ਕੇ ਬੱਚਿਆਂ ਦੀ ਸਿਹਤ 'ਤੇ ਵੀ ਬੁਰਾ ਪ੍ਰਭਾਵ ਪੈ ਰਿਹਾ ਸੀ।

ਸਕੂਲ ਵੱਲੋਂ ਅਤੇ ਬੱਚਿਆਂ ਦੇ ਮਾਪਿਆਂ ਵੱਲੋਂ ਡਾਕਟਰ ਐੱਸ.ਪੀ. ਸਿੰਘ ਓਬਰਾਏ ਨੂੰ ਸਕੂਲ ਵਿਚ ਆਰ.ਓ. ਸਿਸਟਮ ਲਗਾਉਣ ਦੀ ਮੰਗ ਕੀਤੀ ਗਈ ਸੀ, ਤਾਂ ਡਾਕਟਰ ਓਬਰਾਏ ਵਲੋਂ ਤੁਰੰਤ ਆਰ.ਓ. ਲਗਵਾਇਆ ਗਿਆ ਸੀ। ਸਕੂਲ ਸਟਾਫ ਵੱਲੋਂ ਅਤੇ ਬੱਚਿਆਂ ਵੱਲੋਂ ਡਾ. ਓਬਰਾਏ ਦਾ ਧੰਨਵਾਦ ਕੀਤਾ ਗਿਆ। ਇਸ ਮੌਕੇ ਬਲਵਿੰਦਰ ਸਿੰਘ ਬਰਾੜ ਰਿਟਾ. ਪ੍ਰਿੰਸੀਪਲ, ਮਲਕੀਤ ਸਿੰਘ ਰਿਟਾ. ਬੈਂਕ ਮੈਨੇਜਰ ਮੀਤ ਪ੍ਰਧਾਨ, ਮਾਸਟਰ ਰਾਜਿੰਦਰ ਸਿੰਘ, ਅਸ਼ੋਕ ਕੁਮਾਰ, ਬਰਨੇਕ ਸਿੰਘ ਰਿਟਾ. ਲੈਕਚਰਾਰ, ਸੁਖਬੀਰ ਸਿੰਘ ਜੈਲਦਾਰ, ਗੁਰਚਰਨ ਸਿੰਘ ਭੋਣ, ਪਰਮਜੀਤ ਕੌਰ ਬਰਾੜ, ਸਕੂਲ ਦੇ ਮੁੱਖ ਅਧਿਆਪਕ, ਸਕੂਲ ਦੇ ਬੱਚਿਆਂ ਦੇ ਮਾਪਿਆਂ ਤੋਂ ਇਲਾਵਾ ਮਹੱਲਾ ਵਾਸੀ ਵੀ ਹਾਜ਼ਰ ਸਨ।

# ਸ੍ਰੀ ਅਨੰਦਪੁਰ ਸਾਹਿਬ ਦੀ ਪਾਕ-ਪਵਿੱਤਰ ਧਰਤੀ 'ਤੇ ਖੋਲ੍ਹੀ ਯੂਨੀਵਰਸਿਟੀ ਹਰ ਵਰਗ ਨੂੰ ਦੇਵੇਗੀ ਬਿਲਕੁਲ ਮੁਫਤ ਵਿੱਦਿਆ : ਡਾ. ਐੱਸ.ਪੀ. ਸਿੰਘ ਓਬਰਾਏ

**ਸ੍ਰੀ ਮੁਕਤਸਰ ਸਾਹਿਬ, (ਪੰਜਾਬ ਮੇਲ)-** ਦੁਬਈ ਦੇ ਉੱਘੇ ਕਾਰੋਬਾਰੀ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਦੇ ਸਰਪ੍ਰਸਤ ਡਾਕਟਰ ਐੱਸ.ਪੀ. ਸਿੰਘ ਓਬਰਾਏ ਜੋ ਬਿਨਾਂ ਕਿਸੇ ਕੋਲੋਂ ਇੱਕ ਵੀ ਰੁਪਿਆ ਇਕੱਠਾ ਕੀਤਿਆਂ ਆਪਣੀ ਨੇਕ ਕਮਾਈ ਵਿਚੋਂ ਹਰ ਸਾਲ ਕਰੋੜਾਂ ਰੁਪਿਆ ਦਾਨ ਵਜੋਂ ਖਰਚ ਕਰ ਰਹੇ ਹਨ। ਉਨ੍ਹਾਂ ਵੱਲੋਂ ਲੋੜਵੰਦਾਂ ਅਤੇ ਗ਼ਰੀਬਾਂ ਦੇ ਉਥਾਨ ਲਈ ਇੱਕ ਵਿਸ਼ੇਸ਼ ਯੂਨੀਵਰਸਿਟੀ ਸਥਾਪਤ ਕਰਨ ਦਾ ਸੁਪਨਾ ਲਿਆ ਸੀ।



ਡਾ. ਐੱਸ.ਪੀ. ਸਿੰਘ ਓਬਰਾਏ।

ਇਸ ਪ੍ਰੋਜੈਕਟ ਲਈ ਤਕਨੀਕੀ ਸ਼ਰਤਾਂ ਪੂਰੀਆਂ ਕਰਨ ਲਈ ਅੱਗੇ ਵਧਦੇ ਹੋਏ ਜ਼ਮੀਨ ਦੀ ਖਰੀਦ ਕਰਨ ਉਪਰੰਤ, ਯੂਨੀਵਰਸਿਟੀ ਦੇ ਐਕਟ ਦੀ ਬਣਤਰ ਬੁਣ ਲਈ ਗਈ ਅਤੇ ਆਰੰਭਲੇ ਕੋਰਸਾਂ ਬਾਰੇ ਫੈਸਲਾ ਕਰਨ ਉਪਰੰਤ ਦੱਸਿਆ ਗਿਆ ਕਿ ਕੋਰਸ ਛੋਟੇ ਅਤੇ ਆਨਲਾਈਨ ਵੀ ਹੋਣਗੇ।

ਅਰਵਿੰਦਰ ਪਾਲ ਸਿੰਘ ਚਾਹਲ ਬੂੜਾ ਗੁੱਜਰ ਪ੍ਰਧਾਨ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਜ਼ਿਲ੍ਹਾ ਸ੍ਰੀ ਮੁਕਤਸਰ ਸਾਹਿਬ ਨੇ ਦੱਸਿਆ ਕਿ ਡਾ. ਓਬਰਾਏ ਨੇ ਦੱਸਿਆ ਕਿ ਮੇਰੀ ਇੱਕੋ ਪ੍ਰਬਲ ਇੱਛਾ ਹੈ ਕਿ ਮੈਂ ਆਪਣੀ ਕੌਮ ਨੂੰ ਇਸ ਉਲਾਹਮੇ ਤੋਂ ਮੁਕਤ ਕਰ ਸਕਾਂ। ਅੱਜ ਤੱਕ ਇੱਕ ਵੀ ਅਜਿਹਾ ਵਿੱਦਿਅਕ ਅਦਾਰਾ ਨਹੀਂ, ਜਿੱਥੇ ਆਧੁਨਿਕ ਸਿੱਖਿਆ ਵੀ ਹੋਵੇ, ਕਿੱਤਾ ਮੁਖੀ ਵੀ ਹੋਵੇ ਅਤੇ ਫੀਸ ਮੁਕਤ ਵੀ। ਡਾਕਟਰ ਓਬਰਾਏ ਨੇ ਦੱਸਿਆ ਕਿ ਕਿਸੇ ਵੀ ਵਿਦਿਆਰਥੀ ਤੋਂ ਨਾ ਐਡਮਿਸ਼ਨ ਫੀਸ, ਨਾ ਟਿਊਸ਼ਨ ਫੀਸ, ਨਾ ਹੋਸਟਲ ਖ਼ਰਚਾ ਲਿਆ ਜਾਵੇਗਾ। ਇਹ ਯੂਨੀਵਰਸਿਟੀ ਅਕਾਦਮਿਕ ਉੱਤਮਤਾ, ਨਵੀਨਤਾ ਅਤੇ ਸਮਾਵੇਸ਼ੀ ਵਿਕਾਸ ਦਾ ਕੇਂਦਰ ਬਣੇਗੀ।

ਪ੍ਰੋ. ਡਾਕਟਰ ਐੱਸ.ਪੀ. ਸਿੰਘ ਓਬਰਾਏ, ਜੋ ਸਨੀ ਓਬਰਾਏ ਵਿਵੇਕ ਸਦਨ ਸ੍ਰੀ ਅਨੰਦਪੁਰ ਸਾਹਿਬ (ਫਿਊਚਰਿਸਟਿਕ ਯੂਨੀਵਰਸਿਟੀ) ਦੇ ਚਾਂਸਲਰ ਹਨ, ਨੇ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਵਜੋਂ ਸੁਪ੍ਰਸਿੱਧ ਸਿੱਖ ਚਿੰਤਕ ਕੌਮਾਂਤਰੀ ਅਕਾਦਮੀਸ਼ੀਅਨ ਡਾਕਟਰ ਸਰਬਜਿੰਦਰ ਸਿੰਘ ਨੂੰ ਰੁਤਬੇ ਆਸੀਨ ਕਰ ਦਿੱਤਾ ਗਿਆ ਹੈ। ਵਾਈਸ ਚਾਂਸਲਰ ਸਹਿਬ ਨੇ ਡਾ. ਭੁਪਿੰਦਰ ਕੌਰ ਨੂੰ ਪ੍ਰੋਫੈਸਰ ਡੀਨ, ਡਾ. ਰਾਜਿੰਦਰ ਸਿੰਘ ਅਟਵਾਲ ਨੂੰ ਚਕਿਤਸਾ ਵਿਭਾਗ ਦੇ ਮੁਖੀ ਤੇ ਪ੍ਰੋਫੈਸਰ ਆਫ ਐਮੀਨੈਂਸ, ਸਮ੍ਰਿਤੀ ਪੁਰੀ ਜੀ.ਐੱਸ.ਟੀ. ਤੇ ਇਨਕਮ ਟੈਕਸ ਵਿਭਾਗ ਦੇ ਐਸੋਸੀਏਟ ਪ੍ਰੋਫੈਸਰ, ਸੁਰਿੰਦਰ ਸਿੰਘ ਨੂੰ ਚੀਫ ਉਸਾਰੀ ਵਿਭਾਗ ਜਲਦੀ ਤੋਂ ਜਲਦੀ ਨਿਯੁਕਤ ਕਰਨ ਦਾ ਇਸ਼ਾਰਾ ਕਰ ਦਿੱਤਾ ਗਿਆ ਹੈ।

ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਇਕਾਈ ਸ੍ਰੀ ਮੁਕਤਸਰ ਸਾਹਿਬ ਸਮੂਹ ਟੀਮ ਦੇ ਸੇਵਾਦਾਰਾਂ ਨੇ ਦੱਸਿਆ ਕਿ ਉਪਰੋਕਤ ਪ੍ਰੋਜੈਕਟ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਦੀ ਸ਼ਾਨਦਾਰ ਵਿਰਾਸਤ ਵਿਚ ਇੱਕ ਹੋਰ ਚਮਕਦਾ ਹੀਰਾ ਸਾਬਤ ਹੋਵੇਗਾ।

ਯੂਨੀਵਰਸਿਟੀ ਦੇ ਵਾਈਸ ਚਾਂਸਲਰ ਦੇ ਦਫ਼ਤਰ ਦਾ ਰਸਮੀ ਉਦਘਾਟਨ ਕੀਤਾ ਜਾ ਚੁੱਕਾ ਹੈ। ਇਸ ਤੋਂ ਬਾਅਦ ਯੂਨੀਵਰਸਿਟੀ ਦੀਆਂ ਸਾਰੀਆਂ ਜ਼ਿੰਮੇਵਾਰੀਆਂ ਬਹੁਤ ਹੀ ਰਸਮੀ ਤਰੀਕੇ ਨਾਲ ਪ੍ਰੋ. ਡਾ. ਸਰਬਜਿੰਦਰ ਸਿੰਘ ਨੂੰ ਸੌਂਪੀਆਂ ਗਈਆਂ, ਜਿਨ੍ਹਾਂ ਨੇ ਯੂਨੀਵਰਸਿਟੀ ਨੂੰ ਸਿੱਖਿਆ ਦੇ ਖੇਤਰ 'ਚ ਨਵੀਆਂ ਬੁਲੰਦੀਆਂ 'ਤੇ ਲਿਜਾਣ ਦਾ ਪ੍ਰਣ ਲਿਆ।

ਰੋਜ਼ਾਨਾਂ ਤਾਜ਼ੀਆਂ ਖ਼ਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ 'ਤੇ ਕਲਿੱਕ ਕਰੋ : www.punjabmailusa.com







# ਸ਼ਹੀਦੀ ਸ਼ਤਾਬਦੀ: ਗਾਇਕ ਬੀਰ ਸਿੰਘ ਨੇ ਮਰਿਆਦਾ ਦੀ ਉਲੰਘਣਾ ਲਈ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਮੁਆਫ਼ੀ ਮੰਗੀ

■ ਭਵਿੱਖ 'ਚ ਅਜਿਹੀਆਂ ਗਲਤੀਆਂ ਨਹੀਂ ਦੁਹਰਾਈਆਂ ਜਾਣਗੀਆਂ: ਬੀਰ ਸਿੰਘ





**ਪਟਿਆਲਾ, (ਪੰਜਾਬ ਮੇਲ)-** ਗਾਇਕ ਅਤੇ ਕਲਾਕਾਰ ਬੀਰ ਸਿੰਘ ਨੇ ਸ੍ਰੀਨਗਰ ਵਿਚ ਹੋਏ ਗੁਰੂ ਤੇਗ ਬਹਾਦਰ ਜੀ ਦੇ 350ਵੇਂ ਸ਼ਹੀਦੀ ਪੁਰਬ ਨੂੰ ਸਮਰਪਿਤ ਪ੍ਰੋਗਰਾਮ ਦੌਰਾਨ ਕੀਤੇ ਗਏ ਨੱਚ-ਟੱਪ ਕੇ ਕੀਤੇ ਮਨੋਰੰਜਨ ਪ੍ਰਦਰਸ਼ਨਾਂ ਲਈ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਮੁਆਫ਼ੀ ਮੰਗ ਲਈ ਹੈ।

ਗਾਇਕ ਬੀਰ ਸਿੰਘ ਵੱਲੋਂ ਇਕ ਵੀਡੀਓ ਜਾਰੀ ਕਰਕੇ ਕਿਹਾ ਗਿਆ, "ਮੈਂ ਆਸਟਰੇਲੀਆ ਤੋਂ ਸਿੱਧਾ ਸ੍ਰੀਨਗਰ ਪਹੁੰਚਿਆ ਅਤੇ ਇੱਥੇ ਪਹੁੰਚਣ 'ਤੇ ਸਾਡੇ ਫ਼ੋਨ ਨੈੱਟਵਰਕ ਨੇ ਕੰਮ ਕਰਨਾ ਬੰਦ ਕਰ ਦਿੱਤਾ। ਸਭ ਤੋਂ ਵੱਡੀ ਗਲਤੀ ਮੇਰੀ ਮੈਨੇਜਮੈਂਟ ਟੀਮ ਨੇ ਕੀਤੀ, ਜਿਸ ਨੇ ਮੈਨੂੰ ਪ੍ਰੋਗਰਾਮ ਬਾਰੇ ਸਹੀ ਜਾਣਕਾਰੀ ਨਹੀਂ ਦਿੱਤੀ। ਅਸੀਂ ਪਹਿਲਾਂ ਹੀ ਪੰਜਾਬੀ ਸਾਹਿਤ ਅਕੈਡਮੀ ਨਾਲ ਕੁਝ ਵਪਾਰਕ ਪ੍ਰੋਗਰਾਮ ਕਰ ਚੁੱਕਿਆ ਸੀ ਅਤੇ ਅਸੀਂ ਇਸ ਨੂੰ ਉਸੇ ਤਰਜ਼ 'ਤੇ ਸ਼ੁਰੂ ਕਰ ਦਿੱਤਾ।"

ਉਨ੍ਹਾਂ ਹੋਰ ਕਿਹਾ, "ਮੈਂ ਸਿੱਧਾ ਸਟੇਜ 'ਤੇ ਗਿਆ ਕਿਉਂਕਿ ਮੇਰਾ ਸਾਰਾ ਧਿਆਨ ਦਰਸ਼ਕਾਂ 'ਤੇ ਸੀ। ਮੈਨੂੰ ਸਟੇਜ ਦੇ ਪਿੱਛੇ ਬੈਨਰ ਨਹੀਂ ਦਿਖਾਈ ਦਿੱਤਾ। ਇਹ ਮੇਰੀ ਗਲਤੀ ਹੈ। ਮੈਨੂੰ ਪ੍ਰੋਗਰਾਮ ਸ਼ੁਰੂ ਕਰਨ ਤੋਂ ਪਹਿਲਾਂ ਪ੍ਰੋਗਰਾਮ ਬਾਰੇ ਸਾਰੀ ਜਾਣਕਾਰੀ ਲੈਣੀ ਚਾਹੀਦੀ ਸੀ। ਜਦੋਂ ਸਾਨੂੰ ਅਹਿਸਾਸ ਹੋਇਆ ਕਿ ਇਹ ਪ੍ਰੋਗਰਾਮ ਗੁਰੂ ਤੇਗ ਬਹਾਦਰ ਸਾਹਿਬ ਦੀ ਸ਼ਹਾਦਤ ਨੂੰ ਸਮਰਪਿਤ ਹੈ, ਤਾਂ ਅਸੀਂ ਤੁਰੰਤ ਪ੍ਰੋਗਰਾਮ ਬੰਦ ਕਰ ਦਿੱਤਾ।" ਉਨ੍ਹਾਂ ਨਾਲ ਹੀ ਕਿਹਾ, "ਮੈਂ ਆਪਣੀ ਗਲਤੀ ਮੰਨਦਾ ਹਾਂ, ਅਸੀਂ ਭਵਿੱਖ ਵਿਚ ਕਦੇ ਵੀ ਉਨ੍ਹਾਂ ਨਾਲ ਕੰਮ ਨਹੀਂ ਕਰਾਂਗੇ। ਇਹ ਨਿਮਾਣਾ ਸੇਵਕ ਅਕਾਲ ਤਖ਼ਤ ਸਾਹਿਬ, ਜਥੇਦਾਰ ਸਾਹਿਬ ਅਤੇ ਸਮੁੱਚੀ ਸਿੱਖ ਕੌਮ ਨੂੰ ਅਪੀਲ ਕਰਦਾ ਹੈ ਕਿ ਮੈਂ ਆਪਣੀ ਗਲਤੀ ਲਈ ਮੁਆਫ਼ੀ ਮੰਗਣ ਲਈ ਤਿਆਰ ਹਾਂ। ਤੁਸੀਂ ਜੋ ਵੀ ਸੇਵਾ ਢੁੱਕਵੀਂ ਸਮਝੋਗੇ, ਮੈਂ ਉਸ ਨੂੰ ਸਵੀਕਾਰ ਕਰਦਾ ਹਾਂ। ਮੈਂ ਇੱਕ ਸਿੱਖ ਬੱਚਾ ਹਾਂ, ਗੁਰੂ ਸਾਹਿਬ ਅਤੇ ਸਿੱਖ ਸੰਗਤ ਮੁਆਫ਼ ਕਰਨ ਵਾਲੇ ਹਨ। ਮੈਂ ਕਦੀ ਵੀ ਅਜਿਹਾ ਕੁੱਝ ਨਹੀਂ ਕੀਤਾ, ਜੋ ਪੰਥ ਦੇ ਵਿਰੋਧ ਵਿਚ ਹੋਵੇ। ਭਵਿੱਖ ਵਿਚ ਅਜਿਹੀਆਂ ਗਲਤੀਆਂ ਨਹੀਂ ਦੁਹਰਾਈਆਂ ਜਾਣਗੀਆਂ।"

ਦੱਸ ਦਈਏ ਕਿ ਇਹ ਸਮਾਗਮ ਪੰਜਾਬ ਸਰਕਾਰ ਦੇ ਭਾਸ਼ਾ ਵਿਭਾਗ ਵੱਲੋਂ ਗੁਰੂ ਤੇਗ ਬਹਾਦਰ ਜੀ ਦੇ ਜੀਵਨ, ਵਿਰਾਸਤ ਅਤੇ ਸਰਬੋਤਮ ਕੁਰਬਾਨੀ ਨੂੰ ਸਮਰਪਿਤ ਇੱਕ ਸੈਮੀਨਾਰ ਦੇ ਹਿੱਸੇ ਵਜੋਂ ਕੀਤਾ ਗਿਆ ਸੀ।

## ਆਮਦਨ ਤੋਂ ਵੱਧ ਜਾਇਦਾਦ ਦਾ ਮਾਮਲਾ: ਮਜੀਠੀਆ ਦੀ ਪਟੀਸ਼ਨ 'ਤੇ ਹਾਈਕੋਰਟ 'ਚ ਹੋਈ ਸੁਣਵਾਈ



**ਚੰਡੀਗੜ੍ਹ, (ਪੰਜਾਬ ਮੇਲ)-** ਆਮਦਨ ਤੋਂ ਵੱਧ ਜਾਇਦਾਦ ਦੇ ਮਾਮਲੇ 'ਚ ਨਾਭਾ ਜੇਲ੍ਹ 'ਚ ਬੰਦ ਅਕਾਲੀ ਦਲ ਦੇ ਸੀਨੀਅਰ ਆਗੂ ਬਿਕਰਮ ਮਜੀਠੀਆ ਦੀ ਪਟੀਸ਼ਨ 'ਤੇ ਪੰਜਾਬ ਅਤੇ ਹਰਿਆਣਾ ਹਾਈਕੋਰਟ 'ਚ ਸੁਣਵਾਈ ਹੋਈ।

ਅਦਾਲਤ 'ਚ ਮਜੀਠੀਆ ਦੇ ਵਕੀਲਾਂ ਵਲੋਂ ਪਟੀਸ਼ਨ ਨੂੰ ਬਦਲਣ ਲਈ ਚਾਰ ਹੋਰ ਹਫ਼ਤਿਆਂ ਦਾ ਸਮਾਂ ਮੰਗਿਆ ਗਿਆ ਹੈ, ਜਿਸ ਤੋਂ ਬਾਅਦ ਅਦਾਲਤ ਨੇ ਇਸ ਮਾਮਲੇ ਦੀ ਅਗਲੀ ਸੁਣਵਾਈ 26 ਅਗਸਤ ਨੂੰ ਹੋਣੀ ਤੈਅ ਕੀਤੀ ਹੈ।

ਦੱਸਣਯੋਗ ਹੈ ਕਿ ਮਜੀਠੀਆ ਨੇ ਆਪਣੀ ਗ੍ਰਿਫ਼ਤਾਰੀ ਨੂੰ ਚੁਣੌਤੀ ਦੇਣ ਵਾਲੀ ਪਟੀਸ਼ਨ ਅਦਾਲਤ 'ਚ ਦਾਇਰ ਕੀਤੀ ਹੋਈ ਹੈ, ਜਿਸ 'ਤੇ ਸੁਣਵਾਈ ਹੋਈ। ਉਧਰ ਬਿਕਰਮ ਮਜੀਠੀਆ ਨੇ ਸੋਮਵਾਰ ਨੂੰ ਅਦਾਲਤ 'ਚ ਅਰਜ਼ੀ ਦਾਇਰ ਕਰਕੇ ਆਪਣੀ ਮੁਕੱਦਮੇ ਦੀ ਕਾਰਵਾਈ ਦੀ ਲਾਈਵ ਸਟ੍ਰੀਮਿੰਗ ਦੀ ਮੰਗ ਕੀਤੀ ਅਤੇ ਆਮਦਨ ਤੋਂ ਵੱਧ ਜਾਇਦਾਦ ਦੇ ਮਾਮਲੇ 'ਚ ਚੱਲ ਰਹੀਆਂ ਸੁਣਵਾਈਆਂ ਦੀ ਇਨ-ਕੈਮਰਾ ਪ੍ਰੋਸੀਡਿੰਗ ਦਾ ਵਿਰੋਧ ਕੀਤਾ ਹੈ। ਨਾਭਾ ਜੇਲ੍ਹ 'ਚ ਬੰਦ ਮਜੀਠੀਆ ਨੇ ਆਪਣੇ ਵਕੀਲ ਵਕੀਲ ਰਾਹੀਂ ਦਾਇਰ ਕੀਤੀ ਅਰਜ਼ੀ 'ਚ ਦਲੀਲ ਦਿੱਤੀ ਹੈ ਕਿ ਜਨਤਾ ਅਤੇ ਮੀਡੀਆ ਨੂੰ ਮਾਮਲੇ ਦੀ ਸੁਣਵਾਈ ਦੌਰਾਨ ਹਾਜ਼ਰ ਰਹਿਣ ਦੀ ਇਜਾਜ਼ਤ ਦਿੱਤੀ ਜਾਣੀ ਚਾਹੀਦੀ ਹੈ।

# ਭਾਰਤ 'ਚ ਅਮਰੀਕੀ ਦੂਤਘਰ ਵੱਲੋਂ ਸਖਤ ਚੇਤਾਵਨੀ ਜਾਰੀ

■ ਅਮਰੀਕਾ 'ਚ ਕਾਨੂੰਨਾਂ ਦੀ ਉਲੰਘਣਾ ਕਰਨ ਵਾਲਿਆਂ ਦਾ ਰੱਦ ਕੀਤਾ ਜਾ ਸਕਦੈ ਵੀਜ਼ਾ

**ਨਵੀਂ ਦਿੱਲੀ, (ਪੰਜਾਬ ਮੇਲ)-** ਭਾਰਤ ਵਿਚ ਅਮਰੀਕੀ ਦੂਤਘਰ ਨੇ ਸ਼ਨੀਵਾਰ ਨੂੰ ਇੱਕ ਸਖ਼ਤ ਚੇਤਾਵਨੀ ਜਾਰੀ ਕੀਤੀ, ਜਿਸ ਮੁਤਾਬਕ ਅਮਰੀਕਾ ਵਿਚ ਅਪਰਾਧ ਕਰਨ ਵਾਲੇ ਜਾਂ ਕਾਨੂੰਨਾਂ ਦੀ ਉਲੰਘਣਾ ਕਰਨ ਵਾਲੇ ਵਿਦੇਸ਼ੀ ਸੈਲਾਨੀਆਂ ਦਾ ਵੀਜ਼ਾ ਰੱਦ ਕੀਤਾ ਜਾ ਸਕਦਾ ਹੈ। ਐਕਸ 'ਤੇ ਇੱਕ ਪੋਸਟ 'ਚ ਦੂਤਘਰ ਨੇ ਕਿਹਾ, "ਅਮਰੀਕਾ ਕਾਨੂੰਨ ਅਤੇ ਵਿਵਸਥਾ ਦਾ ਸਮਾਜ ਹੈ। ਵਿਦੇਸ਼ੀ ਸੈਲਾਨੀਆਂ ਦੁਆਰਾ ਹਮਲੇ ਵਰਗੇ ਅਪਰਾਧਾਂ ਨੂੰ ਬਰਦਾਸ਼ਤ ਨਹੀਂ ਕੀਤਾ ਜਾਵੇਗਾ। ਜੇਕਰ ਤੁਸੀਂ ਅਮਰੀਕਾ ਵਿਚ ਕਾਨੂੰਨ ਤੋੜਦੇ ਹੋ, ਤਾਂ ਤੁਹਾਡਾ ਅਮਰੀਕੀ ਵੀਜ਼ਾ ਰੱਦ ਕੀਤਾ ਜਾ ਸਕਦਾ ਹੈ ਅਤੇ ਤੁਸੀਂ ਜ਼ਿੰਦਗੀ ਭਰ ਲਈ ਅਮਰੀਕਾ ਪਰਤਣ ਦੇ ਅਯੋਗ ਹੋ ਸਕਦੇ ਹੋ।"

ਇਹ ਚੇਤਾਵਨੀ ਇਸ ਮਹੀਨੇ ਦੇ ਸ਼ੁਰੂ ਵਿਚ ਅਮਰੀਕੀ ਦੂਤਘਰ ਦੁਆਰਾ ਜਾਰੀ ਕੀਤੀਆਂ ਗਈਆਂ ਸਮਾਨ ਸਲਾਹਾਂ ਦੀ ਇੱਕ ਲੜੀ ਤੋਂ ਬਾਅਦ ਹੈ।

ਦੂਤਘਰ ਨੇ ਪੋਸਟ ਕੀਤਾ, "ਜੇਕਰ ਤੁਹਾਨੂੰ ਅਮਰੀਕਾ ਵਿਚ ਹਮਲੇ, ਘਰੇਲੂ ਹਿੰਸਾ, ਜਾਂ ਹੋਰ ਅਪਰਾਧਾਂ ਲਈ ਗ੍ਰਿਫਤਾਰ ਕੀਤਾ ਜਾਂਦਾ ਹੈ, ਤਾਂ ਤੁਹਾਡਾ ਅਮਰੀਕੀ ਵੀਜ਼ਾ ਰੱਦ ਕੀਤਾ ਜਾ ਸਕਦਾ ਹੈ ਅਤੇ ਤੁਸੀਂ ਭਵਿੱਖ ਵਿਚ ਅਮਰੀਕੀ ਵੀਜ਼ਾ ਲਈ ਅਯੋਗ ਹੋ ਸਕਦੇ ਹੋ। ਵੀਜ਼ਾ ਇੱਕ ਵਿਸ਼ੇਸ਼ ਅਧਿਕਾਰ ਹੈ, ਅਧਿਕਾਰ ਨਹੀਂ - ਜੋ ਕਾਨੂੰਨ ਤੋੜਨ 'ਤੇ ਰੱਦ ਕੀਤਾ ਜਾ ਸਕਦਾ ਹੈ।"

ਇਸ ਤੋਂ ਪਹਿਲਾਂ 16 ਜੁਲਾਈ ਨੂੰ ਦੂਤਘਰ ਨੇ ਇੱਕ ਬਿਆਨ ਜਾਰੀ ਕੀਤਾ ਸੀ, ਜਿਸ ਵਿਚ ਇਸ ਗੱਲ ਦਾ ਜ਼ਿਕਰ ਕੀਤਾ ਗਿਆ ਸੀ ਕਿ ਅਮਰੀਕਾ ਵਿਚ ਹਮਲਾ, ਚੋਰੀ ਕਰਨ ਵਾਲਿਆਂ ਦਾ ਵੀਜ਼ਾ ਰੱਦ ਕੀਤਾ ਜਾ ਸਕਦਾ ਹੈ ਅਤੇ ਉਹ ਭਵਿੱਖ ਵਿਚ ਅਮਰੀਕੀ ਵੀਜ਼ਾ ਲਈ ਅਯੋਗ ਹੋ ਸਕਦਾ ਹੈ। ਅਮਰੀਕਾ ਕਾਨੂੰਨ ਅਤੇ ਵਿਵਸਥਾ ਦੀ ਕਦਰ ਕਰਦਾ ਹੈ ਅਤੇ ਵਿਦੇਸ਼ੀ ਸੈਲਾਨੀਆਂ ਤੋਂ ਸਾਰੇ ਅਮਰੀਕੀ ਕਾਨੂੰਨਾਂ ਦੀ ਪਾਲਣਾ ਕਰਨ ਦੀ ਉਮੀਦ ਕਰਦਾ ਹੈ।

# ਇਸ ਸਾਲ ਅਪ੍ਰੈਲ ਤੋਂ ਜੁਲਾਈ ਤੱਕ ਭਾਰਤ 'ਚ ਕੋਵਿਡ ਨਾਲ 164 ਮੌਤਾਂ

■ ਸਿਹਤ ਮੰਤਰਾਲੇ ਨੇ ਲੋਕ ਸਭਾ 'ਚ ਵੇਰਵੇ ਕੀਤੇ ਸਾਂਝੇ



**ਨਵੀਂ ਦਿੱਲੀ, (ਪੰਜਾਬ ਮੇਲ)-** ਕੇਂਦਰੀ ਸਿਹਤ ਅਤੇ ਪਰਿਵਾਰ ਭਲਾਈ ਮੰਤਰਾਲੇ ਨੇ ਲੋਕ ਸਭਾ ਵਿਚ ਦੱਸਿਆ ਕਿ ਇਸ ਸਾਲ 1 ਅਪ੍ਰੈਲ ਤੋਂ 22 ਜੁਲਾਈ ਵਿਚਕਾਰ ਭਾਰਤ ਵਿਚ ਕੋਵਿਡ-19 ਨਾਲ ਸਬੰਧਤ 164 ਮੌਤਾਂ ਦਰਜ ਕੀਤੀਆਂ ਗਈਆਂ ਹਨ। ਇਨ੍ਹਾਂ ਵਿਚੋਂ ਜ਼ਿਆਦਾਤਰ ਉਹ ਲੋਕ ਸ਼ਾਮਲ ਹਨ, ਜੋ ਪਹਿਲਾਂ ਕਿਸੇ ਬਿਮਾਰੀ ਤੋਂ ਪੀੜਤ ਹਨ।

ਸਿਹਤ ਅਤੇ ਪਰਿਵਾਰ ਭਲਾਈ ਰਾਜ ਮੰਤਰੀ ਪ੍ਰਤਾਪਰਾਓ ਜਾਧਵ ਨੇ ਕਿਹਾ ਕਿ ਮਈ ਦੇ ਅੰਤ ਤੋਂ ਕੋਵਿਡ-19 ਦੇ ਮਾਮਲਿਆਂ ਵਿਚ ਥੋੜ੍ਹਾ ਜਿਹਾ ਇਜ਼ਾਫ਼ਾ ਹੋਇਆ ਸੀ ਪਰ ਜੂਨ ਤੱਕ ਸਥਿਤੀ ਵਿਚ ਕਾਫ਼ੀ ਸੁਧਾਰ ਹੋਇਆ। ਵੱਖ-ਵੱਖ ਰਾਜਾਂ ਅਤੇ ਕੇਂਦਰ ਸ਼ਾਸਿਤ ਪ੍ਰਦੇਸ਼ਾਂ ਦੁਆਰਾ ਰਿਪੋਰਟ ਕੀਤੇ ਗਏ ਅੰਕੜੇ ਸਿਹਤ ਮੰਤਰਾਲੇ ਦੀ ਅਧਿਕਾਰਤ ਵੈਬਸਾਈਟ 'ਤੇ ਉਪਲਬਧ ਹਨ। ਉਨ੍ਹਾਂ ਕਿਹਾ ਕਿ ਸਰਕਾਰ ਚਾਰ ਨਵੇਂ ਨੈਸ਼ਨਲ ਇੰਸਟੀਚਿਊਟ ਆਫ਼ ਵਾਇਰੋਲੋਜੀ, ਇੱਕ ਨੈਸ਼ਨਲ ਇੰਸਟੀਚਿਊਟ ਫਾਰ ਵਨ ਹੈਲਥ ਅਤੇ ਅੰਤਰਰਾਸ਼ਟਰੀ ਸਿਹਤ ਜ਼ੋਖ਼ਮਾਂ ਦੇ ਪ੍ਰਬੰਧਨ ਲਈ ਹਵਾਈ ਅੱਡੇ ਦੇ ਸਿਹਤ ਦਫਤਰਾਂ ਅਤੇ ਕੁਆਰੰਟੀਨ ਸੈਂਟਰਾਂ ਦਾ ਵਿਸਥਾਰ ਵੀ ਕਰ ਰਹੀ ਹੈ। ਇਹ ਪਹਿਲਕਦਮੀਆਂ ਭਵਿੱਖ ਦੀਆਂ ਮਹਾਂਮਾਰੀਆਂ ਅਤੇ ਸਿਹਤ ਐਮਰਜੈਂਸੀ ਤੋਂ ਦੇਸ਼ ਦੀ ਰੱਖਿਆ ਲਈ ਇੱਕ ਲੰਬੇ ਸਮੇਂ ਦੀ ਰਣਨੀਤੀ ਦਾ ਹਿੱਸਾ ਹਨ।

# ਵੈਨਿਸ ਫਿਲਮ ਮੇਲੇ 'ਚ ਹੋਵੇਗਾ ਮਦਰ ਟੈਰੇਸਾ 'ਤੇ ਬਣੀ ਫਿਲਮ ਦਾ ਪ੍ਰੀਮੀਅਰ

■ ਮਸ਼ਹੂਰ ਮਕਦੂਨਿਆਈ ਫਿਲਮ ਡਾਇਰੈਕਟਰ ਟੀਓਨਾ ਸਟਰੂਗਰ ਮਿਤੇਵਸਕਾ ਨੇ ਬਣਾਈ ਹੈ ਫਿਲਮ 'ਮਦਰ'



**ਕੋਲਕਾਤਾ, (ਪੰਜਾਬ ਮੇਲ)-** ਮਸ਼ਹੂਰ ਮਕਦੂਨਿਆਈ ਫਿਲਮ ਡਾਇਰੈਕਟਰ ਟੀਓਨਾ ਸਟਰੂਗਰ ਮਿਤੇਵਸਕਾ ਦੀ ਫਿਲਮ 'ਮਦਰ', ਜੋ ਕਿ ਮਦਰ ਟੈਰੇਸਾ ਦੇ ਜੀਵਨ ਤੋਂ ਪ੍ਰੇਰਿਤ ਹੈ ਅਤੇ ਅੰਸ਼ਕ ਤੌਰ 'ਤੇ ਇਸ ਸ਼ਹਿਰ ਵਿਚ ਫਿਲਮਾਈ ਗਈ ਹੈ, ਦਾ ਪ੍ਰੀਮੀਅਰ ਆਗਾਮੀ 82ਵੇਂ ਕੌਮਾਂਤਰੀ ਵੈਨਿਸ ਫਿਲਮ ਫੈਸਟੀਵਲ ਵਿਚ ਕੀਤਾ ਜਾਵੇਗਾ।

ਬ੍ਰਸੇਲਜ਼-ਆਧਾਰਿਤ, ਮਕਦੂਨਿਆਈ ਫਿਲਮ ਨਿਰਮਾਤਾ ਦੁਆਰਾ ਬਣਾਈ ਗਈ ਸੱਤਵੀਂ ਫੀਚਰ ਫਿਲਮ 'ਮਦਰ' ਵਿਚ ਸਵੀਡਿਸ਼ ਅਦਾਕਾਰਾ ਨੂਮੀ ਰੈਪੇਸ ਮਦਰ ਟੈਰੇਸਾ ਦੀ ਭੂਮਿਕਾ ਨਿਭਾ ਰਹੀ ਹੈ। ਮਦਰ ਟੈਰੇਸਾ ਨੂੰ ਉਨ੍ਹਾਂ ਦੀ ਮੌਤ ਤੋਂ ਬਾਅਦ ਸੰਤ ਦਾ ਦਰਜਾ ਦਿੱਤਾ ਗਿਆ ਸੀ।

ਇਹ ਫਿਲਮ ਫੈਸਟੀਵਲ 27 ਅਗਸਤ ਤੋਂ 6 ਸਤੰਬਰ ਦੇ ਵਿਚਕਾਰ ਹੋਵੇਗਾ। ਇਹ ਫਿਲਮ ਦੂਜੀ ਸੰਸਾਰ ਜੰਗ ਦੇ ਅੰਤ ਤੋਂ ਕੁਝ ਹਫ਼ਤਿਆਂ ਬਾਅਦ ਇਕ ਨਨ ਭਾਵ ਮਦਰ ਟੈਰੇਸਾ ਵੱਲੋਂ ਆਪਣੀ ਧਾਰਮਿਕ-ਸਮਾਜਸੇਵੀ ਸੰਸਥਾ 'ਮਿਸ਼ਨਰੀਜ਼ ਆਫ਼ ਚੈਰਿਟੀ' ਦੀ ਸਥਾਪਨਾ ਤੋਂ ਕੁਝ ਹਫ਼ਤਿਆਂ ਬਾਅਦ ਉਨ੍ਹਾਂ ਦੇ ਜੀਵਨ ਦੇ ਇੱਕ ਸੰਖੇਪ ਸਮੇਂ 'ਤੇ ਕੇਂਦ੍ਰਿਤ ਹੈ ਅਤੇ ਕੋਲਕਾਤਾ ਵਿਚ 1948 ਦੇ ਸਮੇਂ ਨੂੰ ਦਰਸਾਉਂਦੀ ਹੈ। ਫਿਲਮ ਦੇ ਇੱਕ ਅਹਿਮ ਹਿੱਸੇ ਦੀ ਸ਼ੂਟਿੰਗ 2024 ਵਿਚ ਇਸ ਸ਼ਹਿਰ ਕੋਲਕਾਤਾ ਵਿਚ ਪ੍ਰਸਿੱਧ ਹਾਵੜਾ ਪੁਲ ਅਤੇ ਕੁਮਾਰਤੁਲੀ, ਕਾਲੀਘਾਟ, ਐਂਟਾਲੀ, ਲੋਰੇਟੋ ਕਾਨਵੈਂਟ ਵਰਗੇ ਸਥਾਨਾਂ 'ਤੇ ਕੀਤੀ ਗਈ ਸੀ, ਜਿੱਥੇ ਮਦਰ ਟੈਰੇਸਾ ਨੇ ਇੱਕ ਵਾਰ ਪੜ੍ਹਾਇਆ ਸੀ। ਇਹ ਜਾਣਕਾਰੀ ਫਿਲਮ ਦੇ ਸਹਿ-ਨਿਰਮਾਤਾ ਪ੍ਰਤੀਕ ਬਾਗੀ ਨੇ ਸ਼ੁੱਕਰਵਾਰ ਨੂੰ ਇਥੇ ਦਿੱਤੀ ਹੈ।

# ਕੰਬੋਡੀਆ ਦੀ 'ਡਿਜੀਟਲ ਅਰੈਸਟ' ਗਿਰੋਹ ਵਿਰੁੱਧ ਸਭ ਤੋਂ ਵੱਡੀ ਕਾਰਵਾਈ

■ 105 ਭਾਰਤੀ ਨਾਗਰਿਕਾਂ ਸਮੇਤ 3075 ਸ਼ੱਕੀ ਗ੍ਰਿਫ਼ਤਾਰ

**ਨਵੀਂ ਦਿੱਲੀ, (ਪੰਜਾਬ ਮੇਲ)-** ਕੰਬੋਡੀਆ ਨੇ 'ਡਿਜੀਟਲ ਅਰੈਸਟ' ਵਰਗੇ ਸਾਈਬਰ ਤੇ ਆਨਲਾਈਨ ਧੋਖਾਧੜੀ ਗਿਰੋਹਾਂ ਵਿਰੁੱਧ ਹੁਣ ਤੱਕ ਦੀ ਸਭ ਤੋਂ ਵੱਡੀ ਕਾਰਵਾਈ ਕੀਤੀ ਹੈ। ਇਸ ਕਾਰਵਾਈ ਵਿਚ 105 ਭਾਰਤੀ ਨਾਗਰਿਕਾਂ ਸਮੇਤ 3,075 ਸ਼ੱਕੀਆਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ। ਕੰਬੋਡੀਅਨ ਪੁਲਿਸ ਨੇ ਦੇਸ਼ ਦੇ ਕਈ ਖੇਤਰਾਂ ਵਿਚ ਇੱਕੋ ਸਮੇਂ ਇਹ ਮੁਹਿੰਮ ਚਲਾਈ ਅਤੇ ਦੋਸ਼ੀਆਂ 'ਤੇ ਅੰਤਰਰਾਸ਼ਟਰੀ ਪੱਧਰ 'ਤੇ ਸਾਈਬਰ ਧੋਖਾਧੜੀ ਨੈੱਟਵਰਕ ਚਲਾਉਣ ਦਾ ਦੋਸ਼ ਹੈ।

'ਡਿਜੀਟਲ ਅਰੈਸਟ' ਘੁਟਾਲੇ ਵਿਚ, ਧੋਖੇਬਾਜ਼ ਲੋਕਾਂ ਨੂੰ ਫ਼ੋਨ ਕਾਲਾਂ ਜਾਂ ਆਨਲਾਈਨ ਚੈਟਾਂ ਰਾਹੀਂ ਧਮਕੀ ਦਿੰਦੇ ਸਨ ਕਿ ਉਨ੍ਹਾਂ ਦਾ ਬੈਂਕ ਖਾਤਾ, ਪਾਸਪੋਰਟ ਜਾਂ ਡਿਜੀਟਲ ਡੇਟਾ ਕਿਸੇ ਅਪਰਾਧਿਕ ਗਤੀਵਿਧੀ ਵਿਚ ਸ਼ਾਮਲ ਹੈ। ਇਸ ਤੋਂ ਬਾਅਦ, ਉਨ੍ਹਾਂ ਤੋਂ ਡਰਾ ਕੇ ਵੱਡੀ ਰਕਮ ਵਸੂਲੀ ਜਾਂਦੀ ਸੀ। ਗਿਰੋਹ ਦੇ ਮੈਂਬਰ ਆਪਣੇ ਆਪ ਨੂੰ ਇੰਟਰਪੋਲ, ਪੁਲਿਸ ਜਾਂ ਕਸਟਮ ਅਫਸਰ ਵਜੋਂ ਪੇਸ਼ ਕਰਕੇ ਵੀਡੀਓ ਕਾਲਾਂ 'ਤੇ ਲੋਕਾਂ ਨੂੰ 'ਡਿਜੀਟਲ ਅਰੈਸਟ' ਦੀ ਧਮਕੀ ਦਿੰਦੇ ਸਨ।

ਕੰਬੋਡੀਅਨ ਪੁਲਿਸ ਦੇ ਅਨੁਸਾਰ, ਇਸ ਗਿਰੋਹ ਵਿਚ ਚੀਨ, ਵੀਅਤਨਾਮ, ਮਿਆਂਮਾਰ ਅਤੇ ਭਾਰਤ ਸਮੇਤ ਕਈ ਦੇਸ਼ਾਂ ਦੇ ਲੋਕ ਸ਼ਾਮਲ ਸਨ। ਪਿਛਲੇ ਕੁਝ ਸਾਲਾਂ ਵਿਚ, ਕੰਬੋਡੀਆ ਵਿਚ ਅਜਿਹੇ ਧੋਖਾਧੜੀ ਵਾਲੇ ਕਾਲ ਸੈਂਟਰ ਤੇਜ਼ੀ ਨਾਲ ਵਧੇ ਹਨ, ਜਿੱਥੋਂ ਦੁਨੀਆਂ ਭਰ ਦੇ ਲੋਕਾਂ ਨੂੰ ਸ਼ਿਕਾਰ ਬਣਾਇਆ ਗਿਆ ਸੀ।

105 ਭਾਰਤੀ ਨਾਗਰਿਕਾਂ ਦੀ ਗ੍ਰਿਫਤਾਰੀ ਤੋਂ ਬਾਅਦ, ਭਾਰਤੀ ਦੂਤਾਵਾਸ ਕੰਬੋਡੀਆ ਪ੍ਰਸ਼ਾਸਨ ਦੇ ਸੰਪਰਕ ਵਿਚ ਹੈ। ਭਾਰਤੀ ਅਧਿਕਾਰੀਆਂ ਨੇ ਕਿਹਾ ਹੈ ਕਿ ਨਿਰਦੋਸ਼ ਭਾਰਤੀਆਂ ਦੀ ਰਿਹਾਈ ਲਈ ਕਾਨੂੰਨੀ ਮਦਦ ਪ੍ਰਦਾਨ ਕੀਤੀ ਜਾਵੇਗੀ ਅਤੇ ਪਰਿਵਾਰਾਂ ਨਾਲ ਵੀ ਸੰਪਰਕ ਕੀਤਾ ਜਾ ਰਿਹਾ ਹੈ। ਕੰਬੋਡੀਅਨ ਪੁਲਿਸ ਨੇ ਕਿਹਾ ਕਿ ਗ੍ਰਿਫ਼ਤਾਰ ਕੀਤੇ ਗਏ ਲੋਕਾਂ ਨੂੰ ਦੇਸ਼ ਵਿਚ ਸਾਈਬਰ ਅਪਰਾਧ ਨਾਲ ਸਬੰਧਤ ਸਖ਼ਤ ਧਾਰਾਵਾਂ ਤਹਿਤ ਮੁਕੱਦਮੇ ਦਾ ਸਾਹਮਣਾ ਕਰਨਾ ਪਵੇਗਾ। ਜਾਂਚ ਏਜੰਸੀਆਂ ਉਨ੍ਹਾਂ ਤੋਂ ਅੰਤਰਰਾਸ਼ਟਰੀ ਨੈੱਟਵਰਕ ਅਤੇ ਹਵਾਲਾ ਲੈਣ-ਦੇਣ ਬਾਰੇ ਵੀ ਸੁਰਾਗ ਇਕੱਠੇ ਕਰ ਰਹੀਆਂ ਹਨ।

## ਕੈਨੇਡਾ 'ਚ ਟਰਾਲੇ ਚੋਰੀ ਕਰਨ ਦੇ ਦੋਸ਼ ਹੇਠ ਭਾਰਤੀ ਗ੍ਰਿਫਤਾਰ

**ਵੈਨਕੂਵਰ, (ਪੰਜਾਬ ਮੇਲ)-** ਪੀਲ ਪੁਲਿਸ ਨੇ ਕੈਲੇਡਨ ਦੇ ਰਹਿਣ ਵਾਲੇ ਭਾਰਤੀ ਦੇ ਘਰ ਛਾਪਾ ਮਾਰ ਕੇ ਉਥੋਂ ਚੋਰੀ ਕੀਤੇ 6 ਟਰਾਲੇ ਬਰਾਮਦ ਕੀਤੇ ਹਨ, ਜਿਨ੍ਹਾਂ ਦੀ ਪਛਾਣ ਲੁਕੋਣ ਲਈ ਉਨ੍ਹਾਂ ਦੇ ਨੰਬਰਾਂ ਅਤੇ ਹੁਲੀਏ ਨਾਲ ਤੋੜ-ਫੋੜ ਕੀਤੀ ਗਈ ਹੋਈ ਸੀ। ਫੜੇ ਗਏ ਵਿਅਕਤੀ ਦੀ ਪਛਾਣ ਕੈਲੇਡਨ ਦੇ ਰਹਿਣ ਵਾਲੇ 24 ਸਾਲਾ ਸਤਵਿੰਦਰ ਸਿੰਘ ਵਜੋਂ ਕੀਤੀ ਗਈ ਹੈ। ਉਸ 'ਤੇ ਦੋਸ਼ ਹਨ ਕਿ ਉਹ ਟਰਾਲੇ ਚੋਰੀ ਕਰਦਾ ਸੀ ਤੇ ਘਰ ਲਿਆ ਕੇ ਟਰਾਲਿਆਂ ਦੇ ਨੰਬਰਾਂ ਅਤੇ ਹੁਲੀਏ ਦੀ ਭੰਨ-ਤੋੜ ਕਰ ਕੇ ਉਨ੍ਹਾਂ ਨੂੰ ਅਗਾਂਹ ਵੇਚ ਦਿੰਦਾ ਸੀ।

ਮੌਕੇ 'ਤੇ ਉਸ ਤੋਂ 6 ਟਰਾਲੇ ਬਰਾਮਦ ਕੀਤੇ ਗਏ ਹਨ। ਪੁਲਿਸ ਅਨੁਸਾਰ ਉਸ ਨੂੰ ਅਦਾਲਤ ਵਿਚ ਪੇਸ਼ ਕੀਤਾ ਗਿਆ ਤੇ ਅਦਾਲਤ ਨੇ ਮੁਚੱਲਕੇ ਉੱਤੇ ਜ਼ਮਾਨਤ 'ਤੇ ਰਿਹਾਅ ਕਰ ਦਿੱਤਾ।

# ਅਹਿਮਦਾਬਾਦ 'ਚ ਹੋਏ ਜਹਾਜ਼ ਹਾਦਸੇ ਤੋਂ ਬਾਅਦ 112 ਪਾਇਲਟ ਛੁੱਟੀ 'ਤੇ ਗਏ

**ਨਵੀਂ ਦਿੱਲੀ, (ਪੰਜਾਬ ਮੇਲ)-** 12 ਜੂਨ ਨੂੰ ਅਹਿਮਦਾਬਾਦ 'ਚ ਹੋਏ ਜਹਾਜ਼ ਹਾਦਸੇ ਤੋਂ ਚਾਰ ਦਿਨ ਬਾਅਦ, ਏਅਰ ਇੰਡੀਆ ਦੇ 112 ਪਾਇਲਟ ਛੁੱਟੀ 'ਤੇ ਚਲੇ ਗਏ ਅਤੇ ਆਪਣੇ ਆਪ ਨੂੰ ਬਿਮਾਰ ਦੱਸਦਿਆਂ 'ਸਿੱਕ ਲੀਵ' ਲੈ ਲਈ। ਸ਼ਹਿਰੀ ਹਵਾਬਾਜ਼ੀ ਮੰਤਰਾਲੇ ਦੇ ਰਾਜ ਮੰਤਰੀ ਮੁਰਲੀਧਰ ਮੋਹੋਲ ਨੇ ਸੰਸਦ ਵਿਚ ਇਹ ਜਾਣਕਾਰੀ ਦਿੱਤੀ ਹੈ। ਉਨ੍ਹਾਂ ਪੁਸ਼ਟੀ ਕੀਤੀ ਕਿ ਏਅਰ ਇੰਡੀਆ ਵਿਚ ਹੋਏ ਏ.ਆਈ.-171 ਹਾਦਸੇ ਤੋਂ ਬਾਅਦ, ਸਾਰੇ ਫਲੀਟਾਂ ਦੇ ਪਾਇਲਟਾਂ ਦੁਆਰਾ ਬਿਮਾਰੀ ਛੁੱਟੀ ਦੇ ਮਾਮਲਿਆਂ ਵਿਚ ਵਾਧਾ ਹੋਇਆ ਹੈ। ਭਾਜਪਾ ਸੰਸਦ ਮੈਂਬਰ ਜੈ ਪ੍ਰਕਾਸ਼ ਦੇ ਫਲਾਈਟ ਨੰਬਰ ਏ.ਆਈ-171 ਹਾਦਸੇ ਤੋਂ ਬਾਅਦ ਏਅਰ ਇੰਡੀਆ ਦੇ ਪਾਇਲਟਾਂ ਦੁਆਰਾ ਲਈ ਗਈ ਸਮੂਹਿਕ ਬਿਮਾਰੀ ਛੁੱਟੀ ਬਾਰੇ ਸਵਾਲ 'ਤੇ, ਰਾਜ ਮੰਤਰੀ ਮੋਹੋਲ ਨੇ ਇੱਕ ਲਿਖਤੀ ਜਵਾਬ ਵਿਚ ਕਿਹਾ ਕਿ 16 ਜੂਨ ਨੂੰ, ਕੁੱਲ 112 ਪਾਇਲਟਾਂ ਨੇ ਬਿਮਾਰ ਹੋਣ ਦੀ ਰਿਪੋਰਟ ਦਿੱਤੀ, ਜਿਨ੍ਹਾਂ ਵਿਚ 51 ਕਮਾਂਡਰ (ਪੀ1) ਅਤੇ 61 ਪਹਿਲੇ ਅਧਿਕਾਰੀ (ਪੀ2) ਸ਼ਾਮਲ ਸਨ।

# ਫਰਾਂਸ ਵੱਲੋਂ ਫਲਸਤੀਨ ਨੂੰ ਇੱਕ ਰਾਸ਼ਟਰ ਵਜੋਂ ਮਾਨਤਾ ਦੇਣ ਦਾ ਐਲਾਨ

**ਪੈਰਿਸ, (ਪੰਜਾਬ ਮੇਲ)-** ਫਰਾਂਸ ਦੇ ਰਾਸ਼ਟਰਪਤੀ ਇਮੈਨੁਅਲ ਮੈਕਰੋਨ ਨੇ ਐਲਾਨ ਕੀਤਾ ਹੈ ਕਿ ਉਨ੍ਹਾਂ ਦਾ ਦੇਸ਼ ਫਲਸਤੀਨ ਨੂੰ ਇੱਕ ਰਾਸ਼ਟਰ ਵਜੋਂ ਮਾਨਤਾ ਦੇਵੇਗਾ। ਇਜ਼ਰਾਈਲ ਨੇ ਫਰਾਂਸ ਦੇ ਫੈਸਲੇ ਦੀ ਨਿੰਦਾ ਕੀਤੀ ਹੈ। ਇਜ਼ਰਾਈਲ ਦੇ ਹਮਲੇ ਕਾਰਨ ਭੋਜਨ ਅਤੇ ਜ਼ਰੂਰੀ ਸਪਲਾਈ ਦੇ ਸੰਕਟ ਦਾ ਸਾਹਮਣਾ ਕਰ ਰਹੇ ਗਾਜ਼ਾ ਦੀ ਮੌਜੂਦਾ ਸਥਿਤੀ ਨੂੰ ਲੈ ਕੇ ਦੁਨੀਆਂ ਭਰ ਦੇ ਦੇਸ਼ਾਂ ਵਿਚ ਰੋਸ ਦੇ ਵਿਚਕਾਰ ਫਰਾਂਸ ਦੇ ਫੈਸਲੇ ਨੂੰ ਇੱਕ ਦਲੇਰਾਨਾ ਕੂਟਨੀਤਕ ਕਦਮ ਮੰਨਿਆ ਜਾ ਰਿਹਾ ਹੈ।



ਮੈਕਰੋਨ ਨੇ ਸੋਸ਼ਲ ਮੀਡੀਆ ਪਲੇਟਫਾਰਮ 'ਐਕਸ' 'ਤੇ ਇੱਕ ਪੋਸਟ ਵਿਚ ਕਿਹਾ ਕਿ ਉਹ ਸਤੰਬਰ ਵਿਚ ਸੰਯੁਕਤ ਰਾਸ਼ਟਰ ਮਹਾਸਭਾ ਵਿਚ ਇਸ ਫੈਸਲੇ ਨੂੰ ਰਸਮੀ ਤੌਰ 'ਤੇ ਲਾਗੂ ਕਰਨਗੇ। ਉਨ੍ਹਾਂ ਲਿਖਿਆ, "ਸਭ ਤੋਂ ਮਹੱਤਵਪੂਰਨ ਗੱਲ ਇਹ ਹੈ ਕਿ ਗਾਜ਼ਾ ਵਿਚ ਜੰਗ ਰੁਕ ਜਾਵੇ ਅਤੇ ਆਮ ਨਾਗਰਿਕਾਂ ਦੀਆਂ ਜਾਨਾਂ ਬਚਾਈਆਂ ਜਾਣ।" ਗਾਜ਼ਾ ਵਿਚ ਵਧ ਰਹੇ ਯੁੱਧ ਅਤੇ ਮਨੁੱਖੀ ਸੰਕਟ ਕਾਰਨ ਜ਼ਿਆਦਾਤਰ ਦੇਸ਼ਾਂ ਦੇ ਕਈ ਪ੍ਰਤੀਕਾਤਮਕ ਕਦਮ ਇਜ਼ਰਾਈਲ 'ਤੇ ਕੂਟਨੀਤਕ ਦਬਾਅ ਪਾਉਣਾ ਰਿਹਾ ਹੈ। ਫਰਾਂਸ ਹੁਣ ਫਲਸਤੀਨ ਨੂੰ ਮਾਨਤਾ ਦੇਣ ਵਾਲੀ ਸਭ ਤੋਂ ਵੱਡੀ ਪੱਛਮੀ ਸ਼ਕਤੀ ਬਣ ਗਿਆ ਹੈ ਅਤੇ ਇਸਦਾ ਕਦਮ ਦੂਜੇ ਦੇਸ਼ਾਂ ਲਈ ਵੀ ਅਜਿਹਾ ਕਰਨ ਦਾ ਰਾਹ ਪੱਧਰਾ ਕਰ ਸਕਦਾ ਹੈ।

ਇਜ਼ਰਾਈਲ ਨੇ 1967 ਦੇ ਮੱਧ ਪੂਰਬ ਯੁੱਧ ਵਿਚ ਪੱਛਮੀ ਕੰਢੇ, ਪੂਰਬੀ ਯਰੂਸ਼ਲਮ ਅਤੇ ਗਾਜ਼ਾ 'ਤੇ ਕਬਜ਼ਾ ਕਰ ਲਿਆ ਸੀ ਅਤੇ ਫਲਸਤੀਨੀਆਂ ਇਨ੍ਹਾਂ ਕਬਜ਼ੇ ਵਾਲੇ ਖੇਤਰਾਂ ਨੂੰ ਜੋੜ ਕੇ ਇੱਕ ਸੁਤੰਤਰ ਰਾਸ਼ਟਰ ਦੀ ਮੰਗ ਕਰ ਰਹੀਆਂ ਹਨ। ਇਜ਼ਰਾਈਲੀ ਸਰਕਾਰ ਅਤੇ ਇਸਦਾ ਜ਼ਿਆਦਾਤਰ ਰਾਜਨੀਤਿਕ ਵਰਗ ਫਲਸਤੀਨ ਨੂੰ ਇੱਕ ਰਾਸ਼ਟਰ ਵਜੋਂ ਦਰਜਾ ਦੇਣ ਦਾ ਵਿਰੋਧ ਕਰ ਰਿਹਾ ਹੈ। ਇਜ਼ਰਾਈਲੀ ਪ੍ਰਧਾਨ ਮੰਤਰੀ ਬੈਂਜਾਮਿਨ ਨੇਤਨਯਾਹੂ ਨੇ ਇੱਕ ਬਿਆਨ ਵਿਚ ਕਿਹਾ, "ਅਸੀਂ ਰਾਸ਼ਟਰਪਤੀ ਮੈਕਰੋਨ ਦੇ ਫੈਸਲੇ ਦੀ ਸਖ਼ਤ ਨਿੰਦਾ ਕਰਦੇ ਹਾਂ।" ਫਲਸਤੀਨੀ ਅਥਾਰਟੀ ਨੇ ਫਰਾਂਸ ਦੇ ਫੈਸਲੇ ਦਾ ਸਵਾਗਤ ਕੀਤਾ ਹੈ। ਇਸ ਕਦਮ ਦਾ ਐਲਾਨ ਕਰਨ ਵਾਲਾ ਇੱਕ ਪੱਤਰ ਵੀਰਵਾਰ ਨੂੰ ਯੇਰੂਸ਼ਲਮ ਵਿਚ ਫਲਸਤੀਨ ਦੇ ਰਾਸ਼ਟਰਪਤੀ ਮਹਿਮੂਦ ਅੱਬਾਸ ਨੂੰ ਸੌਂਪਿਆ ਗਿਆ।

ਰੋਜ਼ਾਨਾਂ ਤਾਜ਼ੀਆਂ ਖ਼ਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ 'ਤੇ ਕਲਿੱਕ ਕਰੋ :
www.punjabmailusa.com

# ਕੈਨੇਡਾ ਵੱਲੋਂ ਪੇਰੈਂਟਸ ਤੇ ਗ੍ਰੈਂਡ ਪੇਰੈਂਟਸ ਪ੍ਰੋਗਰਾਮ (ਪੀ.ਜੀ.ਪੀ.) ਮੁੜ ਸ਼ੁਰੂ

**ਟੋਰਾਂਟੋ, (ਪੰਜਾਬ ਮੇਲ)-** ਕੈਨੇਡਾ ਜਾਣ ਦੇ ਚਾਹਵਾਨ ਪੰਜਾਬੀਆਂ ਲਈ ਖੁਸ਼ਖ਼ਬਰੀ ਹੈ। ਕੈਨੇਡੀਅਨ ਸਰਕਾਰ ਨੇ ਮੁਅੱਤਲ ਕੀਤੇ ਗਏ ਪੇਰੈਂਟਸ ਅਤੇ ਗ੍ਰੈਂਡ ਪੇਰੈਂਟਸ ਪ੍ਰੋਗਰਾਮ (ਪੀ.ਜੀ.ਪੀ.) ਨੂੰ ਮੁੜ ਸ਼ੁਰੂ ਕਰ ਦਿੱਤਾ ਹੈ ਅਤੇ ਇਸ ਵਾਰ 17,860 ਅਰਜ਼ੀਆਂ ਲਈਆਂ ਜਾ ਰਹੀਆਂ ਹਨ। ਕੈਨੇਡੀਅਨ ਸਰਕਾਰ ਨੇ 28 ਜੁਲਾਈ, 2025 ਤੋਂ ਪੇਰੈਂਟਸ ਅਤੇ ਗ੍ਰੈਂਡ ਪੇਰੈਂਟਸ ਪ੍ਰੋਗਰਾਮ ਤਹਿਤ ਸਪਾਂਸਰਾਂ ਨੂੰ ਸੱਦਾ ਜਾਰੀ ਕਰਨਾ ਸ਼ੁਰੂ ਕਰ ਦਿੱਤਾ ਹੈ। ਪੇਰੈਂਟਸ ਅਤੇ ਗ੍ਰੈਂਡ ਪੇਰੈਂਟਸ ਪ੍ਰੋਗਰਾਮ ਕੈਨੇਡੀਅਨ ਨਾਗਰਿਕਾਂ ਅਤੇ ਸਥਾਈ ਨਿਵਾਸੀਆਂ ਨੂੰ ਆਪਣੇ ਮਾਪਿਆਂ ਅਤੇ ਦਾਦਾ-ਦਾਦੀ ਨੂੰ ਸਥਾਈ ਨਿਵਾਸ ਲਈ ਸਪਾਂਸਰ ਕਰਨ ਦੀ ਆਗਿਆ ਦਿੰਦਾ ਹੈ।

ਪਰਿਵਾਰਕ ਪੁਨਰ-ਏਕੀਕਰਨ ਕੈਨੇਡੀਅਨ ਇਮੀਗ੍ਰੇਸ਼ਨ ਪ੍ਰਣਾਲੀ ਦਾ ਇੱਕ ਮਹੱਤਵਪੂਰਨ ਹਿੱਸਾ ਹੈ, ਜੋ ਕੈਨੇਡੀਅਨ ਨਾਗਰਿਕਾਂ ਅਤੇ ਸਥਾਈ ਨਿਵਾਸੀਆਂ ਨੂੰ ਆਪਣੇ ਅਜ਼ੀਜ਼ਾਂ ਨੂੰ ਕੈਨੇਡਾ ਵਿਚ ਰਹਿਣ ਅਤੇ ਉਨ੍ਹਾਂ ਨਾਲ ਕੰਮ ਕਰਨ ਲਈ ਸਪਾਂਸਰ ਕਰਨ ਵਿਚ ਮਦਦ ਕਰਦਾ ਹੈ। ਇਹ ਪ੍ਰੋਗਰਾਮ ਉਦੋਂ ਬੰਦ ਕਰ ਦਿੱਤਾ ਗਿਆ ਸੀ, ਜਦੋਂ ਕੈਨੇਡਾ ਅਤੇ ਭਾਰਤ ਵਿਚਕਾਰ ਸਬੰਧ ਤਣਾਅਪੂਰਨ ਹੋ ਗਏ ਸਨ।

# ਯੂ.ਏ.ਈ. 'ਚ ਖੇਡਿਆ ਜਾਵੇਗਾ ਏਸ਼ੀਆ ਕੱਪ ਟੂਰਨਾਮੈਂਟ: ਤਰੀਕਾਂ ਦਾ ਐਲਾਨ

**ਯੂ.ਏ.ਈ., (ਪੰਜਾਬ ਮੇਲ)-** ਏਸ਼ੀਅਨ ਕ੍ਰਿਕਟ ਕੌਂਸਲ (ਏ.ਸੀ.ਸੀ.) ਦੇ ਚੇਅਰਮੈਨ ਮੋਹਸਿਨ ਨਕਵੀ ਨੇ ਐਲਾਨ ਕੀਤਾ ਕਿ ਪੁਰਸ਼ਾਂ ਦਾ ਏਸ਼ੀਆ ਕੱਪ 9 ਤੋਂ 28 ਸਤੰਬਰ ਤੱਕ ਸੰਯੁਕਤ ਅਰਬ ਅਮੀਰਾਤ (ਯੂ.ਏ.ਈ.) ਵਿਚ ਹੋਵੇਗਾ। 'ਐਕਸ' 'ਤੇ ਇੱਕ ਰਸਮੀ ਐਲਾਨ ਵਿਚ, ਨਕਵੀ, ਜੋ ਪਾਕਿਸਤਾਨ ਕ੍ਰਿਕਟ ਬੋਰਡ (ਪੀ.ਸੀ.ਬੀ.) ਦੇ ਚੇਅਰਮੈਨ ਵੀ ਹਨ, ਨੇ ਕਿਹਾ, "ਮੈਨੂੰ ਯੂਏਈ ਵਿਚ ਏ.ਸੀ.ਸੀ. ਪੁਰਸ਼ਾਂ ਦੇ ਏਸ਼ੀਆ ਕੱਪ 2025 ਦੀਆਂ ਤਰੀਕਾਂ ਦੀ ਪੁਸ਼ਟੀ ਕਰਦੇ ਹੋਏ ਖੁਸ਼ੀ ਹੋ ਰਹੀ ਹੈ। ਇਹ ਵੱਕਾਰੀ ਟੂਰਨਾਮੈਂਟ 9 ਤੋਂ 28 ਸਤੰਬਰ ਤੱਕ ਆਯੋਜਿਤ ਕੀਤਾ ਜਾਵੇਗਾ। ਸਾਨੂੰ ਇਸ ਵਿਚ ਸ਼ਾਨਦਾਰ ਕ੍ਰਿਕਟ ਦੇਖਣ ਦੀ ਉਮੀਦ ਹੈ। ਇਸਦਾ ਵਿਸਤ੍ਰਿਤ ਸਮਾਂ-ਸਾਰਣੀ ਜਲਦੀ ਹੀ ਜਾਰੀ ਕੀਤੀ ਜਾਵੇਗੀ।"

ਏਸ਼ੀਆ ਕੱਪ ਦੇ ਸਥਾਨ ਦਾ ਫੈਸਲਾ 24 ਜੁਲਾਈ ਨੂੰ ਏ.ਸੀ.ਸੀ. ਦੀ ਮੀਟਿੰਗ ਵਿਚ ਕੀਤਾ ਗਿਆ ਸੀ। ਇਸ ਮੀਟਿੰਗ ਵਿਚ ਸਾਰੇ 25 ਮੈਂਬਰ ਦੇਸ਼ਾਂ ਨੇ ਸ਼ਿਰਕਤ ਕੀਤੀ। ਇਹ ਟੂਰਨਾਮੈਂਟ ਬੀ.ਸੀ.ਸੀ.ਆਈ. ਦੁਆਰਾ ਆਯੋਜਿਤ ਕੀਤਾ ਜਾਂਦਾ ਹੈ, ਪਰ ਇਹ ਯੂ.ਏ.ਈ. ਵਿਚ ਆਯੋਜਿਤ ਕੀਤਾ ਜਾ ਰਿਹਾ ਹੈ ਕਿਉਂਕਿ ਭਾਰਤ ਅਤੇ ਪਾਕਿਸਤਾਨ ਦੋਵਾਂ ਦੇਸ਼ਾਂ ਵਿਚਕਾਰ



ਮੌਜੂਦਾ ਤਣਾਅ ਕਾਰਨ 2027 ਤੱਕ ਸਿਰਫ ਨਿਰਪੱਖ ਥਾਵਾਂ 'ਤੇ ਮੁਕਾਬਲਾ ਕਰਨ ਲਈ ਆਪਸੀ ਸਹਿਮਤੀ ਦੇ ਚੁੱਕੇ ਹਨ।

ਏ.ਸੀ.ਸੀ. ਪ੍ਰਸਾਰਕਾਂ ਨਾਲ ਹੋਏ ਸਮਝੌਤੇ ਅਨੁਸਾਰ, ਭਾਰਤ ਅਤੇ ਪਾਕਿਸਤਾਨ ਨੂੰ ਇੱਕੋ ਗਰੁੱਪ ਵਿਚ ਰੱਖਿਆ ਜਾਵੇਗਾ ਅਤੇ ਸੁਪਰ ਸਿਕਸ ਪੜਾਅ ਵਿਚ ਇੱਕ ਦੂਜੇ ਦਾ ਸਾਹਮਣਾ ਕਰਨ ਦਾ ਇੱਕ ਹੋਰ ਮੌਕਾ ਮਿਲੇਗਾ। ਜੇਕਰ ਦੋਵੇਂ ਟੀਮਾਂ ਫਾਈਨਲ ਵਿਚ ਪਹੁੰਚ ਜਾਂਦੀਆਂ ਹਨ, ਤਾਂ ਟੂਰਨਾਮੈਂਟ ਵਿਚ ਤੀਜਾ ਮੈਚ ਹੋਣ ਦੀ ਸੰਭਾਵਨਾ ਹੋਵੇਗੀ। ਏਸ਼ੀਆ ਕੱਪ ਦਾ ਇਹ ਸੀਜ਼ਨ ਭਾਰਤ ਅਤੇ ਸ਼੍ਰੀਲੰਕਾ ਵਿਚ ਹੋਣ ਵਾਲੇ ਆਉਣ ਵਾਲੇ ਟੀ-20 ਵਿਸ਼ਵ ਕੱਪ ਦੇ ਮੱਦੇਨਜ਼ਰ ਟੀ-20 ਫਾਰਮੈਟ ਵਿਚ ਹੋਵੇਗਾ। ਏਸ਼ੀਆ ਕੱਪ ਦਾ ਫਾਰਮੈਟ ਆਮ ਤੌਰ 'ਤੇ ਆਈ.ਸੀ.ਸੀ. ਦੇ ਅਗਲੇ ਗਲੋਬਲ ਟੂਰਨਾਮੈਂਟ 'ਤੇ ਆਧਾਰਿਤ ਹੁੰਦਾ ਹੈ।

# ਭਾਰਤ ਵੱਲੋਂ ਗਾਜ਼ਾ 'ਚ ਗੋਲੀਬੰਦੀ ਦਾ ਸੱਦਾ

**ਮਾਨਵੀ ਸੰਕਟ 'ਤੇ ਜਤਾਈ ਚਿੰਤਾ; ਮਸਲੇ ਦਾ ਪੱਕਾ ਹੱਲ ਕੱਢਣ 'ਤੇ ਦਿੱਤਾ ਜ਼ੋਰ**

**ਸੰਯੁਕਤ ਰਾਸ਼ਟਰ, (ਪੰਜਾਬ ਮੇਲ)-** ਭਾਰਤ ਨੇ ਗਾਜ਼ਾ 'ਚ ਜਾਰੀ ਮਾਨਵੀ ਸੰਕਟ 'ਤੇ ਚਿੰਤਾ ਜ਼ਾਹਿਰ ਕਰਦਿਆਂ ਕਿਹਾ ਕਿ ਉਥੇ ਗੋਲੀਬੰਦੀ ਜ਼ਰੂਰੀ ਹੈ। ਭਾਰਤ ਨੇ ਇਹ ਵੀ ਸਪੱਸ਼ਟ ਕੀਤਾ ਕਿ ਵਿਚ-ਵਿਚਾਲੇ ਜਿਹੇ ਗੋਲੀਬੰਦੀ ਦੇ ਐਲਾਨ ਖ਼ਿੱਤੇ ਦੇ ਲੋਕਾਂ ਦੀਆਂ ਚੁਣੌਤੀਆਂ ਨਾਲ ਸਿੱਝਣ ਲਈ ਨਾਕਾਫ਼ੀ ਹਨ।

ਸੰਯੁਕਤ ਰਾਸ਼ਟਰ ਸਲਾਮਤੀ ਪਰਿਸ਼ਦ 'ਚ ਹੋਈ ਖੁੱਲ੍ਹੀ ਚਰਚਾ ਦੌਰਾਨ ਭਾਰਤ ਦੇ ਪੱਕੇ ਨੁਮਾਇੰਦੇ ਪਰਵਤਨੇਨੀ ਹਰੀਸ਼ ਨੇ ਕਿਹਾ ਕਿ ਗਾਜ਼ਾ ਦੇ ਲੋਕ ਰੋਜ਼ਾਨਾ ਭੋਜਨ, ਈਂਧਣ, ਮੈਡੀਕਲ ਸੇਵਾਵਾਂ ਅਤੇ ਸਿੱਖਿਆ ਦੀ ਕਮੀ ਨਾਲ ਜੂਝ ਰਹੇ ਹਨ ਅਤੇ ਉਥੇ ਸਥਾਈ ਜੰਗਬੰਦੀ ਹੋਣੀ ਚਾਹੀਦੀ ਹੈ। ਉਨ੍ਹਾਂ ਇਸ ਸਬੰਧ 'ਚ ਭਾਰਤ ਦੇ ਰੁਖ਼ ਨੂੰ ਦੁਹਰਾਉਂਦਿਆਂ ਕਿਹਾ ਕਿ ਮੌਜੂਦਾ ਮਾਨਵੀ ਦੁੱਖ-ਦਰਦ ਨੂੰ ਹੋਰ ਵਧਣ ਨਹੀਂ ਦਿੱਤਾ ਜਾਣਾ ਚਾਹੀਦਾ ਹੈ।

ਭਾਰਤ ਨੇ ਗਾਜ਼ਾ 'ਚ ਜਾਰੀ ਮਾਨਵੀ ਸੰਕਟ 'ਤੇ ਚਿੰਤਾ ਜ਼ਾਹਿਰ ਕਰਦਿਆਂ ਕਿਹਾ ਕਿ ਉਥੇ ਗੋਲੀਬੰਦੀ ਜ਼ਰੂਰੀ ਹੈ। ਭਾਰਤ ਨੇ ਇਹ ਵੀ ਸਪੱਸ਼ਟ ਕੀਤਾ ਕਿ ਵਿਚ-ਵਿਚਾਲੇ ਜਿਹੇ ਗੋਲੀਬੰਦੀ ਦੇ ਐਲਾਨ ਖ਼ਿੱਤੇ ਦੇ ਲੋਕਾਂ ਦੀਆਂ ਚੁਣੌਤੀਆਂ ਨਾਲ ਸਿੱਝਣ ਲਈ ਨਾਕਾਫ਼ੀ ਹਨ। ਸੰਯੁਕਤ ਰਾਸ਼ਟਰ ਸਲਾਮਤੀ ਪਰਿਸ਼ਦ 'ਚ ਹੋਈ ਖੁੱਲ੍ਹੀ ਚਰਚਾ ਦੌਰਾਨ ਭਾਰਤ ਦੇ ਪੱਕੇ ਨੁਮਾਇੰਦੇ ਪਰਵਤਨੇਨੀ ਹਰੀਸ਼ ਨੇ ਕਿਹਾ ਕਿ ਗਾਜ਼ਾ ਦੇ ਲੋਕ ਰੋਜ਼ਾਨਾ ਭੋਜਨ, ਈਂਧਣ, ਮੈਡੀਕਲ ਸੇਵਾਵਾਂ ਅਤੇ ਸਿੱਖਿਆ ਦੀ ਕਮੀ ਨਾਲ ਜੂਝ ਰਹੇ ਹਨ ਅਤੇ ਉਥੇ ਸਥਾਈ ਜੰਗਬੰਦੀ ਹੋਣੀ ਚਾਹੀਦੀ ਹੈ। ਉਨ੍ਹਾਂ ਇਸ ਸਬੰਧ 'ਚ ਭਾਰਤ ਦੇ ਰੁਖ਼ ਨੂੰ ਦੁਹਰਾਉਂਦਿਆਂ ਕਿਹਾ ਕਿ ਮੌਜੂਦਾ ਮਾਨਵੀ ਦੁੱਖ-ਦਰਦ ਨੂੰ ਹੋਰ ਵਧਣ ਨਹੀਂ ਦਿੱਤਾ ਜਾਣਾ ਚਾਹੀਦਾ ਹੈ।

ਉਨ੍ਹਾਂ ਕਿਹਾ, "ਸ਼ਾਂਤੀ ਦਾ ਕੋਈ ਬਦਲ ਨਹੀਂ ਹੈ। ਗੋਲੀਬੰਦੀ ਤੁਰੰਤ ਹੋਣੀ ਚਾਹੀਦੀ ਹੈ। ਸਾਰੇ ਬੰਦੀਆਂ ਨੂੰ ਰਿਹਾਅ ਕੀਤਾ ਜਾਣਾ ਚਾਹੀਦਾ ਹੈ। ਇਨ੍ਹਾਂ ਟੀਚਿਆਂ ਨੂੰ ਹਾਸਲ ਕਰਨ ਦਾ ਇਕੋ ਇਕ ਜਾਇਜ਼ ਰਾਹ ਸੰਵਾਦ ਅਤੇ ਕੂਟਨੀਤੀ ਹੈ।"

# ਪੰਜਾਬ ਸਰਕਾਰ ਨੇ ਭਾਖੜਾ ਨਹਿਰ ਰੱਖ-ਰਖਾਅ ਦਾ 113 ਕਰੋੜ ਦਾ ਬਿੱਲ ਹਰਿਆਣਾ ਨੂੰ ਭੇਜਿਆ!

**ਪੰਜਾਬ ਦੇ ਜਲ ਸਰੋਤ ਵਿਭਾਗ ਨੇ ਅੰਦਰੂਨੀ ਆਡਿਟ ਕਰਵਾਇਆ; ਪੰਜਾਬ ਦੇ ਕਰੋੜਾਂ ਦੇ ਬਕਾਏ ਨਾ ਤਾਰਨ ਦਾ ਮਾਮਲਾ ਬੇਪਰਦ**

**ਚੰਡੀਗੜ੍ਹ, (ਪੰਜਾਬ ਮੇਲ)-** ਪੰਜਾਬ ਸਰਕਾਰ ਨੇ ਭਾਖੜਾ ਨਹਿਰ ਦੇ ਅਪਰੇਸ਼ਨ ਅਤੇ ਰੱਖ-ਰਖਾਅ ਦੇ ਬਕਾਏ ਦਾ ਕਰੀਬ 113 ਕਰੋੜ ਰੁਪਏ ਦਾ ਬਿੱਲ ਹਰਿਆਣਾ ਨੂੰ ਭੇਜ ਦਿੱਤਾ ਹੈ, ਜਦੋਂ ਜਲ ਸਰੋਤ ਵਿਭਾਗ ਪੰਜਾਬ ਵੱਲੋਂ ਅੰਦਰੂਨੀ ਆਡਿਟ ਕਰਾਇਆ ਗਿਆ ਤਾਂ ਹੈਰਾਨੀ ਭਰੇ ਤੱਥ ਸਾਹਮਣੇ ਆਏ। ਆਡਿਟ ਰਿਪੋਰਟ 'ਚ ਪਤਾ ਲੱਗਿਆ ਹੈ ਕਿ ਹਰਿਆਣਾ ਸਰਕਾਰ ਨੇ ਭਾਖੜਾ ਨਹਿਰ ਦੇ ਅਪਰੇਸ਼ਨ ਤੇ ਰੱਖ-ਰਖਾਅ ਦਾ ਪੈਸਾ ਸਾਲ 2015-16 ਤੋਂ ਬਾਅਦ ਪੰਜਾਬ ਨੂੰ ਦੇਣਾ ਬੰਦ ਕਰ ਦਿੱਤਾ ਹੈ। ਕਿਸੇ ਵੀ ਸਰਕਾਰ ਨੇ ਇਸ ਪਾਸੇ ਨਜ਼ਰ ਹੀ ਨਹੀਂ ਮਾਰੀ। ਪੰਜਾਬ ਦੇ ਜਲ ਸਰੋਤ ਵਿਭਾਗ ਨੇ ਹੁਣ ਹਰਿਆਣਾ ਦੇ ਸਿੰਚਾਈ ਵਿਭਾਗ ਦੇ ਵਧੀਕ ਮੁੱਖ ਸਕੱਤਰ ਨੂੰ ਪੱਤਰ ਲਿਖ ਕੇ 113.24 ਕਰੋੜ ਦੇ ਬਕਾਏ ਦੀ ਅਦਾਇਗੀ ਕਰਨ ਲਈ ਆਖ ਦਿੱਤਾ ਹੈ। ਇਸ 'ਚ 'ਭਾਖੜਾ ਮੇਨ ਲਾਈਨ ਕੈਨਾਲ ਡਿਵੀਜ਼ਨ ਪਟਿਆਲਾ' ਦੀ 103.92 ਕਰੋੜ ਦੀ ਰਾਸ਼ੀ ਬਕਾਇਆ ਨਿਕਲੀ ਹੈ, ਜਦਕਿ 'ਮਾਨਸਾ ਕੈਨਾਲ ਡਵੀਜ਼ਨ ਜਵਾਹਰ ਕੇ' ਦੀ 9.32 ਕਰੋੜ ਦੀ ਰਾਸ਼ੀ ਹਰਿਆਣਾ ਵੱਲ ਬਕਾਇਆ ਖੜ੍ਹੀ ਹੈ। ਹਰਿਆਣਾ ਸਰਕਾਰ ਨੇ ਇਸ ਰਾਸ਼ੀ ਦੀ ਭਰਪਾਈ ਕਰਨ ਦੀ ਕਦੇ ਕੋਈ ਲੋੜ ਨਹੀਂ ਸਮਝੀ। ਹਾਲਾਂਕਿ ਰਾਜਸਥਾਨ ਸਰਕਾਰ ਵੱਲੋਂ ਰੈਗੂਲਰ ਬਕਾਏ ਪੰਜਾਬ ਨੂੰ ਤਾਰੇ ਜਾ ਰਹੇ ਹਨ।

**ਭਾਖੜਾ ਨਹਿਰ ਦੇ ਪਾਣੀ ਦੀ ਐਲੋਕੇਸ਼ਨ**

| ਸੂਬੇ | ਸੂਬਾਈ ਹਿੱਸਾ | ਹਿੱਸੇ ਦੀ ਦਰ |
|---|---|---|
| ਪੰਜਾਬ | 3108 ਕਿਊਸਿਕ | 25 ਫੀਸਦੀ |
| ਹਰਿਆਣਾ | 7841 ਕਿਊਸਿਕ | 63 ਫ਼ੀਸਦੀ |
| ਰਾਜਸਥਾਨ | 850 ਕਿਊਸਿਕ | 7 ਫ਼ੀਸਦੀ |
| ਦਿੱਲੀ | 496 ਕਿਊਸਿਕ | 4 ਫ਼ੀਸਦੀ |
| ਚੰਡੀਗੜ੍ਹ | 160 ਕਿਊਸਿਕ | 1 ਫ਼ੀਸਦੀ |

ਵੇਰਵਿਆਂ ਅਨੁਸਾਰ ਭਾਖੜਾ ਨਹਿਰ ਲਈ 12,455 ਕਿਊਸਿਕ ਪਾਣੀ ਦੀ ਐਲੋਕੇਸ਼ਨ ਹੈ, ਜਿਸ ਵਿਚ 7841 ਕਿਊਸਿਕ ਪਾਣੀ (63 ਫ਼ੀਸਦੀ) ਹਿੱਸੇਦਾਰੀ ਹਰਿਆਣਾ ਦੀ ਹੈ, ਜਦਕਿ ਪੰਜਾਬ ਦੀ 3108 ਕਿਊਸਿਕ (25 ਫ਼ੀਸਦੀ) ਹਿੱਸੇਦਾਰੀ ਬਣਦੀ ਹੈ। ਇਸੇ ਤਰ੍ਹਾਂ ਰਾਜਸਥਾਨ ਦੀ 7 ਫ਼ੀਸਦੀ, ਦਿੱਲੀ ਦੀ ਚਾਰ ਫ਼ੀਸਦੀ ਅਤੇ ਚੰਡੀਗੜ੍ਹ ਦੀ ਇੱਕ ਫ਼ੀਸਦੀ ਹਿੱਸੇਦਾਰੀ ਭਾਖੜਾ ਨਹਿਰ 'ਚੋਂ ਬਣਦੀ ਹੈ। ਭਾਖੜਾ ਨਹਿਰ ਪੰਜਾਬ ਵਿਚੋਂ ਦੀ ਲੰਘਦੀ ਹੈ, ਜਿਸ ਕਰਕੇ ਇਸ ਨਹਿਰ ਦੇ ਅਪਰੇਸ਼ਨ ਅਤੇ ਰੱਖ-ਰਖਾਅ ਦਾ ਖਰਚਾ ਪੰਜਾਬ ਸਰਕਾਰ ਕਰਦੀ ਹੈ।






# ਸਕਾਟਲੈਂਡ 'ਚ ਗੁਰਬਚਨ ਸਿੰਘ ਖੁਰਮੀ ਯਾਦਗਾਰੀ ਗੋਲਡ ਮੈਡਲ ਡਾ: ਨਿਰਮਲ ਜੌੜਾ ਨੂੰ ਭੇਂਟ

**■ ਗੁਰਬਚਨ ਸਿੰਘ ਖੁਰਮੀ ਜੀ ਦੀ ਸਾਹਿਤ ਤੇ ਸਮਾਜ ਨੂੰ ਵੱਡੀ ਦੇਣ - ਡਾ: ਜੌੜਾ**





**ਗਲਾਸਗੋ, (ਮਨਦੀਪ ਖੁਰਮੀ ਹਿੰਮਤਪੁਰਾ/ਪੰਜਾਬ ਮੇਲ)**- ਸਕਾਟਲੈਂਡ 'ਚ ਸਾਹਿਤਕ ਸਰਗਰਮੀਆਂ ਦੀ ਲੜੀ ਵਜੋਂ ਪੰਜ ਦਰਿਆ ਟੀਮ ਵੱਲੋਂ ਸੈਂਟਰਲ ਗੁਰਦੁਆਰਾ ਸਿੰਘ ਸਭਾ ਵਿਖੇ ਸਨਮਾਨ ਸਮਾਰੋਹ ਕਰਵਾਇਆ ਗਿਆ। ਵੱਖ-ਵੱਖ ਖੇਤਰਾਂ ਵਿਚ ਸੇਵਾਵਾਂ ਨਿਭਾਉਣ ਵਾਲੀਆਂ ਸ਼ਖਸੀਅਤਾਂ ਨੂੰ ਸਲਾਮ ਕਹਿਣ ਲਈ ਪੰਜ ਦਰਿਆ ਟੀਮ ਵੱਲੋਂ ਗੁਰਬਚਨ ਸਿੰਘ ਯਾਦਗਾਰੀ ਸਾਲਾਨਾ ਸਨਮਾਨ ਸਮਾਰੋਹ ਕਰਵਾਉਣ ਦਾ ਅਹਿਦ ਲਿਆ ਸੀ, ਜਿਸ ਤਹਿਤ ਵਿਸ਼ਵ ਪ੍ਰਸਿੱਧ ਰੰਗਕਰਮੀ ਤੇ ਰੰਗਮੰਚ ਨਿਰਦੇਸ਼ਕ ਡਾਕਟਰ ਨਿਰਮਲ ਜੌੜਾ ਨੂੰ ਗੁਰਬਚਨ ਸਿੰਘ ਖੁਰਮੀ ਯਾਦਗਾਰੀ ਗੋਲਡ ਮੈਡਲ ਨਾਲ ਸਨਮਾਨਿਤ ਕੀਤਾ ਗਿਆ। ਸਨਮਾਨ ਸਮਾਰੋਹ ਦੀ ਸ਼ੁਰੂਆਤ ਲਾਭ ਗਿੱਲ ਦੋਦਾ ਨੇ ਕਰਦਿਆਂ ਯੂ.ਕੇ. ਭਰ ਵਿਚੋਂ ਪਹੁੰਚੇ ਸਾਹਿਤ ਪ੍ਰੇਮੀਆਂ ਨੂੰ ਜੀ ਆਇਆਂ ਕਿਹਾ। ਮੰਚ ਦੀ ਕਾਰਵਾਈ ਸਾਂਭਦਿਆਂ ਮਨਦੀਪ ਖੁਰਮੀ ਹਿੰਮਤਪੁਰਾ ਨੇ ਡਾਕਟਰ ਨਿਰਮਲ ਜੌੜਾ ਬਾਰੇ ਸੰਖੇਪ ਜਾਣ-ਪਛਾਣ ਦਿੱਤੀ ਤੇ ਆਪਣੇ ਪਿਤਾ ਗੁਰਬਚਨ ਸਿੰਘ ਖੁਰਮੀ ਜੀ ਦੀ ਜੀਵਨੀ ਬਾਰੇ ਵਿਚਾਰ ਪੇਸ਼ ਕੀਤੇ। ਉੱਘੇ ਵਾਲੀਬਾਲ ਖਿਡਾਰੀ ਤੇ ਖੇਡ ਪ੍ਰਮੋਟਰ ਅਜੈਬ ਸਿੰਘ ਗਰਚਾ ਨੇ ਇਸ ਸਨਮਾਨ ਸਮਾਰੋਹ ਦੀ ਲੋੜ ਅਤੇ ਇਸ ਉਪਰਾਲੇ ਲਈ ਸ਼ਾਬਾਸ਼ ਦਿੱਤੀ। ਉਨ੍ਹਾਂ ਕਿਹਾ ਕਿ ਜੇਕਰ ਤੁਹਾਡੀ ਝੋਲੀ ਵਿਚ ਸਨਮਾਨ ਹੈ, ਤਾਂ ਤੁਸੀਂ ਸਨਮਾਨ ਹੀ ਵੰਡੋਗੇ, ਸੋ ਪੰਜ ਦਰਿਆ ਟੀਮ ਇਸ ਗੱਲੋਂ ਵਧਾਈ ਦੀ ਪਾਤਰ ਹੈ, ਜਿਨ੍ਹਾਂ ਡਾਕਟਰ ਨਿਰਮਲ ਜੌੜਾ ਦੇ ਕਾਰਜਾਂ ਨੂੰ ਪਛਾਣ ਕੇ ਉਨ੍ਹਾਂ ਨੂੰ ਸਕਾਟਲੈਂਡ ਬੁਲਾ ਕੇ ਸਨਮਾਨ ਦਿੱਤਾ। ਡਾਕਟਰ ਤਾਰਾ ਸਿੰਘ ਆਲਮ ਨੇ ਡਾਕਟਰ ਨਿਰਮਲ ਜੌੜਾ ਦੇ ਸਾਹਿਤਕ ਸਫਰ ਬਾਰੇ ਵਿਸਥਾਰਪੂਰਵਕ ਚਾਨਣਾ ਪਾਉਂਦਿਆਂ ਕਿਹਾ ਕਿ ਡਾਕਟਰ ਜੌੜਾ ਇੱਕ ਹੀ ਨਹੀਂ, ਸਗੋਂ ਕਈ ਸੰਸਥਾਵਾਂ ਵਾਂਗ ਕੰਮ ਕਰ ਰਹੇ ਹਨ। ਉਹ ਨੌਜਵਾਨ ਵਰਗ ਲਈ ਊਰਜਾ ਵੰਡਣ ਦਾ ਵੱਡਾ ਕਾਰਜ ਕਰ ਰਹੇ ਹਨ। ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਤਰਫੋਂ ਸੁਰਜੀਤ ਸਿੰਘ ਚੌਧਰੀ ਐੱਮ.ਬੀ.ਈ., ਸਰਦਾਰ ਜਸਪਾਲ ਸਿੰਘ ਖਹਿਰਾ ਨੇ ਇਸ ਉਪਰਾਲੇ ਲਈ ਜਿੱਥੇ ਪੰਜ ਦਰਿਆ ਟੀਮ ਦਾ ਮੋਢਾ ਥਾਪੜਿਆ, ਉੱਥੇ ਡਾਕਟਰ ਨਿਰਮਲ ਜੌੜਾ ਨੂੰ ਸਕਾਟਲੈਂਡ ਦੀ ਸੰਗਤ ਤਰਫੋਂ ਜੀ ਆਇਆਂ ਵੀ ਕਿਹਾ। ਇਸ ਸਮੇਂ ਗੁਰਮੇਲ ਸਿੰਘ ਧਾਮੀ, ਪ੍ਰਭਜੋਤ ਕੌਰ ਵਿਰ੍ਹੀਆ, ਪਸ਼ੌਰਾ ਸਿੰਘ ਬਲ, ਹਰਦਿਆਲ ਸਿੰਘ ਬਾਹਰੀ, ਗੁਰਦੀਪ ਸਿੰਘ ਸਮਰਾ ਵੱਲੋਂ ਵੀ ਇਸ ਸਾਲਾਨਾ ਸਮਾਰੋਹ ਨੂੰ ਬਹੁਤ ਹੀ ਸ਼ੁੱਭ ਕਾਰਜ ਦੱਸਦਿਆਂ ਡਾਕਟਰ ਨਿਰਮਲ ਜੌੜਾ ਨੂੰ ਵਧਾਈ ਪੇਸ਼ ਕੀਤੀ।

ਜ਼ਿਕਰਯੋਗ ਹੈ ਕਿ ਇਸ ਉਪਰਾਲੇ ਲਈ ਪੰਜ ਦਰਿਆ ਟੀਮ ਦੇ ਮੋਢੇ ਨਾਲ ਮੋਢਾ ਲਾ ਕੇ ਸੈਂਟਰਲ ਮੇਲ ਮਿਲਾਪ ਸੈਂਟਰ ਦੇ ਸਰਗਰਮ ਕਾਰਕੁੰਨ ਪਸ਼ੌਰਾ ਸਿੰਘ ਬਲ, ਸੁਰਜੀਤ ਕੌਰ, ਜਸਵੀਰ ਕੌਰ, ਨਿਰਮਲ ਸਿੰਘ, ਸਵਰਨ ਸਿੰਘ ਵੱਲੋਂ ਸ਼ਾਨਦਾਰ ਸੇਵਾਵਾਂ ਦਿੱਤੀਆਂ ਗਈਆਂ। ਜਿਉਂ ਹੀ ਡਾਕਟਰ ਨਿਰਮਲ ਜੌੜਾ ਨੂੰ ਗੋਲਡ ਮੈਡਲ ਅਤੇ ਪ੍ਰਸ਼ੰਸਾ ਪੱਤਰ ਨਾਲ ਸਮਾਨਿਆ ਗਿਆ, ਤਾਂ ਸਮੁੱਚਾ ਹਾਲ ਤਾੜੀਆਂ ਨਾਲ ਗੂੰਜ ਉੱਠਿਆ। ਸਨਮਾਨ ਉਪਰੰਤ ਆਪਣੇ ਵਿਲੱਖਣ ਤੇ ਸ਼ਾਇਰਾਨਾ ਅੰਦਾਜ਼ ਵਿਚ ਬੋਲਦਿਆਂ ਡਾਕਟਰ ਨਿਰਮਲ ਜੌੜਾ ਨੇ ਜਿੱਥੇ ਸਰਦਾਰ ਗੁਰਬਚਨ ਸਿੰਘ ਖੁਰਮੀ ਨਾਲ ਵਿਚਰਨ ਵਾਲੇ ਪਲਾਂ ਨੂੰ ਬਹੁਤ ਹੀ ਖੂਬਸੂਰਤੀ ਨਾਲ ਬਿਆਨ ਕੀਤਾ, ਉੱਥੇ ਉਨ੍ਹਾਂ ਦੀ ਸਾਹਿਤ ਅਤੇ ਸਮਾਜ ਨੂੰ ਦੇਣ ਦੀ ਵੀ ਭਰਵੀਂ ਤਾਰੀਫ ਕੀਤੀ। ਉਨ੍ਹਾਂ ਗੁਰਬਚਨ ਸਿੰਘ ਖੁਰਮੀ ਜੀ ਦੀ ਹੱਸਮੁਖ ਤੇ ਕਲਾਵਾਨ ਸ਼ਖਸੀਅਤ ਬਾਰੇ ਵਿਸਥਾਰ ਸਹਿਤ ਚਾਨਣਾ ਪਾਉਂਦਿਆਂ ਇਸ ਸਨਮਾਨ ਲਈ ਆਪਣੇ ਆਪ ਨੂੰ ਭਾਗਸ਼ਾਲੀ ਕਿਹਾ। ਉਨ੍ਹਾਂ ਪੰਜ ਦਰਿਆ ਟੀਮ ਦੇ ਨਾਲ-ਨਾਲ ਸੈਂਟਰਲ ਮੇਲ ਮਿਲਾਪ ਸੈਂਟਰ, ਸੈਂਟਰਲ ਗੁਰਦੁਆਰਾ ਸਿੰਘ ਸਭਾ ਅਤੇ ਸਕਾਟਲੈਂਡ ਦੀ ਸੰਗਤ ਦਾ ਵੀ ਤਹਿ ਦਿਲੋਂ ਧੰਨਵਾਦ ਕੀਤਾ, ਜਿਨ੍ਹਾਂ ਨੇ ਅਥਾਹ ਮੁਹੱਬਤ ਉਨ੍ਹਾਂ ਦੀ ਝੋਲੀ ਪਾਈ। ਪੰਜ ਦਰਿਆ ਟੀਮ ਵੱਲੋਂ ਅਤੇ ਲਾਭ ਸਿੰਘ ਗਿੱਲ ਵੱਲੋਂ ਸਕਾਟਲੈਂਡ ਦੇ ਰਿਵਾਇਤੀ ਮਫਲਰ ਅਤੇ ਪ੍ਰਸ਼ੰਸਾ ਪੱਤਰ ਡਾਕਟਰ ਨਿਰਮਲ ਜੌੜਾ, ਡਾਕਟਰ ਤਾਰਾ ਸਿੰਘ ਆਲਮ ਤੇ ਅਜੈਬ ਸਿੰਘ ਗਰਚਾ ਨੂੰ ਵਿਸ਼ੇਸ਼ ਤੌਰ 'ਤੇ ਭੇਂਟ ਕੀਤੇ। ਸਮਾਗਮ ਇੰਨਾਂ ਸ਼ਾਨਦਾਰ ਤੇ ਰੌਚਕ ਰਿਹਾ ਕਿ ਸਾਰੇ ਸਮਾਰੋਹ ਦੌਰਾਨ ਚੁੱਪ ਵਰਤੀ ਰਹੀ। ਹਾਜ਼ਰ ਲੋਕ ਬੁਲਾਰਿਆਂ ਨੂੰ ਸ਼ਿੱਦਤ ਨਾਲ ਸੁਣਦੇ ਰਹੇ। ਅਖੀਰ ਵਿਚ ਮਨਦੀਪ ਖੁਰਮੀ ਹਿੰਮਤਪੁਰਾ ਵੱਲੋਂ ਵੱਡੀ ਗਿਣਤੀ 'ਚ ਪਹੁੰਚੇ ਪੰਜਾਬੀਆਂ ਦਾ ਧੰਨਵਾਦ ਕੀਤਾ ਗਿਆ। ਸਮਾਗਮ ਦੌਰਾਨ ਪਾਕਿਸਤਾਨ ਗਵਰਨਰ ਹਾਊਸ ਵਿਚ ਸੇਵਾਵਾਂ ਨਿਭਾ ਰਹੇ ਜਨਾਬ ਰਾਣਾ ਆਬਿਦ ਵੱਲੋਂ ਵੀ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕਰਕੇ ਭਾਈਚਾਰਕ ਸਾਂਝ ਦਾ ਸਬੂਤ ਦਿੱਤਾ। ਭਾਈਚਾਰੇ ਦੇ ਲੋਕਾਂ ਵੱਲੋਂ ਅਖੀਰ ਵਿਚ ਚਾਹ-ਪਾਣੀ ਦੌਰਾਨ ਸਮੁੱਚੀ ਟੀਮ ਨੂੰ ਜਿੱਥੇ ਇਸ ਸਫਲ ਸਮਾਗਮ ਦੀ ਵਧਾਈ ਦਿੱਤੀ, ਉੱਥੇ ਭਵਿੱਖ ਵਿਚ ਹੋਣ ਵਾਲੇ ਸਮਾਗਮਾਂ ਲਈ ਸਹਿਯੋਗ ਦਾ ਭਰੋਸਾ ਵੀ ਦਿੱਤਾ। ਵਰਿੰਦਰ ਖੁਰਮੀ ਦੀਆਂ ਸੇਵਾਵਾਂ ਦੀ ਪੰਜ ਦਰਿਆ ਟੀਮ ਵੱਲੋਂ ਭਰਪੂਰ ਸ਼ਲਾਘਾ ਕੀਤੀ ਗਈ।

# ਅਮਰੀਕਾ 'ਚ 7 ਗੁਜਰਾਤੀਆਂ ਵੱਲੋਂ 9.5 ਮਿਲੀਅਨ ਡਾਲਰ ਦਾ ਘੁਟਾਲਾ

**ਨਿਊਯਾਰਕ, (ਰਾਜ ਗੋਗਨਾ/ਪੰਜਾਬ ਮੇਲ)**- ਅਮਰੀਕਾ ਵਿਚ ਸੱਤ ਭਾਰਤੀ-ਗੁਜਰਾਤੀਆਂ ਸਮੇਤ ਕੁੱਲ ਨੌਂ ਲੋਕਾਂ 'ਤੇ ਗੈਰ-ਕਾਨੂੰਨੀ ਗੇਮਿੰਗ ਮਸ਼ੀਨਾਂ ਚਲਾਉਣ ਦਾ ਦੋਸ਼ ਲਗਾਇਆ ਗਿਆ ਹੈ। ਇੱਕ ਸੰਘੀ ਗ੍ਰੈਂਡ ਜਿਊਰੀ ਨੇ 9.5 ਮਿਲੀਅਨ ਡਾਲਰ ਦੇ ਘੁਟਾਲੇ ਵਿਚ ਸ਼ਾਮਲ ਲੋਕਾਂ ਵਿਰੁੱਧ ਦੋਸ਼ ਤੈਅ ਕੀਤੇ ਹਨ। ਇਹ ਗੇਮਿੰਗ ਮਸ਼ੀਨਾਂ ਦੱਖਣ-ਪੱਛਮੀ ਮਿਸੂਰੀ ਵਿਚ ਛੇ ਵੱਖ-ਵੱਖ ਥਾਵਾਂ 'ਤੇ ਚੱਲਦੀਆਂ ਸਨ। ਇਸ ਮਾਮਲੇ ਵਿਚ ਜਿਨ੍ਹਾਂ ਲੋਕਾਂ ਨੂੰ ਦੋਸ਼ੀ ਠਹਿਰਾਇਆ ਗਿਆ ਹੈ, ਉਨ੍ਹਾਂ ਵਿਚ ਵਾਸ਼ਿੰਗਟਨ ਦੇ ਰਾਹੁਲ ਪਟੇਲ, ਜਾਰਜੀਆ ਦੇ ਮਨੀਸ਼ ਪਟੇਲ, ਤੁਸ਼ਾਰ ਪਟੇਲ ਅਤੇ ਮਿਤੁਲ ਬਾਰੋਟ, ਨਿਊਯਾਰਕ ਦੇ ਸੁਨੀਲ ਪਟੇਲ, ਕੋਲੋਰਾਡੋ ਦੇ ਹਰਸ਼ਦ ਚੌਧਰੀ ਅਤੇ ਅਰਕਾਨਸਾਸ ਦੇ ਵਿਪੁਲ ਪਟੇਲ ਦੇ ਨਾਂ ਸ਼ਾਮਲ ਹਨ। ਸਾਰੇ ਦੋਸ਼ੀ ਭਾਰਤੀ ਨਾਗਰਿਕ ਦੱਸੇ ਜਾਂਦੇ ਹਨ, ਜਦੋਂਕਿ ਉਨ੍ਹਾਂ ਤੋਂ ਇਲਾਵਾ ਜਾਰਜੀਆ ਦੇ ਮੁਹੰਮਦ ਇਫਤਿਖਾਰ ਅਲੀ ਅਤੇ ਨਿਊਯਾਰਕ ਦੇ ਅਸਗਰ ਅਲੀ ਵੀ ਇਸ ਮਾਮਲੇ ਵਿਚ ਦੋਸ਼ੀ ਹਨ।

ਇਸ ਮਾਮਲੇ ਵਿਚ ਇੱਕ ਸੰਘੀ ਗ੍ਰੈਂਡ ਜਿਊਰੀ ਨੇ 10 ਦਸੰਬਰ, 2024 ਨੂੰ ਰਾਹੁਲ ਪਟੇਲ ਨਾਮ ਦੇ ਦੋਸ਼ੀ ਵਿਰੁੱਧ ਦਾਇਰ ਕੀਤੇ ਗਏ ਦੋਸ਼ਾਂ ਤੋਂ ਇਲਾਵਾ ਵਾਧੂ ਦੋਸ਼ ਤੈਅ ਕੀਤੇ ਹਨ। ਇਸ ਮਾਮਲੇ ਵਿਚ ਸਪਰਿੰਗਫੀਲਡ ਪੁਲਿਸ ਮੁਖੀ ਪਾਲ ਵਿਲੀਅਮਜ਼ ਨੇ ਕਿਹਾ ਕਿ ਸਥਾਨਕ ਪੱਧਰ 'ਤੇ ਇਸ ਮਾਮਲੇ ਵਿਚ ਸ਼ੁਰੂ ਹੋਈ ਜਾਂਚ ਦਾ ਦਾਇਰਾ ਬਹੁਤ ਤੇਜ਼ੀ ਨਾਲ ਵਧਿਆ ਹੈ। ਕੈਨਸਸ ਸਿਟੀ ਦੇ ਹੋਮਲੈਂਡ ਸਿਕਿਓਰਿਟੀ ਇਨਵੈਸਟੀਗੇਸ਼ਨ ਦੇ ਇੰਚਾਰਜ ਸਪੈਸ਼ਲ ਏਜੰਟ ਮਾਰਕ ਜ਼ੀਟੋ ਨੇ ਮਾਮਲੇ ਬਾਰੇ ਜਾਣਕਾਰੀ ਦਿੱਤੀ ਅਤੇ ਕਿਹਾ ਕਿ ਇਹ ਕੋਈ ਨੀਵੇਂ ਪੱਧਰ ਦੀ ਜੂਆ ਯੋਜਨਾ ਨਹੀਂ ਸੀ, ਸਗੋਂ ਇੱਕ ਚੰਗੀ ਤਰ੍ਹਾਂ ਸੰਗਠਿਤ ਬਹੁ-ਮਿਲੀਅਨ ਡਾਲਰਾਂ ਦਾ ਅਪਰਾਧਿਕ ਨੈੱਟਵਰਕ ਸੀ, ਜਿਸ ਵਿਚ ਬਹੁਤ ਸਾਰੇ ਲੋਕ ਸ਼ਾਮਲ ਸਨ ਅਤੇ ਉਨ੍ਹਾਂ ਨੇ ਪੁਲਿਸ ਤੋਂ ਬਚਣ ਲਈ ਸਾਰੇ ਪ੍ਰਬੰਧ ਵੀ ਕੀਤੇ ਸਨ। ਬੀਤੇ ਸਾਲ 24 ਅਪ੍ਰੈਲ, 2023 ਅਤੇ 28 ਅਗਸਤ, 2023 ਵਿਚਕਾਰ ਇਸ ਘੁਟਾਲੇ ਦੇ ਦੋਸ਼ੀ ਮਿਤੁਲ ਬਾਰੋਟ ਨੇ ਮਿਸੂਰੀ ਵਿਚ ਛੇ ਕਾਰੋਬਾਰ ਰਜਿਸਟਰ ਕੀਤੇ, ਜਿਨ੍ਹਾਂ ਦੇ ਨਾਮ ਬਿਗ ਵਿਨ ਆਰਕੇਡ, ਬਿਗ ਵਿਨ ਆਰਕੇਡ 2023, ਸਪਿਨ ਹਿਟਰਸ 1, ਸਪਿਨ ਹਿਟਰਸ, ਵੇਗਾਸ ਸਿਟੀ ਆਰਕੇਡ ਅਤੇ ਵੇਗਾਸ ਆਰਕੇਡ ਸਨ। ਇਨ੍ਹਾਂ ਕਾਰੋਬਾਰਾਂ ਨੂੰ ਸਪਰਿੰਗਫੀਲਡ, ਜੋਪਲਿਨ ਅਤੇ ਬ੍ਰੈਨਸਨ ਵੈਸਟ ਸ਼ਹਿਰਾਂ ਵਿਚ ਵਪਾਰਕ ਲਾਇਸੈਂਸ, ਉਪਯੋਗਤਾ ਇਕਰਾਰਨਾਮੇ, ਲੀਜ਼ ਸਮਝੌਤਿਆਂ ਅਤੇ ਕਾਰੋਬਾਰ ਸ਼ਾਮਲ ਕਰਨ ਦੇ ਦਸਤਾਵੇਜ਼ਾਂ ਲਈ ਅਰਜ਼ੀ ਦਿੱਤੀ ਗਈ ਸੀ। ਮੁਲਜ਼ਮਾਂ ਨੇ ਸਥਾਨਕ ਲੋਕਾਂ ਨੂੰ ਆਪਣੇ ਲਈ ਕੰਮ ਕਰਨ ਲਈ ਰੱਖਿਆ ਜੋ ਮਿਸੂਰੀ ਕਾਨੂੰਨ ਦੀ ਉਲੰਘਣਾ ਕਰਕੇ ਗੇਮਿੰਗ ਮਸ਼ੀਨਾਂ ਚਲਾਉਂਦੇ ਸਨ। ਉਨ੍ਹਾਂ ਦੀਆਂ ਗੇਮਿੰਗ ਮਸ਼ੀਨਾਂ ਸਪਰਿੰਗਫੀਲਡ ਵਿਚ ਚਾਰ ਥਾਵਾਂ 'ਤੇ ਚਲਾਈਆਂ ਜਾਂਦੀਆਂ ਸਨ, ਜਿਨ੍ਹਾਂ ਵਿਚ ਰਾਹੁਲ ਪਟੇਲ, ਮਨੀਸ਼ ਪਟੇਲ, ਤੁਸ਼ਾਰ ਪਟੇਲ, ਵਿਪੁਲ ਪਟੇਲ ਅਤੇ ਅਸਗਰ ਅਲੀ ਸ਼ਾਮਲ ਸਨ।

ਇਨ੍ਹਾਂ ਸਾਰੇ ਲੋਕਾਂ ਨੇ ਇੱਕ ਵਟਸਐਪ ਗਰੁੱਪ ਵੀ ਬਣਾਇਆ, ਜਿਸ ਵਿਚ ਉਨ੍ਹਾਂ ਨੇ 31 ਮਈ, 2023 ਤੋਂ 11 ਮਾਰਚ, 2024 ਤੱਕ ਵਪਾਰਕ ਮਾਮਲਿਆਂ 'ਤੇ ਚਰਚਾ ਕੀਤੀ। ਮੁਲਜ਼ਮ ਇਸ ਬੇਈਮਾਨ ਕਾਰੋਬਾਰ ਵਿਚ ਕਮਾਈ ਹੋਈ ਕਮਾਈ ਨੂੰ ਅਮਰੀਕਾ ਅਤੇ ਭਾਰਤ ਦੇ ਵੱਖ-ਵੱਖ ਨਿੱਜੀ ਬੈਂਕ ਖਾਤਿਆਂ ਵਿਚ ਜਮ੍ਹਾ ਕਰਦੇ ਸਨ ਅਤੇ ਇਸ ਤਰ੍ਹਾਂ ਉਹ ਤਿੰਨ ਸਾਲਾਂ ਵਿਚ ਸਾਢੇ ਨੌਂ ਮਿਲੀਅਨ ਡਾਲਰ ਦਾ ਗਬਨ ਕਰਨ ਵਿਚ ਕਾਮਯਾਬ ਹੋ ਗਏ। ਇਸ ਮਾਮਲੇ ਵਿਚ, ਰਾਹੁਲ ਪਟੇਲ, ਮਨੀਸ਼ ਪਟੇਲ, ਸੁਨੀਲ ਪਟੇਲ, ਤੁਸ਼ਾਰ ਪਟੇਲ, ਮਿਤੁਲ ਬਰੋਟ, ਹਰਸ਼ਦ ਚੌਧਰੀ ਅਤੇ ਅਸਗਰ 'ਤੇ ਪੈਸੇ ਨੂੰ ਲਾਂਡਰ ਕਰਨ ਦੀ ਸਾਜ਼ਿਸ਼ ਰਚਣ ਅਤੇ ਰੈਕੇਟੀਅਰਿੰਗ ਦੇ ਇਰਾਦੇ ਨਾਲ ਅਮਰੀਕਾ ਦੇ ਵੱਖ-ਵੱਖ ਰਾਜਾਂ ਵਿਚ ਯਾਤਰਾ ਕਰਨ ਦਾ ਵੀ ਦੋਸ਼ ਹੈ।

# ਟੈਕਸ ਰਿਟਰਨਾਂ 'ਚ ਧੋਖਾਧੜੀ ਕਰਨ 'ਤੇ ਹੋ ਸਕਦੀ ਹੈ ਅਮਰੀਕੀ ਨਾਗਰਿਕਤਾ ਰੱਦ

**ਵਾਸ਼ਿੰਗਟਨ, (ਪੰਜਾਬ ਮੇਲ)**- ਗ੍ਰੀਨ ਕਾਰਡ ਧਾਰਕ, ਜੋ ਅਮਰੀਕੀ ਨਾਗਰਿਕ ਬਣ ਗਏ ਹਨ, ਉਨ੍ਹਾਂ ਨੂੰ ਆਪਣੀ ਨਾਗਰਿਕਤਾ ਗੁਆਉਣ ਦਾ ਖ਼ਤਰਾ ਹੋ ਸਕਦਾ ਹੈ, ਜੇਕਰ ਉਹ ਟੈਕਸ ਰਿਟਰਨਾਂ 'ਤੇ ਆਪਣੀ ਆਮਦਨ ਦੀ ਘੱਟ ਰਿਪੋਰਟ ਕਰਦੇ ਹਨ। ਅਮਰੀਕੀ ਸਰਕਾਰ ਕੁਝ ਅਮਰੀਕੀਆਂ ਦੀ ਨਾਗਰਿਕਤਾ ਖੋਹਣ ਲਈ ਸਰਗਰਮੀ ਨਾਲ ਕੰਮ ਕਰ ਰਹੀ ਹੈ ਅਤੇ ਟੈਕਸ ਰਿਟਰਨਾਂ 'ਤੇ ਧੋਖਾਧੜੀ ਉਨ੍ਹਾਂ ਆਧਾਰਾਂ ਵਿਚੋਂ ਇੱਕ ਹੋ ਸਕਦੀ ਹੈ, ਜਿਨ੍ਹਾਂ ਤਹਿਤ ਨਾਗਰਿਕਤਾ ਰੱਦ ਕੀਤੀ ਜਾ ਸਕਦੀ ਹੈ। ਅਮਰੀਕੀ ਨਿਆਂ ਵਿਭਾਗ ਨੇ ਅਮਰੀਕੀ ਨਾਗਰਿਕਤਾ ਨੂੰ ਰੱਦ ਕਰਨ ਅਤੇ ਡੀਨੈਚੁਰਲਾਈਜ਼ੇਸ਼ਨ ਨੂੰ ਤਰਜੀਹ ਦੇਣ ਲਈ ਇੱਕ ਪ੍ਰਮੁੱਖ ਤਰਜੀਹ ਨਿਰਧਾਰਤ ਕੀਤੀ ਹੈ, ਜਿਵੇਂ ਕਿ ਲਾਗੂ ਕਰਨ ਵਾਲੇ ਅਧਿਕਾਰੀਆਂ ਨੂੰ ਹਾਲ ਹੀ ਵਿਚ ਜਾਰੀ ਕੀਤੇ ਗਏ ਇੱਕ ਮੈਮੋਰੰਡਮ ਵਿਚ ਦੱਸਿਆ ਗਿਆ ਹੈ।

ਨੈਚੁਰਲਾਈਜ਼ੇਸ਼ਨ ਕਾਨੂੰਨੀ ਸਥਾਈ ਨਿਵਾਸੀਆਂ (ਐੱਲ.ਪੀ.ਆਰ.ਐੱਸ.) ਜਾਂ ਗ੍ਰੀਨ ਕਾਰਡ ਧਾਰਕਾਂ ਨੂੰ ਅਮਰੀਕੀ ਨਾਗਰਿਕਤਾ ਦੇਣ ਦੀ ਪ੍ਰਕਿਰਿਆ ਹੈ, ਜੋ ਕਾਂਗਰਸ ਅਤੇ ਆਈ.ਐੱਨ.ਏ. ਦੀਆਂ ਜ਼ਰੂਰਤਾਂ ਨੂੰ ਪੂਰਾ ਕਰਦੇ ਹਨ, ਜਿਸ ਨਾਲ ਉਹ ਕਾਨੂੰਨੀ ਤੌਰ 'ਤੇ ਅਮਰੀਕਾ ਦੇ ਅੰਦਰ ਸਥਾਈ ਤੌਰ 'ਤੇ ਰਹਿ ਸਕਦੇ ਹਨ। ਡੀਨੈਚੁਰਲਾਈਜ਼ੇਸ਼ਨ ਕਿਸੇ ਵਿਅਕਤੀ ਦੀ ਅਮਰੀਕੀ ਨਾਗਰਿਕਤਾ ਨੂੰ ਅਧਿਕਾਰਤ ਤੌਰ 'ਤੇ ਰੱਦ ਕਰਨਾ ਹੈ, ਜੋ ਕਿ ਅਰਜ਼ੀ ਅਤੇ ਜਾਂਚ ਦੌਰਾਨ ਗੈਰ-ਕਾਨੂੰਨੀ ਪ੍ਰਾਪਤੀ ਜਾਂ ਜਾਣਬੁੱਝ ਕੇ ਗਲਤ ਪੇਸ਼ਕਾਰੀ ਦੇ ਨਤੀਜੇ ਵਜੋਂ ਹੁੰਦਾ ਹੈ ਜਾਂ ਜੇਕਰ ਭੌਤਿਕ ਤੱਥਾਂ ਦਾ ਖੁਲਾਸਾ ਨਹੀਂ ਕੀਤਾ ਜਾਂਦਾ ਹੈ। ਪਿਛਲੇ ਕੇਸ ਦਰਸਾਉਂਦੇ ਹਨ ਕਿ ਜੰਗੀ ਅਪਰਾਧੀ ਜਾਂ ਜੋ ਰਾਸ਼ਟਰੀ ਸੁਰੱਖਿਆ ਲਈ ਖ਼ਤਰਾ ਸਨ, ਉਨ੍ਹਾਂ ਨੂੰ ਉਨ੍ਹਾਂ ਦੀ ਅਮਰੀਕੀ ਨਾਗਰਿਕਤਾ ਖੋਹਣ ਲਈ ਡੀਨੈਚੁਰਲਾਈਜ਼ੇਸ਼ਨ ਦੇ ਅਧੀਨ ਕੀਤਾ ਗਿਆ ਸੀ।

ਜੇਕਰ ਕਿਸੇ ਅਮਰੀਕੀ ਨਾਗਰਿਕ ਨੇ ਜਾਣਬੁੱਝ ਕੇ ਟੈਕਸ ਰਿਟਰਨਾਂ 'ਤੇ ਆਪਣੀ ਆਮਦਨ ਦੀ ਘੱਟ ਰਿਪੋਰਟ ਕੀਤੀ ਹੈ, ਤਾਂ ਅਮਰੀਕੀ ਸਰਕਾਰ ਉਸਦੀ ਨਾਗਰਿਕਤਾ ਰੱਦ ਕਰ ਸਕਦੀ ਹੈ।

ਅਮਰੀਕੀ ਸਰਕਾਰ ਕੋਲ ਨਾਗਰਿਕਤਾ ਰੱਦ ਕਰਨ ਦੀ ਇੱਕ ਪ੍ਰਕਿਰਿਆ ਹੈ ਅਤੇ ਟੈਕਸ ਰਿਟਰਨਾਂ 'ਤੇ ਧੋਖਾਧੜੀ ਉਨ੍ਹਾਂ ਆਧਾਰਾਂ ਵਿਚੋਂ ਇੱਕ ਹੋ ਸਕਦੀ ਹੈ, ਜਿਸ ਤਹਿਤ ਇਹ ਪ੍ਰਕਿਰਿਆ ਸ਼ੁਰੂ ਕੀਤੀ ਜਾ ਸਕਦੀ ਹੈ।

ਬਲੂਮਬਰਗ ਲਾਅ ਨੇ ਰਿਪੋਰਟ ਦਿੱਤੀ ਕਿ ਰਾਸ਼ਟਰਪਤੀ ਟਰੰਪ ਦੇ ਪ੍ਰਸ਼ਾਸਨ ਦੇ ਅਧੀਨ ਟੈਕਸ ਰਿਟਰਨ 'ਤੇ ਆਮਦਨ ਦੀ ਘੱਟ ਰਿਪੋਰਟਿੰਗ ਦੇ ਨਤੀਜੇ ਵਜੋਂ ਗੈਰ-ਅਮਰੀਕੀ ਨਾਗਰਿਕ ਐਲਾਨ ਕੀਤਾ ਜਾ ਸਕਦਾ ਹੈ। ਨਿਆਂ ਵਿਭਾਗ ਨੇ ਆਪਣੇ ਸਿਵਲ ਡਿਵੀਜ਼ਨ ਲਈ ਪੰਜ ਲਾਗੂ ਕਰਨ ਵਾਲੀਆਂ ਤਰਜੀਹਾਂ ਵਿਚੋਂ ਇੱਕ ਵਜੋਂ ਡੀਨੈਚੁਰਲਾਈਜ਼ੇਸ਼ਨ ਨੂੰ ਵਧਾ ਦਿੱਤਾ ਹੈ। ਬਲੂਮਬਰਗ ਲਾਅ ਇੱਕ ਅਜਿਹੇ ਕੇਸ ਦਾ ਹਵਾਲਾ ਦਿੰਦਾ ਹੈ, ਜਿੱਥੇ ਸਰਕਾਰੀ ਵਕੀਲਾਂ ਨੇ ਇੱਕ ਅਦਾਲਤ ਨੂੰ ਹਿਊਸਟਨ ਦੇ ਇੱਕ ਨਾਗਰਿਕ ਨੂੰ ਉਸਦੀ ਨਾਗਰਿਕਤਾ ਤੋਂ ਵਾਂਝਾ ਕਰਨ ਲਈ ਕਿਹਾ ਸੀ, ਜਦੋਂ ਉਸਨੇ ਪੰਜ ਸਾਲ ਪਹਿਲਾਂ ਝੂਠਾ ਟੈਕਸ ਰਿਟਰਨ ਦਾਇਰ ਕਰਨ ਦਾ ਦੋਸ਼ੀ ਮੰਨਿਆ ਸੀ। ਨਾਗਰਿਕ ਨਾਗਰਿਕਤਾ ਪ੍ਰਾਪਤ ਕਰਨ ਲਈ ਇੱਕ ਲੰਬੀ ਪ੍ਰਕਿਰਿਆ ਵਿਚੋਂ ਲੰਘ ਰਹੀ ਸੀ। ਟੈਕਸ ਰਿਟਰਨਾਂ 'ਤੇ ਧੋਖਾਧੜੀ ਦੇ ਗੰਭੀਰ ਕਾਨੂੰਨੀ ਨਤੀਜੇ ਹੋ ਸਕਦੇ ਹਨ, ਜਿਸ ਵਿਚ ਜੁਰਮਾਨੇ, ਅਦਾਇਗੀ ਨਾ ਕੀਤੇ ਟੈਕਸਾਂ 'ਤੇ ਵਿਆਜ ਅਤੇ ਸੰਭਾਵੀ ਤੌਰ 'ਤੇ ਨਾਗਰਿਕਤਾ ਜਾਂ ਸਥਾਈ ਨਿਵਾਸ ਸਥਿਤੀ ਗੁਆਉਣਾ ਸ਼ਾਮਲ ਹੈ।

ਇਮੀਗ੍ਰੇਸ਼ਨ ਅਧਿਕਾਰੀ ਟੈਕਸ ਗੈਰ-ਪਾਲਣਾ ਨੂੰ ਸਥਾਈ ਨਿਵਾਸ ਛੱਡਣ ਦੇ ਸਬੂਤ ਵਜੋਂ ਵਿਚਾਰ ਸਕਦੇ ਹਨ ਅਤੇ ਇਹ ਅਮਰੀਕਾ ਵਿਚ ਦੁਬਾਰਾ ਦਾਖਲ ਹੋਣ ਜਾਂ ਨਾਗਰਿਕਤਾ ਲਈ ਅਰਜ਼ੀ ਦੇਣ ਵੇਲੇ ਇੱਕ ਸਮੱਸਿਆ ਬਣ ਸਕਦੀ ਹੈ।

# ਲੈਂਡ ਪੂਲਿੰਗ ਨੀਤੀ ਨੂੰ ਜਨਹਿਤ ਪਟੀਸ਼ਨ ਜ਼ਰੀਏ ਹਾਈ ਕੋਰਟ 'ਚ ਚੁਣੌਤੀ

**■ ਅਗਲੀ ਸੁਣਵਾਈ 19 ਨੂੰ; ਵਿਰੋਧੀ ਧਿਰਾਂ ਤੇ ਕਿਸਾਨ ਜਥੇਬੰਦੀਆਂ ਪਹਿਲਾਂ ਹੀ ਕਰ ਰਹੀਆਂ ਹਨ ਵਿਰੋਧ**

**ਚੰਡੀਗੜ੍ਹ, (ਪੰਜਾਬ ਮੇਲ)**- ਪੰਜਾਬ ਤੇ ਹਰਿਆਣਾ ਹਾਈ ਕੋਰਟ ਵਿਚ ਇੱਕ ਜਨਹਿਤ ਪਟੀਸ਼ਨ ਜ਼ਰੀਏ ਪੰਜਾਬ ਸਰਕਾਰ ਦੀ 'ਲੈਂਡ ਪੂਲਿੰਗ ਨੀਤੀ' ਨੂੰ ਚੁਣੌਤੀ ਦਿੱਤੀ ਗਈ ਹੈ। ਪੰਜਾਬ ਸਰਕਾਰ ਵੱਲੋਂ ਨੋਟੀਫਾਈਡ ਕੀਤੀ ਲੈਂਡ ਪੂਲਿੰਗ ਨੀਤੀ ਖ਼ਿਲਾਫ਼ ਪਹਿਲਾਂ ਹੀ ਸੂਬੇ ਵਿਚ ਵਿਰੋਧੀ ਧਿਰਾਂ ਅਤੇ ਕਿਸਾਨ ਜਥੇਬੰਦੀਆਂ ਨੇ ਸੰਘਰਸ਼ ਦਾ ਬਿਗਲ ਵਜਾਇਆ ਹੋਇਆ ਹੈ। ਹੁਣ ਕਾਨੂੰਨੀ ਲੜਾਈ ਵੀ ਵਿੱਢੀ ਗਈ ਹੈ। ਸਮਾਜਿਕ ਕਾਰਕੁੰਨ ਨਵਿੰਦਰ ਪੀ.ਕੇ. ਸਿੰਘ ਅਤੇ ਸਮਿਤਾ ਕੌਰ ਨੇ ਜਨਤਕ ਪਟੀਸ਼ਨ ਦਾਇਰ ਕਰਕੇ ਲੈਂਡ ਪੂਲਿੰਗ ਨੀਤੀ ਨੂੰ ਚੁਣੌਤੀ ਦਿੱਤੀ ਹੈ।

ਹਾਈ ਕੋਰਟ ਦੇ ਮੁੱਖ ਜਸਟਿਸ ਸ਼ੀਲ ਨਾਗੂ ਦੀ ਅਗਵਾਈ ਹੇਠਲੇ ਡਿਵੀਜ਼ਨ ਬੈਂਚ ਨੇ ਇਸ ਪਟੀਸ਼ਨ ਦੀ ਸੁਣਵਾਈ ਕੀਤੀ। ਬੈਂਚ ਨੇ ਪਟੀਸ਼ਨਰ ਨੂੰ ਪਟੀਸ਼ਨ 'ਚ ਕੁੱਝ ਸੋਧਾਂ ਕਰਨ ਦੀ ਗੱਲ ਕਹੀ ਹੈ। ਅਗਲੀ ਸੁਣਵਾਈ 19 ਅਗਸਤ ਨੂੰ ਹੋਵੇਗੀ। ਜਨਹਿਤ ਪਟੀਸ਼ਨ 'ਚ ਕਿਹਾ ਗਿਆ ਹੈ ਕਿ ਪੰਜਾਬ ਸਰਕਾਰ ਨੇ 4 ਜੁਲਾਈ ਨੂੰ ਲੈਂਡ ਪੂਲਿੰਗ ਨੀਤੀ ਬਣਾ ਕੇ ਉਪਜਾਊ ਤੇ ਬਹੁ ਫ਼ਸਲੀ ਜ਼ਮੀਨਾਂ ਐਕੁਆਇਰ ਕਰਨ ਦੀ ਯੋਜਨਾ ਬਣਾਈ ਹੈ।

ਪਟੀਸ਼ਨ ਵਿਚ ਲੈਂਡ ਪੂਲਿੰਗ ਨੀਤੀ ਰੱਦ ਕਰਨ ਦੀ ਮੰਗ ਕੀਤੀ ਗਈ ਹੈ। ਪਟੀਸ਼ਨ 'ਚ ਦਲੀਲ ਦਿੱਤੀ ਗਈ ਹੈ ਕਿ ਲੈਂਡ ਪੂਲਿੰਗ ਨੀਤੀ ਨਿਰਪੱਖ ਮੁਆਵਜ਼ਾ, ਪ੍ਰਭਾਵਿਤ ਪਰਿਵਾਰਾਂ ਦੇ ਮੁੜ ਵਸੇਬੇ ਅਤੇ ਇਸ ਨੀਤੀ ਕਾਰਨ ਪੈਣ ਵਾਲੇ ਸਮਾਜਿਕ ਪ੍ਰਭਾਵਾਂ ਦੀ ਅਣਦੇਖੀ ਕਰ ਰਹੀ ਹੈ।

ਦੱਸਣਯੋਗ ਹੈ ਕਿ ਪੰਜਾਬ ਸਰਕਾਰ ਨੇ ਲੈਂਡ ਪੂਲਿੰਗ ਨੀਤੀ ਤਹਿਤ ਪੰਜਾਬ ਦੀ ਕਰੀਬ 65 ਹਜ਼ਾਰ ਏਕੜ ਜ਼ਮੀਨ ਐਕੁਆਇਰ ਕਰਨੀ ਹੈ, ਜਿਸ ਵਿਚ ਲੁਧਿਆਣਾ ਦੇ ਕਰੀਬ 50 ਪਿੰਡਾਂ ਦੀ 24 ਹਜ਼ਾਰ ਏਕੜ ਤੋਂ ਵੱਧ ਖੇਤੀ ਵਾਲੀ ਜ਼ਮੀਨ ਐਕੁਆਇਰ ਕੀਤੀ ਜਾਣੀ ਹੈ। ਪੰਜਾਬ ਸਰਕਾਰ ਜ਼ਮੀਨ ਪ੍ਰਾਪਤੀ ਪਿੱਛੇ ਸ਼ਹਿਰੀ ਵਿਕਾਸ ਅਤੇ ਉਦਯੋਗਿਕ ਵਿਕਾਸ ਦਾ ਹਵਾਲਾ ਦੇ ਰਹੀ ਹੈ। ਪਟੀਸ਼ਨਰਾਂ ਦਾ ਕਹਿਣਾ ਹੈ ਕਿ ਇਸ ਨੀਤੀ ਕਰਕੇ ਹਜ਼ਾਰਾਂ ਕਿਸਾਨ ਪਰਿਵਾਰਾਂ ਦੀ ਰੋਜ਼ੀ-ਰੋਟੀ ਦਾ ਮਸਲਾ ਖੜ੍ਹਾ ਹੋ ਜਾਣਾ ਹੈ।

ਪੰਜਾਬ ਦੀ ਖੇਤੀ ਹੇਠੋਂ ਹਜ਼ਾਰਾਂ ਏਕੜ ਉਪਜਾਊ ਜ਼ਮੀਨ ਵੀ ਨਿਕਲ ਜਾਣੀ ਹੈ। ਪਟੀਸ਼ਨਰਾਂ ਅਨੁਸਾਰ ਇਸ ਨੀਤੀ ਵਿਚ ਹੋਰ ਵੀ ਕਈ ਨੁਕਸ ਹਨ। ਲੈਂਡ ਪੂਲਿੰਗ ਨੀਤੀ ਭੂਮੀ ਪ੍ਰਾਪਤੀ, ਪੁਨਰਵਾਸ ਐਕਟ, 2013 ਦੀ ਮੂਲ ਭਾਵਨਾ ਦੇ ਖ਼ਿਲਾਫ਼ ਭੁਗਤਦੀ ਹੈ। ਪਟੀਸ਼ਨਰਾਂ ਦਾ ਕਹਿਣਾ ਹੈ ਕਿ ਹਜ਼ਾਰਾਂ ਏਕੜ ਉਪਜਾਊ ਜ਼ਮੀਨ ਦੇ ਖੁੱਸਣ ਮਗਰੋਂ ਇਕੱਲਾ ਕਿਸਾਨ ਨਹੀਂ, ਬਲਕਿ ਇਸ ਜ਼ਮੀਨ 'ਤੇ ਨਿਰਭਰ ਹੋਰਨਾਂ ਤਬਕਿਆਂ ਦਾ ਰੁਜ਼ਗਾਰ ਵੀ ਪ੍ਰਭਾਵਿਤ ਹੋਵੇਗਾ, ਜਿਸ ਦੀ ਸੁਰੱਖਿਆ ਲਈ ਨੀਤੀ ਖ਼ਾਮੋਸ਼ ਹੈ। ਪਟੀਸ਼ਨ 'ਚ ਕਿਹਾ ਗਿਆ ਹੈ ਕਿ ਪੰਜਾਬ ਦੇ ਕਿਸਾਨਾਂ ਅਤੇ ਕਿਸਾਨ ਜਥੇਬੰਦੀਆਂ ਦੇ ਵਿਰੋਧ ਦੇ ਬਾਵਜੂਦ ਪੰਜਾਬ ਸਰਕਾਰ ਇਸ ਨੀਤੀ ਦੇ ਫ਼ਾਇਦੇ ਦੱਸ ਕੇ ਇਸ ਨੂੰ ਅੱਗੇ ਵਧਾ ਰਹੀ ਹੈ।

**ਰੋਜ਼ਾਨਾਂ ਤਾਜ਼ੀਆਂ ਖਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ 'ਤੇ ਕਲਿੱਕ ਕਰੋ :**

**www.punjabmailusa.com**

# PUNJAB MAIL USA

TV Channel, Newspaper, Radio

## All over America, Canada, Australia & Europe

All over America, Canada, Australia & Europe

24 Hours 7 Days

- IP TV (24 Hours)
- App: Punjab Mail USA (24 Hours)
  Youtube : Punjab Mail USA
- Facebook Page : Punjab Mail USA
- Instagram : Punjab Mail USA
- Website: punjabmailusa.com
- E-mail: punjabmailtv@gmail.com

*Gold # 2867, Gem # 375, TV Zon # 6888, Glow TV # 1828, Tashan # 131, Real TV etc.*

*For any Information & Advertisement Call at*

**+1-916-320-9444**




# ਡਗਸ਼ਈ ਦੀ ਜੇਲ੍ਹ ਯਾਤਰਾ

ਅਮਰਬੀਰ ਸਿੰਘ ਚੀਮਾ
ਸਰਹਿੰਦ ਸ਼ਹਿਰ, ਜ਼ਿਲ੍ਹਾ
ਫ਼ਤਿਹਗੜ੍ਹ ਸਾਹਿਬ
ਮੋਬਾਈਲ ਨੰ: 98889-40211
ਪੰਜਾਬ ਮੇਲ USA



ਬੇਟੀ ਬਾਹਰੋਂ ਆਈ ਹੋਈ ਸੀ ਤੇ ਨਵਾਂ ਸਾਲ ਮਨਾਉਣ ਲਈ ਕਿਸੇ ਨੇੜੇ ਦੇ ਸ਼ਹਿਰ ਜਾਣ ਦਾ ਪ੍ਰੋਗਰਾਮ ਬਣਾ ਲਿਆ। ਸਲਾਹ ਕਰਕੇ ਮੈਂ, ਪਤਨੀ ਹਰਜੀਤ, ਬੇਟੀ ਰਸ਼ਮੀਤ ਤੇ ਭਤੀਜੇ ਦੀਪਕੰਵਲ ਨੇ ਬੜੋਗ ਤੇ ਡਗਸ਼ਈ ਵੱਲ ਚਾਲੇ ਪਾ ਦਿੱਤੇ। ਸ਼ਿਮਲੇ ਰੋਡ ਵੱਲ ਜਾਂਦਿਆਂ ਹਿਮਾਚਲ ਪ੍ਰਦੇਸ਼ ਵਿਚ ਐਂਟਰ ਹੋਣ ਤੋਂ ਬਾਅਦ ਸੜਕ ਦੇ ਸੱਜੇ ਹੱਥ ਇੱਕ ਬਹੁਤ ਸੋਹਣਾ ਨਵਾਂ ਹੀ ਪਾਰਕ ਆਉਂਦਾ ਹੈ, ਜਿੱਥੇ ਵੱਡੇ-ਵੱਡੇ ਅੱਖਰਾਂ 'ਚ 'ਆਈ ਲਵ ਹਿਮਾਚਲ' ਲਿਖਿਆ ਹੋਇਆ ਹੈ। ਇੱਥੇ ਬਹੁਤ ਹੀ ਸੋਹਣੇ-ਸੋਹਣੇ ਫੁੱਲਾਂ ਦੇ ਬੂਟੇ ਲੱਗੇ ਹੋਏ ਹਨ। ਚਾਰੇ ਪਾਸੇ ਹਰਿਆਵਲ ਬਾਹਾਂ ਖੋਲ੍ਹ ਕੇ ਤੁਹਾਡਾ ਸਵਾਗਤ ਕਰਦੀ ਹੈ। ਸੋਹਣੇ-ਸੋਹਣੇ ਫੁੱਲਾਂ 'ਚ ਸੋਹਣੀਆਂ-ਸੋਹਣੀਆਂ ਤਸਵੀਰਾਂ ਨੂੰ ਆਪਣੇ ਮੋਬਾਈਲ ਦੇ ਕੈਮਰੇ ਵਿਚ ਕੈਦ ਕੀਤਾ।

ਜਾਣ ਤੋਂ ਪਹਿਲਾਂ ਮੇਰਾ ਇੱਕ ਵਕੀਲ ਦੋਸਤ ਗਗਨਦੀਪ ਗੋਰਾਇਆ ਕਹਿੰਦਾ ਕਿ ਉੱਥੇ ਮੇਨ ਸੜਕ 'ਤੇ ਹੀ ਆਪਣੇ ਨਾਲ ਦੇ ਪਿੰਡ ਦੇ ਇੱਕ ਸਰਦਾਰ ਜੀ ਨੇ ਆਪਣਾ ਰੈਸਟ ਹਾਊਸ ਬਣਾਇਆ ਹੋਇਆ ਹੈ ਅਤੇ ਉਹ ਫ਼ਤਿਹਗੜ੍ਹ ਸਾਹਿਬ ਤੋਂ ਗਿਆਂ ਨੂੰ ਬਹੁਤ ਪਿਆਰ ਨਾਲ ਮਿਲਦੇ ਹਨ। ਉੱਥੇ ਉਨ੍ਹਾਂ ਨੂੰ ਮਿਲ ਲੈਣਾ, ਪਰ ਉਹ ਕਾਫੀ ਬਜ਼ੁਰਗ ਨੇ, ਹੋ ਸਕਦਾ ਹੁਣ ਜਿਉਂਦੇ ਵੀ ਹੋਣ ਜਾਂ ਨਾ। ਉਸ ਤੋਂ ਬਾਅਦ ਉਹਨੇ ਕਿਹਾ ਕਿ ਕੁਝ ਦੂਰੀ ਉੱਤੇ ਹੀ ਚਾਚਾ ਜੀ ਦਾ ਢਾਬਾ ਹੈ, ਜਿੱਥੇ ਪਰੌਂਠੇ ਬਹੁਤ ਸਵਾਦ ਹੁੰਦੇ ਹਨ, ਉੱਥੇ ਪਰੌਂਠੇ ਛਕ ਲੈਣਾ। ਜਾਂਦਿਆਂ ਸਾਨੂੰ ਸੌਖਿਆਂ ਹੀ ਸਰਦਾਰ ਜੀ ਦਾ ਉਹ ਰੈਸਟ ਹਾਊਸ ਮਿਲ ਗਿਆ। ਉੱਥੇ ਉਨ੍ਹਾਂ ਨੂੰ ਮਿਲ ਕੇ ਗੱਲਾਂਬਾਤਾਂ ਕੀਤੀਆਂ ਤੇ ਉਨ੍ਹਾਂ ਨੇ ਸਾਨੂੰ ਹਿਮਾਚਲ ਦੀ ਸਪੈਸ਼ਲ ਚਾਹ ਪਿਲਾਈ। ਭਾਵ ਉਹ ਬਿਲਕੁਲ ਤੰਦਰੁਸਤ ਤੇ ਸਹੀ ਸਲਾਮਤ ਸਨ। ਉਸ ਤੋਂ ਅੱਧੇ ਕੁਝ ਘੰਟੇ ਬਾਅਦ ਸਾਹਮਣੇ ਚਾਚਾ ਜੀ ਦੇ ਢਾਬੇ ਦਾ ਬੋਰਡ ਲੱਗਿਆ ਦੇਖਿਆ ਤੇ ਗੱਡੀ ਰੋਕ ਲਈ। ਢਾਬੇ ਅੰਦਰ ਬੈਠਿਆਂ ਤੋਂ ਆਰਡਰ ਲੈਣ ਆਏ ਮੁੰਡੇ ਨੂੰ ਪੁੱਛਿਆ ਕਿ ਚਾਚਾ ਜੀ ਕਿੱਥੇ ਹਨ। ਉਸ ਨੇ ਤਾਂਹ ਨੂੰ ਉਂਗਲ ਕਰਕੇ ਕਿਹਾ ਜੀ, ਉਹ ਤਾਂ ਉੱਪਰ ਹਨ। ਮੈਂ ਨਾਲ ਹੀ ਕਿਹਾ ਕਿ ਬੁਲਾਓ ਉਨ੍ਹਾਂ ਨੂੰ, ਮਿਲਣਾ ਹੈ। ਉਸਨੇ ਫਿਰ ਜਵਾਬ ਦਿੱਤਾ ਕਿ ਉਹ ਤਾਂ ਜੀ ਉੱਪਰ ਚਲੇ ਗਏ, ਭਾਵ ਉਨ੍ਹਾਂ ਦੀ ਮੌਤ ਹੋ ਚੁੱਕੀ ਹੈ। ਮਤਲਬ ਕਿ ਜਿਸ ਦੇ ਜਿਉਂਦੇ ਹੋਣ ਦੀ ਉਮੀਦ ਨਹੀਂ ਸੀ, ਉਹ ਸਹੀ ਸਲਾਮਤੀ ਤੇ ਜਿਸ ਬਾਰੇ ਇਹ ਸ਼ੰਕਾ ਵੀ ਨਹੀਂ ਸੀ, ਉਹ ਫੌਤ ਹੋ ਚੁੱਕਾ ਸੀ। ਇਸ ਲਈ ਰਹਿੰਦੇ ਸਾਹਾਂ ਤੱਕ ਜਿੰਨਾ ਹੋ ਸਕੇ, ਜ਼ਿੰਦਗੀ ਜੀਅ ਲਈ ਜਾਵੇ, ਘੁੰਮ-ਫਿਰ ਕੇ ਦੁਨੀਆਂਦਾਰੀ ਦੇਖ ਲਈ ਜਾਵੇ। ਖੈਰ ਉੱਥੇ ਨਾਸ਼ਤਾ ਕੀਤਾ ਤੇ ਥੋੜ੍ਹੀ ਅੱਗੇ ਜਾ ਕੇ ਇੱਕ ਹੋਮਸਟੇਅ ਵਿਖੇ ਕਮਰਾ ਲੈ ਲਿਆ, ਕਿਉਂਕਿ 31 ਦਸੰਬਰ ਹੋਣ ਕਰਕੇ ਸ਼ਾਮ ਤੱਕ ਟੂਰਿਸਟਾਂ ਦੀ ਬਹੁਤ ਜ਼ਿਆਦਾ ਭੀੜ ਹੋ ਜਾਣੀ ਸੀ ਤੇ ਕਮਰਾ ਲੱਭਣ ਵਿਚ ਦਿੱਕਤ ਆਉਣੀ ਸੀ।

ਫਰੈਸ਼ ਹੋਣ ਉਪਰੰਤ ਹੋਮਸਟੇਅ ਤੋਂ ਇੱਕ ਪਹਾੜੀ ਥੱਲੇ ਉੱਤਰ ਕੇ ਤੇ ਦੂਜੇ ਪਾਸੇ ਇੱਕ ਹੋਰ ਪਹਾੜੀ ਦੇ ਉੱਪਰ ਵੱਲ ਡਗਸ਼ਈ ਨੂੰ ਚੱਲ ਪਏ। ਹਿਮਾਚਲ ਪ੍ਰਦੇਸ਼ ਦੇ ਸੋਲਨ ਜ਼ਿਲ੍ਹੇ 'ਚ ਪੈਂਦਾ ਡਗਸ਼ਈ ਪੁਰਾਣੇ ਛਾਉਣੀ ਖੇਤਰਾਂ ਵਿਚੋਂ ਇੱਕ ਹੈ, ਜਿਹੜਾ ਕਿ ਸੋਲਨ ਤੋਂ 11 ਤੇ ਕਾਲਕਾ ਤੋਂ 27 ਕਿਲੋਮੀਟਰ ਦੂਰੀ 'ਤੇ ਸਥਿਤ ਹੈ। ਇਸਦੀ ਸਥਾਪਨਾ 1847 'ਚ ਈਸਟ ਇੰਡੀਆ ਕੰਪਨੀ ਦੁਆਰਾ ਪਟਿਆਲਾ ਦੇ ਮਹਾਰਾਜਾ ਭੁਪਿੰਦਰ ਸਿੰਘ ਤੋਂ ਡੱਬਲੀ, ਬੁਘਤਿਆਲਾ, ਚੁਨਾਗ, ਜਾਵੂਗ ਅਤੇ ਡਗਸ਼ਈ ਨਾਮਕ ਪੰਜ ਪਿੰਡ ਮੁਫ਼ਤ ਵਿਚ ਪ੍ਰਾਪਤ ਕਰਕੇ ਕੀਤੀ ਸੀ। ਨਵੀਂ ਛਾਉਣੀ ਦਾ ਨਾਮ ਆਖਰੀ ਨਾਮ ਵਾਲੇ ਪਿੰਡ ਦੇ ਨਾਮ 'ਤੇ ਰੱਖਿਆ ਗਿਆ ਸੀ, ਕਿਉਂਕਿ ਇਹ ਸਭ ਤੋਂ ਵੱਡਾ ਅਤੇ ਰਣਨੀਤਕ ਤੌਰ 'ਤੇ ਸਭ ਤੋਂ ਵੱਧ ਸੁਰੱਖਿਅਤ ਸੀ। ਕਿਹਾ ਜਾਂਦਾ ਹੈ ਕਿ ਡਗਸ਼ਈ ਨਾਮ 'ਦਾਗ-ਏ-ਸ਼ਾਹੀ' ਤੋਂ ਲਿਆ ਗਿਆ ਸੀ। ਮੁਗਲਾਂ ਦੇ ਸਮੇਂ ਅਪਰਾਧੀਆਂ ਦੇ ਮੱਥੇ 'ਤੇ ਦਾਗ-ਏ-ਸ਼ਾਹੀ ਲਿਖਿਆ ਜਾਂਦਾ ਸੀ ਅਤੇ ਉਨ੍ਹਾਂ ਨੂੰ ਉਸ ਸਮੇਂ ਦੇ ਡਗਸ਼ਈ ਪਿੰਡ ਭੇਜ ਦਿੱਤਾ ਜਾਂਦਾ ਸੀ। ਡਗਸ਼ਈ ਸ਼ਹਿਰ 'ਚ 'ਡਗਸ਼ਈ ਦੀ ਕੇਂਦਰੀ ਜੇਲ੍ਹ', 'ਮਿਊਜ਼ੀਅਮ' ਤੇ 'ਕੈਥੋਲਿਕ ਚਰਚ' ਮੁੱਖ ਤੌਰ 'ਤੇ ਵੇਖਣਯੋਗ ਥਾਵਾਂ ਹਨ। ਇੱਥੇ ਛਾਉਣੀ 'ਚ ਦੀ ਹੁੰਦਿਆਂ ਹੋਇਆਂ 'ਡਗਸ਼ਈ ਪਬਲਿਕ ਸਕੂਲ' ਦੇਖਿਆ। ਉਸ ਸਕੂਲ ਅੰਦਰ ਬਣੇ ਹੋਏ ਗੁਰਦੁਆਰੇ ਦੇ ਦਰਸ਼ਨ ਕੀਤੇ। ਛੁੱਟੀ ਉਪਰੰਤ ਉਥੇ ਬੈਠੇ ਕਲਰਕ ਮੈਡਮ ਨਾਲ ਸਕੂਲ ਬਾਬਤ ਗੱਲਬਾਤ ਕੀਤੀ। ਉਪਰੰਤ ਅੰਗਰੇਜ਼ਾਂ ਦੇ ਸਮੇਂ ਦੀ ਬਣੀ ਹੋਈ 'ਡਗਸ਼ਈ ਸੈਂਟਰਲ ਜੇਲ੍ਹ' ਵੇਖਣ ਤੋਂ ਪਹਿਲਾਂ ਜੇਲ੍ਹ ਦੇ ਬਿਲਕੁਲ ਸਾਹਮਣੇ ਹੀ ਫਾਸਟ ਫੂਡ ਦੀ ਦੁਕਾਨ ਕਰ ਰਹੇ ਇੱਕ ਸਰਦਾਰ ਜੀ ਦੀ ਦੁਕਾਨ ਤੋਂ ਦੁਪਹਿਰ ਦਾ ਖਾਣਾ ਖਾਧਾ। ਉਹ ਪਿਛਲੇ 16 ਸਾਲਾਂ ਤੋਂ ਇੱਥੇ ਰਹਿ ਰਹੇ ਹਨ। ਖਾਣਾ ਖਾਂਦਿਆਂ ਉਨ੍ਹਾਂ ਨਾਲ ਇੱਥੋਂ ਦੀ ਜੇਲ੍ਹ, ਮੌਸਮ ਤੇ ਸ਼ਹਿਰ ਦੇ ਲੋਕਾਂ ਬਾਰੇ ਗੱਲਬਾਤ ਕੀਤੀ। ਉਨ੍ਹਾਂ ਦੱਸਿਆ ਕਿ ਦੁਪਹਿਰ ਦੀ ਲੰਚ ਬ੍ਰੇਕ ਤੋਂ ਬਾਅਦ ਹੁਣ 4 ਵਜੇ ਜੇਲ੍ਹ ਦੁਬਾਰਾ ਖੁੱਲ੍ਹੇਗੀ।

ਇਸ ਜੇਲ੍ਹ ਦਾ ਨਿਰਮਾਣ 1849 ਈਸਵੀ 'ਚ 72875/- ਦੀ ਲਾਗਤ ਨਾਲ ਕੀਤਾ ਗਿਆ ਸੀ। ਇਸ ਵਿਚ ਕੈਦੀਆਂ ਲਈ 8 ਵਾਏ 12 ਦੇ 20 ਫੁੱਟ ਉੱਚੇ 54 ਕਮਰੇ ਹਨ, ਜਿਨ੍ਹਾਂ 'ਚੋਂ 11 ਕਮਰਿਆਂ ਨੂੰ ਹੁਣ ਕਰਮਚਾਰੀਆਂ ਦੇ ਰਹਿਣ ਲਈ ਤਬਦੀਲ ਕਰ ਦਿੱਤਾ ਗਿਆ ਹੈ। ਬਾਕੀ 43 ਕੈਦਖਾਨਿਆਂ ਵਿਚੋਂ 27 ਸਾਧਾਰਨ ਕੈਦੀਆਂ ਲਈ, ਜਦਕਿ 16 ਕਮਰੇ ਇੱਕ ਇਕੱਲੇ ਕੈਦੀ ਦੇ ਰਹਿਣ ਲਈ ਵਰਤੇ ਜਾਂਦੇ ਸਨ। ਇਸ ਜੇਲ੍ਹ ਦੀ ਖਾਸੀਅਤ ਇਹ ਹੈ ਕਿ ਜੇਲ੍ਹ ਪਰਿਸ਼ਦ ਵਿਚ ਅੱਗ ਲੱਗਣ ਵਰਗੀ ਸਥਿਤੀ 'ਤੇ ਕਾਬੂ ਪਾਉਣ ਲਈ ਸਕਾਟਲੈਂਡ ਦੀ 'ਗਲੈਨਫੀਲਡ ਐਂਡ ਕੰਪਨੀ' ਤੋਂ ਸਿਰਕਾ ਟਾਈਪ ਅੱਗ ਰੋਕੂ ਯੰਤਰ ਖਰੀਦਿਆ ਗਿਆ, ਜਿਸਨੂੰ 1865 'ਚ ਇਸ ਜੇਲ੍ਹ ਵਿਚ ਲਗਾਇਆ ਗਿਆ। ਉਸ ਸਮੇਂ ਦੀ ਬ੍ਰਿਟਿਸ਼ ਹਕੂਮਤ ਵੱਖ-ਵੱਖ ਜੁਰਮਾਂ ਦੇ ਅਪਰਾਧੀਆਂ ਨੂੰ ਇਸ ਜੇਲ੍ਹ ਵਿੱਚ ਰੱਖਦੀ ਸੀ। ਪਹਾੜੀ ਦੀ ਚੋਟੀ ਦੇ ਬਿਲਕੁਲ ਉੱਪਰ ਬਣੀ ਹੋਈ ਇਹ ਜੇਲ੍ਹ ਅੱਜ ਵੀ ਉਸੇ ਤਰ੍ਹਾਂ ਬਰਕਰਾਰ ਰੱਖੀ ਹੋਈ ਹੈ। ਹਵਾ ਤੇ ਰੌਸ਼ਨੀ ਲਈ ਇੱਕ ਮਜ਼ਬੂਤ ਖਿੜਕੀ ਹੈ, ਇਸ ਤੋਂ ਇਲਾਵਾ ਹਵਾ ਲਈ ਜ਼ਮੀਨਦੋਜ ਪਾਈਪਾਂ ਵੀ ਪਾਈਆਂ ਹੋਈਆਂ ਹਨ। ਟੀ-ਟਾਈਪ ਦੀ ਇਸ ਜੇਲ੍ਹ ਦੀ ਉੱਚੀ ਛੱਤ ਹੈ ਤੇ ਇਸ ਦਾ ਫਰਸ਼ ਲੱਕੜ ਦਾ ਹੈ, ਤਾਂ ਕਿ ਕੈਦੀ ਦੀ ਕਿਸੇ ਵੀ ਗਤੀਵਿਧੀ ਦੀ ਆਵਾਜ਼ ਜੇਲ੍ਹ ਅਧਿਕਾਰੀਆਂ ਨੂੰ ਸੌਖਿਆਂ ਹੀ ਸੁਣਾਈ ਦੇ ਸਕੇ। ਪੱਥਰ ਤੇ ਮਿੱਟੀ ਪੀਹਣ ਦਾ ਯੰਤਰ ਵੀ ਇਸ ਜੇਲ੍ਹ 'ਚ ਰੱਖਿਆ ਹੋਇਆ ਹੈ, ਜੋ ਕਿ 19ਵੀਂ ਸਦੀ ਵਿਚ ਇਮਾਰਤਾਂ ਬਣਾਉਣ ਲਈ ਵਰਤਿਆ ਜਾਂਦਾ ਸੀ, ਜੀਹਦੇ ਵਿਚ ਡਗਸ਼ਈ ਜੇਲ੍ਹ ਵੀ ਸ਼ਾਮਲ ਹੈ। ਇਸ ਯੰਤਰ ਨੂੰ 'ਕਲੇਅ ਮੌਰਟਰ ਗਰਾਇੰਡਰ' ਕਿਹਾ ਜਾਂਦਾ ਹੈ। ਜੇਲ੍ਹ ਦੇ ਮੁੱਖ ਗੇਟ ਦੇ ਉੱਤੇ ਸੱਜੇ ਪਾਸੇ ਇੱਕ ਘੰਟੀ ਬੰਨ੍ਹੀਂ ਹੋਈ ਹੈ, ਜਿਸਨੂੰ 'ਬੈੱਲ ਆਫ ਐਗਜ਼ੀਕਿਊਸ਼ਨ' ਕਿਹਾ ਜਾਂਦਾ ਹੈ। ਇਸ ਤੋਂ ਭਾਵ ਜਦੋਂ ਕਿਸੇ ਕੈਦੀ ਨੂੰ ਫਾਂਸੀ ਲੱਗਣ ਦਾ ਸਮਾਂ ਮੁਕੱਰਰ ਹੁੰਦਾ ਸੀ, ਤਾਂ ਬਾਹਰੋਂ ਇਹ ਘੰਟੀ ਵੱਜਦੀ ਸੀ, ਜਿਸਦੀ ਆਵਾਜ਼ ਅੰਦਰ ਪਹੁੰਚਦੀ ਸੀ ਤੇ ਉਸ ਕੈਦੀ ਨੂੰ ਫਾਂਸੀ ਲਗਾ ਦਿੱਤੀ ਜਾਂਦਾ ਸੀ।

ਮਹਾਤਮਾ ਗਾਂਧੀ ਦੀ ਹੱਤਿਆ ਤੋਂ ਤੁਰੰਤ ਬਾਅਦ ਨੱਥੂਰਾਮ ਗੋਡਸੇ ਨੂੰ ਟਰਾਇਲ ਲਈ ਪੰਜਾਬ ਹਾਈ ਕੋਰਟ, ਪਿੱਟਰਹਾਫ, ਸ਼ਿਮਲਾ ਲਜਾਇਆ ਗਿਆ। ਇਸ ਜੇਲ੍ਹ ਦੀ ਉਹ ਛੇ ਨੰਬਰ ਬੈਰਕ ਅੱਜ ਵੀ ਮੌਜੂਦ ਹੈ, ਜਿੱਥੇ ਪੁਲਿਸ ਦੀ ਹਿਰਾਸਤ ਵਿਚ ਸ਼ਿਮਲੇ ਲਿਜਾਂਦੇ ਸਮੇਂ ਪੁਲਿਸ ਅਧਿਕਾਰੀਆਂ ਨੇ ਨੱਥੂ ਰਾਮ ਗੋਡਸੇ ਨੂੰ ਇੱਕ ਰਾਤ ਲਈ ਰੱਖਿਆ ਸੀ। ਇਸ ਜੇਲ੍ਹ ਨੂੰ ਵੇਖਣ ਦਾ ਸਮਾਂ ਸਵੇਰੇ 9 ਤੋਂ 12:30 ਵਜੇ ਅਤੇ ਸ਼ਾਮੀਂ 4 ਤੋਂ 6 ਵਜੇ ਤੱਕ ਹੈ, ਜਦਕਿ ਸੋਮਵਾਰ ਨੂੰ ਛੁੱਟੀ ਹੁੰਦੀ ਹੈ। ਡਗਸ਼ਈ ਸੈਂਟਰਲ ਜੇਲ੍ਹ ਦੇ ਬਿਲਕੁਲ ਨਾਲ ਹੀ ਡਗਸ਼ਈ ਹੈਰੀਟੇਜ਼ ਮਿਊਜ਼ੀਅਮ ਹੈ। ਇੱਥੇ ਉਸ ਸਮੇਂ ਦੇ ਕੈਦੀਆਂ ਦੀ ਪੂਰੀ ਵਿਸਥਾਰਤ ਜਾਣਕਾਰੀ ਦਿੱਤੀ ਹੋਈ ਹੈ। ਅੰਗਰੇਜ਼ ਅਫਸਰਾਂ ਦੀਆਂ ਤਸਵੀਰਾਂ ਤੇ ਜੇਲ੍ਹ ਦਾ ਵੱਡਾ ਨਕਸ਼ਾ ਬਣਿਆ ਹੋਇਆ ਹੈ।

ਡਗਸ਼ਈ ਤੋਂ ਵਾਪਸ ਆਉਂਦਿਆਂ ਰਸਤੇ ਵਿਚ ਸੂਰਜ ਛਿਪਣ ਦਾ ਲਾਈਵ ਨਜ਼ਾਰਾ ਜ਼ਿੰਦਗੀ 'ਚ ਪਹਿਲੀ ਵਾਰ ਦੇਖਿਆ, ਜੋ ਕਿ ਨਾ ਭੁੱਲਣਯੋਗ ਹੋ ਨਿਬੜਿਆ। ਹੁਣ ਭੁੱਖ ਲੱਗ ਚੁੱਕੀ ਸੀ ਤੇ ਸੜਕ 'ਤੇ ਢਾਬੇ ਦੀ ਭਾਲ ਕਰਦਿਆਂ ਹੋਟਲ ਵਾਲਾ ਕਮਰਾ ਵੀ ਲੰਘ ਗਿਆ ਪਰ ਕੋਈ ਢਾਬਾ ਨਜ਼ਰ ਨਾ ਪਿਆ। ਫੇਰ 10 ਕਿਲੋਮੀਟਰ ਅੱਗੇ ਜਾ ਕੇ ਸੋਲਨ ਦੇ ਇੱਕ ਰੈਸਤਰਾਂ 'ਚ ਰਾਤ ਦਾ ਖਾਣਾ ਖਾਧਾ ਤੇ ਉੱਥੇ ਕੁਝ ਸਮਾਂ ਘੁੰਮਣ ਉਪਰੰਤ ਵਾਪਸ ਕਮਰੇ 'ਚ ਆ ਕੇ ਗਏ। ਅਸੀਂ ਆਪਣਾ ਭੋਂਪੂ ਨਾਲ ਲੈ ਕੇ ਗਏ ਸਾਂ। ਕਮਰੇ ਵਿਚ ਗਾਣੇ ਲਾ ਕੇ ਕਿੰਨੇ ਦੇਰ ਤੱਕ ਮਸਤੀ ਕਰਦਿਆਂ ਥੱਕ ਕੇ ਸੌਂ ਗਏ।

ਦੂਜੀ ਸਵੇਰ ਵਾਪਸ ਜਾਂਦਿਆਂ ਬੜੋਗ ਹਾਈਟਸ ਰੁਕਣਾ ਸੀ। ਇੱਕ ਵਾਰੀ ਤਿੰਨ-ਚਾਰ ਸਾਲ ਪਹਿਲਾਂ ਵੀ ਏਦਾਂ ਦਾ ਇੱਕ ਛੋਟਾ ਟਰਿੱਪ ਕੀਤਾ ਸੀ, ਓਦੋਂ ਚੈਲ ਰਾਤ ਰੁੱਕੇ ਸੀ। ਉਸ ਸਮੇਂ ਵੀ ਗਗਨ ਨੇ ਕਿਹਾ ਸੀ ਕਿ ਰਸਤੇ 'ਚ ਬੜੋਗ ਹਾਈਟਸ ਹੈ ਬਹੁਤ ਜ਼ਿਆਦਾ ਉਚਾਈ ਉੱਤੇ, ਉੱਥੇ ਜ਼ਰੂਰ ਜਾ ਕੇ ਆਇਓ। ਅਸੀਂ ਲੰਘੇ ਵੀ ਸੀ ਉਥੋਂ, ਪਰ ਗਗਨ ਵੱਲੋਂ ਚੜ੍ਹਾਈ ਸ਼ਬਦ 'ਤੇ ਵਿਸ਼ੇਸ਼ ਜ਼ੋਰ ਦਿੱਤਾ ਗਿਆ ਸੀ, ਇਸ ਲਈ ਅਸੀਂ ਉਦੋਂ ਸਕਿੱਪ ਕਰ ਗਏ ਸੀ। ਇਸ ਵਾਰ ਵਾਪਸੀ 'ਤੇ ਸੜਕ ਉੱਤੇ ਬੜੋਗ ਹਾਈਟਸ ਦਾ ਬੋਰਡ ਨਜ਼ਰੀਂ ਪਿਆ, ਤਾਂ ਸਾਈਡ 'ਤੇ ਗੱਡੀ ਰੋਕ ਲਈ। ਅਸੀਂ ਚਾਰ ਜਣੇ ਪੈਦਲ ਹੀ ਚੜ੍ਹਾਈ ਚੜ੍ਹਨ ਲੱਗ ਪਏ ਕਿ ਚਲੋ ਜਿੱਥੋਂ ਥੱਕ ਗਏ ਵਾਪਸ ਮੁੜ ਆਵਾਂਗੇ। ਪਰ ਅੱਠ-ਦਸ ਮਿੰਟਾਂ ਬਾਅਦ ਹੀ ਸਾਹਮਣੇ ਬੜੋਗ ਹਾਈਟਸ ਆ ਗਿਆ। ਕਹਿਣ ਤੋਂ ਭਾਵ ਕਿ ਚੜ੍ਹਾਈ ਬਿਲਕੁਲ ਵੀ ਜ਼ਿਆਦਾ ਨਹੀਂ ਸੀ। ਅਸੀਂ ਸਾਰੇ ਉਥੋਂ ਹੀ ਵਾਪਸ ਚੜ੍ਹਾਈ ਉੱਤਰ ਆਏ ਤੇ ਦੁਬਾਰਾ ਚਾਰੇ ਜਣੇ ਗੱਡੀ 'ਚ ਤਾਂਹ ਗਏ। ਉਹ ਬਹੁਤ ਸੋਹਣਾ ਹੋਟਲ ਹੈ। ਉੱਥੇ ਵੀ ਦੇਰ ਰਾਤ ਤੱਕ ਨਵੇਂ ਸਾਲ ਦੇ ਜਸ਼ਨ ਚੱਲੇ ਹੋਣਗੇ ਕਿਉਂਕਿ ਸਾਰੇ ਮੇਜ਼ਾਂ ਉੱਪਰ ਖਾਲੀ ਬੋਤਲਾਂ, ਥਾਲੀਆਂ ਤੇ ਗਲਾਸ ਇਧਰ-ਉਧਰ ਖਿੱਲਰੇ ਪਏ ਸਨ। ਉੱਥੇ ਕੁਝ ਦੇਰ ਫੋਟੋਆਂ ਖਿੱਚਣ ਤੋਂ ਬਾਅਦ ਅਸੀਂ ਵਾਪਸ ਆਉਣ ਦੀ ਬਜਾਏ ਉਸ ਤੋਂ ਵੀ ਉੱਪਰ ਵੱਲ ਛੋਟੇ ਜਿਹੇ ਕੱਚੇ ਪਹੇ 'ਤੇ ਗੱਡੀ ਪਾ ਦਿੱਤੀ। ਰਸਤਾ ਸਿਰਫ ਕਾਰ ਜੋਗਾ ਪੂਰਾ-ਪੂਰਾ ਹੀ ਸੀ। ਪਹੇ ਦੇ ਇੱਕ ਪਾਸੇ ਖੇਤ ਤੇ ਦੂਜੇ ਪਾਸੇ ਖਤਾਨ ਜਾਂ ਛੋਟੀਆਂ ਖਾਈਆਂ ਕਹਿ ਸਕਦੇ ਹਾਂ। ਬੱਚੇ ਤਾਂ ਡਰ ਕੇ ਕਾਰ ਵਾਪਸ ਮੋੜਨ ਦੀ ਜਿੱਦ ਕਰਨ ਲੱਗ ਗਏ ਪਰ ਮੈਨੂੰ ਹੋਰ ਅੱਗੇ ਜਾਣ ਦਾ ਚਾਅ ਸੀ। ਕੁਝ ਹੋਰ ਅੱਗੇ ਜਾ ਕੇ ਦੇਖਿਆ ਕਿ ਪਹਾੜੀ ਪਿੰਡਾਂ ਵਿਚਲੇ ਫਾਰਮ ਹਾਊਸ, ਖੇਤੀਬਾੜੀ ਕਰਨ ਵਾਲੇ ਕਿਸਾਨਾਂ ਦੇ ਵੱਡੇ-ਛੋਟੇ ਘਰ ਤੇ ਪਹਾੜੀ ਸਬਜ਼ੀਆਂ ਦੇ ਕਿਆਰੀਨੁਮਾ ਖੇਤ ਦੇਖ ਕੇ ਮਨ ਬਾਗੋ-ਬਾਗ ਹੋ ਗਿਆ। ਪਹਿਲੀ ਜਨਵਰੀ ਮੌਕੇ ਕੜਾਕੇ ਦੀ ਠੰਡ ਵਿਚ ਸਿਆਲ ਦੀ ਨਿੱਘੀ-ਨਿੱਘੀ ਧੁੱਪ, ਭਲਾ ਬੰਦੇ ਨੂੰ ਹੋਰ ਕੀ ਚਾਹੀਦਾ। ਉਥੇ ਗੱਡੀ ਖੜ੍ਹਾ ਕੇ ਹੋਰ ਦੂਰ ਤੱਕ ਪੈਦਲ ਖੇਤਾਂ 'ਚ ਘੁੰਮੇ, ਫੋਟੋਆਂ ਖਿੱਚੀਆਂ। ਇੱਧਰ ਖੇਤਾਂ 'ਚ ਫ਼ਸਲਾਂ ਲਹਿਰਾ ਰਹੀਆਂ ਸਨ ਤੇ ਉਧਰ ਛੋਟੀਆਂ ਗੱਡੀਆਂ 'ਚ ਸਬਜ਼ੀਆਂ ਤੇ ਫਲ ਲੋਡ ਕੀਤੇ ਜਾ ਰਹੇ ਸਨ।

ਵਾਪਸੀ 'ਤੇ ਕਸੌਲੀ ਚਲੇ ਗਏ, ਜਿੱਥੇ ਨਵੇਂ ਸਾਲ ਮੌਕੇ ਸੈਲਾਨੀਆਂ ਦੀ ਆਮਦ ਹੋ ਰਹੀ ਸੀ। ਉੱਥੇ ਕੁਝ ਦੇਰ ਹੈਰੀਟੇਜ਼ ਮਾਰਕੀਟ ਘੁੰਮੇ, ਚਰਚ ਦੇਖੀ ਤੇ ਦੁਪਹਿਰ ਦਾ ਖਾਣਾ ਖਾ ਕੇ ਸਰਹਿੰਦ ਲਈ ਵਾਪਸੀ ਕਰ ਦਿੱਤੀ।



# ਪੰਜਾਬ ਵਿਚ ਸਾਉਣ ਮਹੀਨੇ ਦੀ ਹੈ ਵਿਸ਼ੇਸ਼ ਮਹੱਤਤਾ

ਜਸਵਿੰਦਰ ਸਿੰਘ ਜਿਉਣਪੁਰਾ
ਤਹਿ ਪਾਤੜਾਂ, ਜ਼ਿਲ੍ਹਾ ਪਟਿਆਲਾ
98768-55004
ਪੰਜਾਬ ਮੇਲ USA





ਤਿਉਹਾਰ ਮਨੁੱਖੀ ਜੀਵਨ ਦਾ ਅਨਿੱਖੜਵਾਂ ਅੰਗ ਹਨ। ਤਿਉਹਾਰ ਉਤਸ਼ਾਹ ਵਧਾਉਂਦੇ ਹਨ ਤੇ ਜੀਵਨ ਨੂੰ ਜਿਉਣ ਜੋਗਾ ਬਣਾਉਂਦੇ ਹਨ। ਮਨੁੱਖੀ ਜ਼ਿੰਦਗੀ ਵਿਚ ਨਵੀਂ ਸਿਰਜਣਾ ਸ਼ਕਤੀ, ਉਤਸ਼ਾਹ, ਉੱਦਮ ਅਤੇ ਨਵੀਂ ਉਮੰਗ ਪੈਦਾ ਕਰਨ ਵਿਚ ਸਹਾਈ ਹੁੰਦੇ ਹਨ। ਸਾਉਣ ਦਾ ਮਹੀਨਾ ਪੰਜਾਬੀ ਲੋਕ ਜੀਵਨ ਵਿਚ ਖੁਸ਼ੀਆਂ ਖੇੜੇ ਲੈ ਕੇ ਆਉਂਦਾ ਹੈ। ਜੇਠ ਹਾੜ ਦੀ ਕੜਾਕੇ ਦੀ ਗਰਮੀ ਪਿੱਛੋਂ ਇਸ ਮਹੀਨੇ ਦੌਰਾਨ ਮੀਂਹ ਪੈਣ ਕਾਰਨ ਖੁਸ਼ੀਆਂ ਦੀ ਫੁਹਾਰ ਆਉਂਦੀ ਹੈ।

ਸਾਉਣ ਮਹੀਨੇ ਦੀ ਵਿਸ਼ੇਸ਼ ਮਹੱਤਤਾ ਹੈ, ਪੁਰਾਣੇ ਸਮਿਆਂ ਵਿਚ ਸੱਜ ਵਿਆਹੀਆਂ ਨੂੰ ਚਾਅ ਚੜ੍ਹ ਜਾਂਦਾ ਸੀ ਕਿਉਂਕਿ ਇਸ ਮਹੀਨੇ ਜਿੱਥੇ ਮਾਪੇ ਆਪਣੀਆਂ ਧੀਆਂ ਨੂੰ ਉਨ੍ਹਾਂ ਦੇ ਸਹੁਰੇ ਘਰ ਸੰਧਾਰਾ (ਮੱਠੀਆਂ ਬਿਸਕੁਟ ਤੇ ਹੋਰ ਮਠਿਆਈਆਂ ਆਦਿ) ਲੈ ਕੇ ਜਾਂਦੇ ਸਨ, ਉੱਥੇ ਹੀ ਸਹੁਰੇ ਘਰ ਬੈਠੀਆਂ ਧੀਆਂ ਦੇ ਮਨ ਅੰਦਰ ਆਪਣੇ ਪੇਕੇ ਘਰ ਜਾ ਕੇ ਆਪਣੀਆ ਹਾਣੀ ਕੁੜੀਆਂ ਨੂੰ ਮਿਲਣ ਦੀ ਤਾਂਘ ਵੀ ਹੁੰਦੀ ਸੀ। ਪੇਕੇ ਘਰ ਆ ਕੇ ਕੁੜੀਆਂ ਇਕੱਠੀਆਂ ਹੁੰਦੀਆਂ, ਪੀਘਾਂ ਝੂਟਦੀਆਂ, ਗਿੱਧਾ ਪਾਉਂਦੀਆਂ ਅਤੇ ਖੁਸ਼ੀ-ਖੁਸ਼ੀ ਤੀਆਂ ਮਨਾਉਂਦੀਆ ਪਰ ਅਜੋਕੇ ਸਮੇਂ ਵਿਚ ਅਜਿਹਾ ਚਲਣ ਘੱਟ ਗਿਆ ਹੈ। ਭਾਵੇਂ ਸੰਧਾਰਾ ਹੁਣ ਵੀ ਦਿੱਤਾ ਜਾਂਦਾ ਹੈ ਅਤੇ ਕਿਤੇ-ਕਿਤੇ ਤੀਆਂ ਹੁਣ ਵੀ ਲੱਗਦੀਆਂ ਹਨ ਪਰ ਪਹਿਲਾਂ ਵਾਲਾ ਚਾਅ ਇਸ ਵਿਚ ਨਹੀਂ ਸਮੋਇਆ ਹੁੰਦਾ ਕਿਉਂਕਿ ਲੋਕਾਂ ਵਿਚ ਉਹ ਪਿਆਰ, ਤਾਂਘ ਅਤੇ ਸਨੇਹ ਨਹੀਂ ਰਿਹਾ ਅਤੇ ਇਸ ਮਸ਼ੀਨੀ ਯੁੱਗ ਦੀ ਭੱਜ-ਦੌੜ ਵਿਚ ਲੋਕਾਂ ਕੋਲ ਸਮੇਂ ਦੀ ਘਾਟ ਹੈ। ਪੰਜਾਬ ਵਿਚ ਤੀਜ ਦੇ ਤਿਉਹਾਰ ਨੂੰ "ਤੀਆਂ ਤੀਜ ਦੀਆਂ" ਦੇ ਨਾਮ ਨਾਲ ਜਾਣਿਆ ਜਾਂਦਾ ਹੈ। ਤੀਆਂ ਦਾ ਤਿਉਹਾਰ ਸਾਉਣ ਮਹੀਨੇ ਦੇ ਚਾਨਣ ਪੱਖ ਦੀ ਤੀਜ ਤਿੱਥ ਤੋਂ ਸ਼ੁਰੂ ਹੁੰਦਾ ਹੈ। ਪੰਜਾਬ ਵਿਚ ਤੀਆਂ ਦਾ ਤਿਉਹਾਰ ਤੇਰ੍ਹਾਂ ਦਿਨ ਤੱਕ ਚਲਦਾ ਹੈ ਅਤੇ ਪੁੰਨਿਆ ਨੂੰ ਖਤਮ ਹੋ ਜਾਂਦਾ ਹੈ। ਜਿੱਥੇ ਸਾਉਣ ਦੇ ਮਹੀਨੇ ਵਿਚ ਮੌਸਮ ਵੀ ਸੁਹਾਵਣਾ ਹੋ ਜਾਂਦਾ ਤੇ ਚਾਰੇ ਪਾਸੇ ਹਰਿਆਲੀ ਛਾ ਜਾਂਦੀ ਹੈ, ਉੱਥੇ ਟਾਹਣੀਆਂ 'ਤੇ ਬੈਠੇ ਪੰਛੀ ਕਲੋਲਾਂ ਕਰਦੇ ਬਾਗਾਂ ਵਿਚ ਅੰਬੀਆਂ ਦੇ ਬੂਟਿਆਂ ਤੇ ਕੂਕਦੀਆਂ ਕੋਇਲਾਂ, ਅਸਮਾਨ ਵਿਚ ਉਡਾਰੀਆਂ ਲਾਉਂਦੇ ਪੰਛੀ ਇਸ ਮਹੀਨੇ ਨੂੰ ਹੋਰ ਵੀ ਸੁਹਾਵਣਾ ਬਣਾ ਦਿੰਦੇ ਹਨ, ਪਰ ਅੱਜ ਦੇ ਸਮੇਂ ਦੌਰਾਨ ਅਮੀਰ ਪੰਜਾਬੀ ਸੱਭਿਆਚਾਰ 'ਤੇ ਪਏ ਪੱਛਮੀ ਸੱਭਿਆਚਾਰ ਦੇ ਪ੍ਰਭਾਵ ਨੇ ਪਿੰਡਾਂ 'ਚੋਂ ਤੀਆਂ ਦੇ ਪਿੜ ਅਲੋਪ ਕਰ ਦਿੱਤੇ ਹਨ। ਅੱਜ ਤੋਂ ਤਿੰਨ-ਚਾਰ ਦਹਾਕੇ ਪਹਿਲਾਂ ਪਿੰਡਾਂ ਅਤੇ ਸ਼ਹਿਰਾਂ ਵਿਚ ਸਾਉਣ ਮਹੀਨੇ ਵਿਚ ਕੁੜੀਆਂ ਪਿੰਡਾਂ ਤੋਂ ਬਾਹਰ ਪੀਂਘਾਂ ਪਾ ਕੇ ਗਾਉਂਦੀਆਂ ਕੁੜੀਆਂ ਦੇ ਬੁੱਲ ਨਹੀਂ ਸੁੱਕਦੇ ਅਤੇ ਫੁੱਲਾ ਨਹੀਂ ਸਮਾਉਂਦੀਆ। ਇੰਨ੍ਹਾਂ ਦਿਨੀਂ ਸਹੁਰੇ ਗਈਆਂ ਖਾਸ ਕਰਕੇ ਨਵ ਵਿਆਹੀਆਂ ਕੁੜੀਆਂ ਨੂੰ ਪੇਕੇ ਘਰ ਲਿਆਇਆ ਜਾਂਦਾ, ਜਿੱਥੇ ਉਹ ਆਪਣੀਆਂ ਵਿਛੜੀਆਂ ਸਹੇਲੀਆਂ, ਭੈਣਾਂ-ਭਰਜਾਈਆਂ, ਚਾਚੀਆਂ-ਤਾਈਆਂ ਨੂੰ ਮਿਲਦੀਆਂ ਅਤੇ ਉਨ੍ਹਾਂ ਸਭ ਵਿਚ ਸ਼ਾਮਲ ਹੋ ਕੇ ਪਿੰਡ ਦੀਆਂ ਤੀਆਂ ਦਾ ਸ਼ਿੰਗਾਰ ਬਣਦੀਆਂ, ਇਕੱਠੀਆਂ ਹੋ ਕੇ ਪੀਂਘਾਂ ਝੂਟਦੀਆਂ, ਗਿੱਧਾ ਪਾਉਂਦੀਆਂ ਹੋਈਆਂ ਇੱਕ ਦੂਜੀ ਨਾਲ ਦੁੱਖ ਸਾਂਝੇ ਕਰਦੀਆਂ ਸਨ। ਜਿਹੜੀਆਂ ਔਰਤਾਂ ਨੇ ਬਚਪਨ ਵਿਚ ਤੀਆਂ ਦਾ ਮਾਹੌਲ ਦੇਖਿਆ ਹੈ, ਅੱਜ ਵੀ ਉਨ੍ਹਾਂ ਦੇ ਮਨ ਵਿਚ ਤੀਆਂ 'ਤੇ ਜਾਣ ਦਾ ਚਾਅ ਪੈਦਾ ਹੁੰਦਾ ਹੈ। ਸਾਉਣ ਦਾ ਮਹੀਨਾ ਆਉਣ ਕਰਕੇ ਵੰਗਾਂ, ਚੂੜੀਆਂ ਵੇਚਣ ਵਾਲੇ ਵਣਜਾਰੇ ਪਿੰਡਾਂ ਦੀਆਂ ਗਲੀਆਂ ਵਿਚ ਵੰਗਾਂ ਵੇਚਣ ਆਉਂਦੇ ਸਨ। ਪਿੰਡਾਂ ਦੀਆਂ ਮੁਟਿਆਰਾਂ ਇਕੱਠੀਆਂ ਹੋ ਕੇ ਆਪਣੀ-ਆਪਣੀ ਪਸੰਦ ਦੀਆਂ ਰੰਗ-ਬਰੰਗੀਆਂ ਵੰਗਾਂ ਚੜ੍ਹਾਉਂਦੀਆਂ ਸਨ। ਸਾਉਣ ਦੇ ਮਹੀਨੇ ਵਿਚ ਸਾਰੀਆਂ ਮੁਟਿਆਰਾਂ ਹੱਥਾਂ 'ਤੇ ਮਹਿੰਦੀ ਲਗਾਉਂਦੀਆਂ ਤੀਆਂ ਦੇ ਪਹਿਲੇ ਦਿਨ ਕੁੜੀਆਂ ਕਿਸੇ ਖੁੱਲ੍ਹੀ ਥਾਂ 'ਤੇ ਬੋਹੜ ਜਾਂ ਪਿੱਪਲ ਦੇ ਦਰੱਖਤ 'ਤੇ ਮੋਟੇ ਰੱਸੇ ਦੀਆਂ ਪੀਂਘਾਂ ਪਾਉਂਦੀਆਂ, ਫਿਰ ਸ਼ਾਮ ਨੂੰ ਪਿੰਡ ਦੀਆਂ ਮੁਟਿਆਰਾਂ ਸੱਜ-ਧੱਜ ਕੇ ਪੀਂਘਾਂ ਵਾਲੀ ਥਾਂ 'ਤੇ ਜਾਂਦੀਆਂ। ਸਾਰੀਆਂ ਮੁਟਿਆਰਾ ਪਹਿਲਾਂ ਪੀਂਘਾਂ ਝੂਟਦੀਆਂ ਅਤੇ ਫਿਰ ਇਕੱਠੀਆਂ ਹੋ ਕੇ ਨੱਚਦੀਆਂ, ਗਿੱਧਾ ਪਾਉਂਦੀਆਂ ਹੋਈਆਂ ਬੋਲੀਆਂ ਪਾਉਂਦੀਆਂ:-

"ਆਉਂਦੀ ਕੁੜੀਏ ਜਾਂਦੀ ਕੁੜੀਏ ਤੁਰਦੀ ਪਿਛਾਂਹ ਨੂੰ ਜਾਵੇ।
ਹੌਲ਼ੀ ਹੌਲ਼ੀ ਪੈਰ ਪਟ ਲੈ ਤੀਆਂ ਲੱਗੀਆਂ ਪਿੱਪਲ ਦੀ ਛਾਵੇਂ।"

ਅੱਜਕੱਲ੍ਹ ਪਿੰਡਾਂ ਵਿਚ ਤੀਆਂ ਸੰਕੇਤਕ ਤੌਰ 'ਤੇ ਇੱਕ-ਦੋ ਦਿਨ ਹੀ ਲੱਗਦੀਆਂ ਹਨ। ਜਿਵੇਂ ਪਹਿਲਾਂ ਸਾਉਣ ਦੇ ਮਹੀਨੇ ਵਿਚ ਲੋਕ ਖੀਰ ਪੂੜੇ ਵੀ ਘਰਾਂ ਵਿਚ ਬਣਾਉਂਦੇ ਸਨ ਪਰ ਅੱਜਕੱਲ੍ਹ ਬੱਚੇ ਫਾਸਟ ਫੂਡ ਖਾਣਾ ਪਸੰਦ ਕਰਦੇ ਹਨ। ਹੁਣ ਵੰਗਾਂ ਚੜ੍ਹਾਉਣ ਤੇ ਮਹਿੰਦੀ ਲਗਾਉਣ ਦਾ ਰਿਵਾਜ਼ ਵੀ ਘੱਟ ਗਿਆ ਹੈ। ਅੱਜਕੱਲ੍ਹ ਦੀ ਨਵੀਂ ਪੀੜ੍ਹੀ ਆਪਣਾ ਸੱਭਿਆਚਾਰ ਪਿਛੋਕੜ ਭੁੱਲਦੀ ਜਾ ਰਹੀ ਹੈ। ਲੋੜ ਹੈ ਅਸੀਂ ਆਪਣੇ ਸੱਭਿਆਚਾਰ ਨਾਲ ਜੁੜੇ ਰਹੀਏ, ਭਾਈਚਾਰਕ ਸਾਂਝ ਨੂੰ ਵਧਾਉਣ ਵਾਸਤੇ ਤਿਉਹਾਰਾਂ ਤੋਂ ਜਾਣੂ ਕਰਵਾਈਏ।

# ਬੁੱਲਾਂ ਤੇ ਫੁੱਲਾਂ ਵਰਗੇ ਲਫਜ਼ ਲਿਆਇਆ ਕਰੋ, ਜੋ ਕਿਸੇ ਦੀ ਹਿੱਕ ਨਾ ਛੱਲਣੀ ਕਰਨ

## ਕੌੜੇ ਬੁਰੇ ਲਫਜ਼ ਹਿੱਕ ਨੂੰ ਤਿੱਖੇ ਤੀਰਾਂ ਨਾਲੋਂ ਵੀ ਵੱਧ ਚੀਰਦੇ ਵਿਨ੍ਹਦੇ ਹਨ

-ਡਾ. ਅਮਰਜੀਤ ਟਾਂਡਾ
ਆਸਟ੍ਰੇਲੀਆ
ਸੰਪਰਕ : +61 417271147
ਪੰਜਾਬ ਮੇਲ USA





ਲੋਕੋ ਇਨ੍ਹਾਂ ਭੈੜੇ ਅਲਫਾਜ਼ਾਂ ਦੇ ਮਾਰੇ ਡੰਗੇ ਲੋਕ ਅਜੇ ਤੱਕ ਕਦੇ ਠੀਕ ਨਹੀਂ ਹੋਏ ਤੇ ਨਾ ਹੀ ਹੋ ਸਕਦੇ ਹਨ।

ਬੋਲਾਂ ਦੇ ਫ਼ੱਟ ਨਹੀਂ ਕਦੇ ਮਿਟੇ।

ਜ਼ਹਿਰ ਨਹੀਂ ਕਦੇ ਮਰੀ ਇਨ੍ਹਾਂ ਕੁੜੱਤਣ ਭਰੇ ਸ਼ਬਦਾਂ ਦੀ।

ਬੁਰੇ ਲਫ਼ਜ਼ਾਂ ਦਾ ਬੰਦੇ 'ਤੇ ਪ੍ਰਭਾਵ

ਨਕਾਰਾਤਮਕ ਜਾਂ ਬੁਰੇ ਲਫ਼ਜ਼ਾਂ, ਜਿਵੇਂ ਕਿ ਗਾਲ੍ਹਾਂ, ਤਾਣ, ਜਾਂ ਅਪਮਾਨਜਨਕ ਬੋਲ, ਕਿਸੇ ਵਿਅਕਤੀ ਦੇ ਮਨ ਤੇ ਸਰੀਰ 'ਤੇ ਗਹਿਰਾ ਪ੍ਰਭਾਵ ਪਾ ਸਕਦੇ ਹਨ।

ਬਚਪਨ ਵਿਚ ਵਰਤੀ ਗਈ ਸਖ਼ਤ ਜਾਂ ਗਾਲੀਆਂ ਭਰੀ ਭਾਸ਼ਾ ਦੇ ਕਾਰਨ ਵਿਅਕਤੀ ਡਿੱਗੇ ਹੋਏ ਵਿਸ਼ਵਾਸ, ਡਿੱਪਰੈਸ਼ਨ ਤੇ ਚਿੰਤਾ ਦਾ ਸ਼ਿਕਾਰ ਹੋ ਸਕਦੇ ਹਨ।

ਨਕਾਰਾਤਮਕ ਲਫ਼ਜ਼ਾਂ ਕਰਕੇ ਮਨ ਵਿਚ ਖੁਦ ਉੱਤੇ ਵਿਸ਼ਵਾਸ ਘੱਟ ਜਾਂਦਾ ਹੈ, ਤੇ ਵਿਅਕਤੀ ਗਲਤੀਆਂ ਉੱਤੇ ਜ਼ਿਆਦਾ ਸੋਚਣ ਲੱਗ ਪੈਂਦੇ ਹਨ।

ਲੰਬੇ ਸਮੇਂ ਤੱਕ ਜਾਰੀ ਰਹਿਣ ਵਾਲੀ **Verbal Abuse** ਕਾਰਨ ਡਿਪਰੈਸ਼ਨ, ਚਿੰਤਾ, ਨਿਮ੍ਹਾ ਆਤਮ-ਮੁੱਲਾਂਕਣ, ਇੱਕਲਾਪਨ, ਲੋਨਲੀਨੈੱਸ, ਹਟ ਕੇ ਰਹਿਣਾ ਅਤੇ ਪੀ.ਟੀ.ਐੱਸ.ਡੀ. ਹੋਣ ਦੇ ਚਾਂਸ ਵੱਧ ਜਾਂਦੇ ਹਨ।

ਨਕਾਰਾਤਮਕ ਬੋਲ ਸਰੀਰ ਵਿਚ ਕੋਰਟਿਸੋਲ (ਸਟਰੈੱਸ ਹੋਰਮੋਨ) ਵਧਾ ਦਿੰਦੇ ਹਨ, ਜਿਸ ਨਾਲ ਦਿਲ ਦੀਆਂ ਬਿਮਾਰੀਆਂ, ਚੜ੍ਹੀ ਹੋਈ ਧੜਕਣ, ਰੋਗ-ਪ੍ਰਤੀਰੋਧਕ ਤਾਕਤ 'ਚ ਕਮੀ, ਜਾਂ ਹੋਰ ਤਣਾਅ ਵਾਲੀਆਂ ਸਮੱਸਿਆਵਾਂ ਹੋ ਸਕਦੀਆਂ ਹਨ।

ਇਸ ਨਾਲ ਦੁੱਖ-ਦਰਦ, ਥਕਾਵਟ, ਸੌਣ ਵਿਚ ਰੁਕਾਵਟ ਆਣਾ, ਸਿਰਦਰਦ ਆਦਿ ਲੱਛਣ ਵੀ ਆ ਸਕਦੇ ਹਨ।

ਬੁਰੇ ਲਫ਼ਜ਼ਾਂ ਨਾਲ ਰਿਸ਼ਤਿਆਂ ਵਿਚ ਭਰੋਸਾ ਟੁੱਟ ਜਾਂਦਾ ਹੈ, ਗੱਲਬਾਤ ਵਿਚ ਰੁਕਾਵਟ ਆ ਜਾਂਦੀ ਹੈ ਤੇ ਵਿਅਕਤੀ ਆਪੋ-ਆਪਣਿਆਂ ਤੋਂ ਹੱਟ ਜਾਂਦਾ ਹੈ।

ਦੋਸਤਾਂ, ਪਰਿਵਾਰ, ਜਾਂ ਕਰੀਬੀਆਂ ਨਾਲ ਦੂਰੀ ਬਣ ਜਾਂਦੀ ਹੈ।

ਵਿਅਕਤੀ ਨਕਾਰਾਤਮਕ ਬੋਲਾਂ ਨੂੰ ਅਪਣੀ ਪਛਾਣ ਦਾ ਹਿੱਸਾ ਸਮਝ ਲੈਂਦੇ ਹਨ, ਜਿਸ ਨਾਲ ਉਨ੍ਹਾਂ ਦਾ ਹੌਂਸਲਾ, ਉਮੀਦ ਤੇ ਮੋਟਿਵੇਸ਼ਨ ਘੱਟ ਜਾਂਦਾ ਹੈ।

ਇਹ ਆਪ-ਵਿਚ ਵਿਸ਼ਵਾਸ ਘਟਾਉਂਦੇ ਹਨ, ਜਿਸ ਨਾਲ ਵਿਅਕਤੀ ਵਧੀਆ ਜੀਵਨ ਜੀਣ ਤੋਂ ਵੀ ਡਰਦਾ ਹੈ।

ਬਰਾਬਰ ਤੌਰ 'ਤੇ ਨਕਾਰਾਤਮਕ ਬੋਲ ਨਾ ਸਿਰਫ਼ ਕਿਸੇ ਲਈ ਤਾਣ ਅਤੇ ਡਿਪਰੈਸ਼ਨ ਵਧਾਉਂਦੇ ਹਨ, ਸਗੋਂ ਲੰਬੇ ਸਮੇਂ ਲਈ ਵਿਅਕਤੀ ਦੀ ਆਤਮ-ਪਛਾਣ, ਸਿਹਤ ਤੇ ਰਿਸ਼ਤਿਆਂ ਨੂੰ ਵੀ ਨੁਕਸਾਨ ਪਹੁੰਚਾ ਸਕਦੇ ਹਨ। ਕੁਝ ਹਾਲਾਤਾਂ ਵਿਚ, ਇਹ ਪ੍ਰਭਾਵ ਸਾਰੀ ਉਮਰ ਵੀ ਰਹਿ ਸਕਦੇ ਹਨ। ਇਸ ਕਰਕੇ, ਬੋਲਣ ਵੇਲੇ ਭਾਸ਼ਾ ਦੀ ਚੋਣ ਫ਼ਿਕਰ ਸੰਜੀਦਗੀ ਨਾਲ ਕਰਨੀ ਚਾਹੀਦੀ ਹੈ।

ਸੋ ਦੋਸਤੋ ਅੱਜ ਤੋਂ ਹੀ ਬੁੱਲਾਂ ਤੇ ਫੁੱਲਾਂ ਵਰਗੇ ਲਫਜ਼ ਲਿਆਇਆ ਕਰੋ, ਜੋ ਕਿਸੇ ਦੀ ਹਿੱਕ ਨਾ ਛੱਲਣੀ ਕਰਨ, ਸਗੋਂ ਮਹਿਕਾਂ ਵੰਡਣ।

ਬੁੱਲਾਂ 'ਤੇ ਹਾਸੇ ਲਿਆਇਆ ਕਰੋ ਤੇ ਬਾਹਾਂ ਵਿਚ ਗਲਵੱਕੜੀਆਂ ਪੈਦਾ ਕਰਿਆ ਕਰੋ। ਫਿਰ ਦੇਖਿਓ ਸਾਰਾ ਜਹਾਨ ਕਿੰਨਾ ਮੁਸਕਰਾਉਣ ਲੱਗ ਜਾਵੇਗਾ।

# ਸਾਉਣ ਮਹੀਨੇ ਦਿਨ ਗਿੱਧੇ ਦੇ...

ਡਾ. ਪ੍ਰਿਤਪਾਲ ਸਿੰਘ ਮਹਿਰੋਕ
ਹੁਸ਼ਿਆਰਪੁਰ
ਮੋਬਾਈਲ : 98885-10185
ਪੰਜਾਬ ਮੇਲ USA



ਪੰਜਾਬੀ ਸੱਭਿਆਚਾਰ ਵਿਚ ਰੁੱਤਾਂ ਤੇ ਮੌਸਮਾਂ ਦਾ ਵਿਸ਼ੇਸ਼ ਸਥਾਨ ਤੇ ਇਨ੍ਹਾਂ ਦੇ ਬਦਲਣ ਨਾਲ ਲੋਕ ਜੀਵਨ ਵੀ ਪ੍ਰਭਾਵਿਤ ਹੁੰਦਾ ਹੈ। ਪੰਜਾਬੀ ਲੋਕ ਜੀਵਨ ਵਿਚ ਸਾਉਣ ਦੇ ਮਹੀਨੇ ਦਾ ਵਿਸ਼ੇਸ਼ ਮਹੱਤਵ ਹੈ ਤੇ ਇਸ ਮਹੀਨੇ ਦਾ ਲੋਕਾਂ ਨਾਲ ਬੜਾ ਨੇੜਲਾ ਸਬੰਧ ਹੈ। ਲੋਕ ਜੀਵਨ ਵਿਚ ਇਹ ਮਹੀਨਾ ਖੁਸ਼ੀਆਂ, ਖੇੜਿਆਂ, ਨੱਚਣ-ਟੱਪਣ, ਗਿੱਧੇ, ਭੰਗੜੇ, ਕਿੱਕਲੀ ਆਦਿ ਪਾਉਣ ਦਾ ਪ੍ਰਤੀਕ ਬਣ ਗਿਆ ਹੈ। ਲੋਕ ਸਾਉਣ ਦੇ ਮਹੀਨੇ ਦੀਆਂ ਖੁਸ਼ੀਆਂ ਨੂੰ ਆਪਣੇ ਧੁਰ ਅੰਦਰ ਤੱਕ ਵਸਾ ਲੈਣਾ ਚਾਹੁੰਦੇ ਹਨ। ਇਸ ਤਰ੍ਹਾਂ ਪ੍ਰਤੀਤ ਹੋਣ ਲੱਗ ਜਾਂਦਾ ਹੈ, ਜਿਵੇਂ ਸਾਉਣ ਦਾ ਮਹੀਨਾ ਵੀ ਲੋਕਾਂ ਸੰਗ ਰਲ-ਮਿਲ ਕੇ ਨੱਚਦਾ, ਖੇਡਦਾ, ਗਾਉਂਦਾ, ਹੱਸਦਾ, ਮੌਜ-ਮਸਤੀ ਮਨਾ ਰਿਹਾ ਹੋਵੇ। ਇਸ ਮਹੀਨੇ ਅਕਸਰ ਲੋਕੀਂ ਆਪਣੇ-ਆਪਣੇ ਤਰੀਕੇ ਨਾਲ ਇਸ ਮਹੀਨੇ ਦੀ ਆਮਦ 'ਤੇ ਖੁਸ਼ੀਆਂ ਮਨਾਉਂਦੇ ਹਨ।

ਸਾਉਣ ਦੇ ਮਹੀਨੇ ਵਿਚ ਮਨੁੱਖੀ ਮਨ ਦੇ ਖੁਸ਼ੀ ਵਿਚ ਝੂਮ ਉੱਠਣ ਦਾ ਅਸਲ ਕਾਰਨ ਇਹ ਸਮਝਿਆ ਜਾਂਦਾ ਹੈ ਕਿ ਇਸ ਮਹੀਨੇ ਮੀਂਹ ਪੈਣ ਨਾਲ ਮੌਸਮ ਖੁਸ਼ਗਵਾਰ ਹੋ ਜਾਂਦਾ ਹੈ। ਜੇਠ ਹਾੜ ਦੇ ਮਹੀਨਿਆਂ ਦੀ ਕਹਿਰਾਂ ਦੀ ਤਪਸ਼, ਲੂਅ ਅਤੇ ਗਰਮੀ ਤੋਂ ਸਤਾਏ ਲੋਕਾਂ ਨੂੰ, ਧਰਤੀ ਨੂੰ, ਜੀਵਾਂ ਨੂੰ, ਬਨਸਪਤੀ ਆਦਿ ਨੂੰ ਗਰਮੀ ਤੋਂ ਰਾਹਤ ਮਿਲਦੀ ਹੈ। ਜੇਠ ਹਾੜ ਦੀ ਗਰਮੀ ਲੋਕਾਂ ਨੂੰ ਲੂਹ ਸੁੱਟਦੀ ਹੈ। ਲੋਕ ਲਲਚਾਈਆਂ ਨਜ਼ਰਾਂ ਨਾਲ ਸਵੇਰੇ ਸ਼ਾਮ ਆਕਾਸ਼ ਵਿਚ ਬਦਲੋਟੀਆਂ ਨੂੰ ਭਾਲਦੇ ਫਿਰਦੇ ਹਨ। ਜਦ ਸਾਉਣ ਦੀਆਂ ਫੁਹਾਰਾਂ ਠੰਢਕ ਤੇ ਨਮੀ ਲੈ ਕੇ ਆਉਂਦੀਆਂ ਹਨ, ਧਰਤੀ ਦੀ ਚਿਰੋਕਣੀ ਪਿਆਸ ਬੁੱਝਦੀ ਹੈ, ਤਾਂ ਖੁਸ਼ੀ ਦਾ ਪਾਸਾਰ ਹੋਣਾ ਸੁਭਾਵਿਕ ਹੁੰਦਾ ਹੈ :

ਸਾਉਣ ਮਹੀਨੇ ਦਿਨ ਗਿੱਧੇ ਦੇ
ਕੁੜੀਆਂ ਰਲ ਕੇ ਆਈਆਂ
ਨੱਚਣ, ਕੁੱਦਣ, ਝੂਟਣ ਪੀਂਘਾਂ
ਵੱਡਿਆਂ ਘਰਾਂ ਦੀਆਂ ਜਾਈਆਂ
ਗਿੱਧਾ ਪਾ ਰਹੀਆਂ ਨਣਦਾਂ ਤੇ ਭਰਜਾਈਆਂ...

ਸਾਉਣ ਦਾ ਮਹੀਨਾ ਆਪਣਾ ਰੰਗ ਵਿਖਾਉਂਦਾ ਹੈ, ਤਾਂ ਹੌਲੀ-ਹੌਲੀ ਜੰਮ ਕੇ ਮੀਂਹ ਪੈਣ ਲੱਗਦਾ ਹੈ। ਸਾਉਣ ਦੇ ਮਹੀਨੇ ਲੱਗਦੀਆਂ ਰਹੀਆਂ ਝੜ੍ਹੀਆਂ ਨੂੰ ਲੋਕ ਅਕਸਰ ਯਾਦ ਕਰਦੇ ਹਨ। ਲਗਾਤਾਰ ਵਰ੍ਹਦਾ ਰਹਿਣ ਵਾਲਾ ਮੀਂਹ ਵਾਰੇ ਨਿਆਰੇ ਕਰ ਦਿੰਦਾ ਹੁੰਦਾ ਸੀ। ਹੁਣ ਮੀਂਹ ਪੈਂਦਾ ਹੈ, ਤਾਂ ਇਸ ਮਹੀਨੇ ਦਾ ਰੂਪ ਨਿਖਰਨ ਲੱਗਦਾ ਹੈ। ਗਿੱਧੇ, ਭੰਗੜੇ, ਤੀਆਂ, ਕਿੱਕਲੀ ਆਦਿ ਦੇ ਪਿੜਾਂ ਵਿਚ ਰੌਣਕ ਵਧਣ ਲੱਗਦੀ ਹੈ। ਅੱਲ੍ਹੜ ਮੁਟਿਆਰਾਂ ਕਾਲੀਆਂ ਘਟਾਵਾਂ ਵੇਖ ਕੇ ਖੁਸ਼ੀ ਵਿਚ ਫੁੱਲੀਆਂ ਨਹੀਂ ਸਮਾਉਂਦੀਆਂ ਨੱਚਣ ਲਈ ਉਤਾਵਲੀਆਂ ਹੋਈਆਂ ਕੁੜੀਆਂ ਦੀ ਅੱਡੀ ਟੱਪਣ ਲੱਗਦੀ ਹੈ ਤੇ ਉਨ੍ਹਾਂ ਦੇ ਬੁੱਲ੍ਹਾਂ 'ਤੇ ਸਾਉਣ ਦੇ ਸਵਾਗਤ ਵਿਚ ਉਚਾਰੇ ਪੰਜਾਬੀ ਲੋਕ ਗੀਤਾਂ ਦੇ ਬੋਲ ਆਪ-ਮੁਹਾਰੇ ਆਉਣ ਲੱਗਦੇ ਹਨ। ਸਾਉਣ ਮਹੀਨੇ ਦਾ ਮੀਂਹ, ਪੀਂਘਾਂ ਦੇ ਹੁਲਾਰੇ, ਰਸਭਿੰਨੀਆਂ ਫੁਹਾਰਾਂ, ਸਹੇਲੀਆਂ ਦਾ ਸਾਥ ਆਦਿ ਗਿੱਧੇ ਦੇ ਬੋਲਾਂ ਨੂੰ ਹੋਰ ਬਲ ਪ੍ਰਦਾਨ ਕਰਦੇ ਹਨ :-

* ਉਰਲੇ ਪਾਸੇ ਮੀਂਹ ਵਰਸੇਂਦਾ ਪਰਲੇ ਪਾਸੇ 'ਨ੍ਹੇਰੀ
ਸਾਉਣ ਦਿਆ ਬੱਦਲਾ ਵੇ, ਮੁੜ ਕੇ ਹੋ ਜਾ ਢੇਰੀ

* ਸਾਉਣ ਮਹੀਨੇ ਘਾਹ ਹੋ ਗਿਆ
ਰੱਜੀਆਂ ਮੱਝੀਆਂ ਗਾਈਂ
ਗਿੱਧਿਆ ਪਿੰਡ ਵੜ ਵੇ
ਲਾਂਭ-ਲਾਂਭ ਨਾ ਜਾਈਂ...

ਖੁਸ਼ੀਆਂ ਦਾ ਸੰਦੇਸ਼ ਲੈ ਕੇ ਆਉਣ ਵਾਲੀਆਂ ਸਾਉਣ ਦੇ ਮਹੀਨੇ ਦੀਆਂ ਠੰਢੀਆਂ ਫੁਹਾਰਾਂ ਗਰਮੀ ਨਾਲ ਝੁਲਸੀਆਂ ਤੇ ਮੁਰਝਾਈਆਂ ਜ਼ਿੰਦਗੀਆਂ ਵਿਚ ਨਵੀਂ ਤਾਜ਼ਗੀ, ਨਵੀਂ ਰੂਹ, ਨਵੀਂ ਉਮੰਗ, ਨਵਾਂ ਉਤਸ਼ਾਹ ਆਦਿ ਪੈਦਾ ਕਰ ਦਿੰਦੀਆਂ ਹਨ। ਹਰ ਪ੍ਰਾਣੀ ਤੇ ਜੀਵ ਜੰਤੂ ਸਾਉਣ ਦੀ ਰਿਮ-ਝਿਮ ਨੂੰ ਆਪਣੀ ਝੋਲੀ ਵਿਚ ਭਰ ਲੈਣ ਲਈ ਉਤਾਵਲਾ ਤੇ ਉਤਸੁਕ ਹੁੰਦਾ ਹੈ। ਇਹ ਮਹੀਨਾ ਇਕ ਤਰ੍ਹਾਂ ਨਾਲ ਤਿਉਹਾਰ ਬਣਕੇ ਬਹੁੜਦਾ ਹੈ। ਪਿੰਡ-ਪਿੰਡ, ਸ਼ਹਿਰ-ਸ਼ਹਿਰ ਮੇਲੇ ਲੱਗਦੇ ਹਨ, ਤੀਆਂ ਲੱਗਦੀਆਂ ਹਨ। ਇਸ ਮਹੀਨੇ ਦੇ ਵਿਲੱਖਣ ਤੇ ਅਨੂਠੇ ਪ੍ਰਭਾਵ ਅਧੀਨ ਮਨ-ਤਰੰਗਾਂ ਚੰਚਲ ਹੋ ਉੱਠਦੀਆਂ ਹਨ ਤੇ ਵੰਨ-ਸੁਵੰਨੇ ਪੰਜਾਬੀ ਲੋਕ ਗੀਤਾਂ ਦੀ ਛਹਿਬਰ ਲੱਗਣੀ ਸ਼ੁਰੂ ਹੋ ਜਾਂਦੀ ਹੈ:-

ਮੇਰੇ ਭਿੱਜ ਗਏ ਵਰੀ ਦੇ ਲੀੜੇ
ਪੱਛੋਂ ਦੀਆਂ ਪੈਣ ਕਣੀਆਂ।

ਸਾਉਣ ਦੇ ਮਹੀਨੇ ਵਿਚ ਲੋਕਾਂ ਦੇ ਮਨਾਂ ਵਿਚ ਸੁੱਤੀਆਂ ਮਸਤੀਆਂ ਜਾਗ ਉੱਠਦੀਆਂ ਹਨ। ਭਰਪੂਰ ਮੀਂਹ ਵਰ੍ਹਾਉਂਦੇ ਮੇਘਲੇ ਧਰਤੀ ਦੇ ਸੀਨੇ 'ਤੇ ਹਰੇ-ਭਰੇ ਘਾਹ ਦੀ ਚਾਦਰ ਵਿਛਾ ਦਿੰਦੇ ਹਨ। ਧਰਤੀ 'ਤੇ ਲੋਹੜੇ ਦਾ ਨਿਖਾਰ ਆ ਜਾਂਦਾ ਹੈ। ਸੁਗੰਧੀਆਂ ਲਿਪਟੀਆਂ ਹਵਾਵਾਂ ਵਾਤਾਵਰਨ ਨੂੰ ਮਹਿਕਾਉਂਦੀਆਂ ਹਨ। ਬਨਸਪਤੀ ਫਲਦੀ-ਫੁੱਲਦੀ ਹੈ ਤੇ ਮਹਿਕਾਂ ਵੰਡਣ ਲੱਗਦੀ ਹੈ। ਨਦੀਆਂ ਦੇ ਕੰਢਿਆਂ 'ਤੇ ਉੱਗੀ ਬਨਸਪਤੀ ਹਵਾਵਾਂ ਨਾਲ ਝੂਮਦੀ ਤੇ ਨੱਚਦੀ ਪ੍ਰਤੀਤ ਹੁੰਦੀ ਹੈ। ਬੱਦਲ ਗਰਜਦੇ ਹਨ, ਮੋਰ ਪੈਲਾਂ ਪਾਉਂਦੇ ਹਨ। ਪ੍ਰੇਮਿਕਾ ਆਪਣੇ ਪ੍ਰੇਮੀ ਨੂੰ ਮੁਖ਼ਾਤਿਬ ਹੁੰਦਿਆਂ ਕਹਿੰਦੀ ਹੈ:

ਗੱਜੇ ਬੱਦਲ ਚਮਕੇ ਬਿਜਲੀ, ਮੋਰਾਂ ਪੈਲਾਂ ਪਾਈਆਂ
ਹੀਰ ਨੇ ਰਾਂਝੇ ਨੂੰ, ਦਿਲ ਦੀਆਂ ਖੋਲ੍ਹ ਸੁਣਾਈਆਂ।

ਸਾਉਣ ਦੇ ਮਹੀਨੇ ਵਿਚ ਕੁੜੀਆਂ ਦੇ ਘੇਰਿਆਂ ਵਿਚ ਵਿਸ਼ੇਸ਼ ਕਿਸਮ ਦੀ ਖੁਸ਼ੀ ਅਭਿਆਸ ਕਰ ਰਹੀ ਹੁੰਦੀ ਹੈ। ਪਿੰਡ ਤੋਂ ਬਾਹਰ ਕਿਸੇ ਨਹਿਰ, ਛੱਪੜ, ਟੋਭੇ ਆਦਿ ਦੇ ਕੰਢੇ 'ਤੇ ਸੰਘਣੇ ਬਿਰਖਾਂ ਦੀ ਛਾਂ ਹੇਠ ਵੱਡੀ ਗਿਣਤੀ ਵਿਚ ਮੁਟਿਆਰਾਂ ਜੁੜਦੀਆਂ ਹਨ, ਨੱਚਦੀਆਂ ਹਨ, ਕਿੱਕਲੀ ਪਾਉਂਦੀਆਂ ਹਨ ਤੇ ਪੀਂਘਾਂ ਝੂਟਦੀਆਂ ਹਨ :-

* ਨੱਚ ਲਓ ਕੁੜੀਓ ਨੀ
ਸਾਉਣ ਨੇ ਕਦ-ਕਦ ਆਉਣਾ।

* ਆਓ ਨੀ ਕੁੜੀਓ ਹੱਸੀਏ ਖੇਡੀਏ
ਬਾਗੀਂ ਪੀਂਘਾਂ ਪਾਈਏ
ਵਿਚ ਗਿੱਧੇ ਦੇ ਪਾਈਏ ਬੋਲੀਆਂ
ਝਾਂਜਰ ਨੂੰ ਛਣਕਾਈਏ
ਸਾਉਣ ਮਹੀਨਾ ਕਦ ਕਦ ਆਉਣੈਂ
ਰੱਜ ਰੱਜ ਸ਼ਗਨ ਮਨਾਈਏ
ਨੀ, ਨੱਚ ਲੈ ਮੋਰਨੀਏ
ਐਵੇਂ ਨਾ ਸ਼ਰਮਾਈਏ...

* ਖੱਟਾ ਡੋਰੀਆ ਉਡ-ਉਡ ਜਾਂਦਾ
ਜਦ ਮੈਂ ਪੀਂਘ ਚੜ੍ਹਾਵਾਂ
ਸਾਉਣ ਦਿਆ ਬੱਦਲਾ ਵੇ
ਤੇਰਾ ਜੱਸ ਗਿੱਧਿਆਂ ਵਿਚ ਗਾਵਾਂ...

ਸਾਉਣ ਦੇ ਮਹੀਨੇ ਵਿਚ ਮਨ ਦੀਆਂ ਖੁਸ਼ੀਆਂ ਅਤੇ ਦਿਲ ਪਰਚਾਵਿਆਂ ਦੀਆਂ ਪੀਂਘਾਂ ਅਸਮਾਨੀ ਛੂੰਹਦੀਆਂ ਹਨ। ਸਾਉਣ ਦੀ ਰੰਗਲੀ ਤੇ ਸੁਹਾਵਣੀ ਰੁੱਤ ਵਿਚ ਜੇ ਕਿਸੇ ਇਸਤਰੀ ਨੂੰ ਆਪਣੇ ਪ੍ਰੀਤਮ ਦੀ ਯਾਦ ਸਤਾਉਂਦੀ ਹੈ, ਤਾਂ ਉਹ ਆਪਣੀ ਕਲਪਨਾ ਦੀ ਦੁਨੀਆ ਵਿਚ ਖੋਹੀ ਰਹਿੰਦੀ ਹੈ। ਪੀਂਘ ਝੂਟਦਿਆਂ ਵੀ ਉਸਦਾ ਮਨ ਹੋਰਥੇ ਉਡਾਰੀਆਂ ਮਾਰਦਾ ਰਹਿੰਦਾ ਹੈ। ਫਿਰ ਮਾਹੀ ਦੇ ਆਉਣ ਦਾ ਸੁਨੇਹਾ ਮਿਲਣ 'ਤੇ ਉਹ ਬਾਗੋ-ਬਾਗ ਹੋ ਜਾਂਦੀ ਹੈ :-

ਪਹਿਨ ਪਚਰ ਕੇ ਚੜ੍ਹ ਗਈ ਪੀਂਘ 'ਤੇ
ਡਿੱਗ ਪਈ ਹੁਲਾਰਾ ਖਾ ਕੇ
ਪੈਣ ਫੁਹਾਰਾਂ, ਚਮਕੇ ਬਿਜਲੀ
ਮੈਨੂੰ ਵੇਖ ਲੈ ਰਾਂਝਿਆ ਆ ਕੇ
ਬੱਦਲਾਂ ਨੂੰ ਵੇਖ ਰਹੀ
ਮੈਂ ਤੇਰਾ ਸੁਨੇਹਾ ਪਾ ਕੇ...

ਖੇਤਾਂ ਵਿਚ ਹਰੀਆਂ-ਭਰੀਆਂ, ਲਹਿਰਾਉਂਦੀਆਂ ਫਸਲਾਂ ਵੇਖ ਕੇ ਕਿਸਾਨ ਖੁਸ਼ੀ ਵਿਚ ਫੁੱਲੇ ਨਹੀਂ ਸਮਾਉਂਦੇ। ਪਾਣੀ ਵਿਚ ਖੇਡਦੇ, ਅਠਖੇਲੀਆਂ ਕਰਦੇ, ਖੁਸ਼ੀਆਂ ਮਨਾਉਂਦੇ ਨੰਗ-ਧੜੰਗੇ ਬੱਚੇ ਉੱਛਲਦੇ ਕੁੱਦਦੇ ਹਨ, ਗਾਉਂਦੇ ਹਨ, ਖੁਸ਼ੀਆਂ ਮਾਣਦੇ ਹਨ:-

ਕਾਲੀਆਂ ਇੱਟਾਂ ਕਾਲੇ ਰੋੜ, ਮੀਂਹ ਵਸਾ ਦੇ ਜ਼ੋਰੋ ਜ਼ੋਰ
ਰੱਬਾ-ਰੱਬਾ ਮੀਂਹ ਵਸਾ, ਸਾਡੀ ਕੋਠੀ ਦਾਣੇ ਪਾ।

ਸਾਰੀਆਂ ਰੁੱਤਾਂ ਦਾ ਸਿਰਤਾਜ, ਸਭ ਦੇ ਕਲੇਜੇ ਠੰਢ ਪਾਉਣ ਵਾਲਾ ਸਾਉਣ ਦਾ ਮਹੀਨਾ ਸਵਾਦਲੇ, ਵੰਨ ਸੁਵੰਨੇ ਪਕਵਾਨ ਬਣਾਉਣ ਲਈ ਵੀ ਵਿਸ਼ੇਸ਼ ਮਹੱਤਵ ਰੱਖਦਾ ਹੈ। ਮਾਲ੍ਹ ਪੂੜੇ, ਖੀਰਾਂ, ਪਕੌੜੇ, ਹਲਵੇ ਅਤੇ ਹੋਰ ਭਾਂਤ-ਸੁਭਾਂਤੇ ਪਕਵਾਨ ਲੋਕਾਂ ਦੀਆਂ ਖੁਸ਼ੀਆਂ ਤੇ ਚਾਵਾਂ ਵਿਚ ਵਾਧਾ ਕਰਦੇ ਹਨ। ਇਸ ਮਹੀਨੇ ਦੇ ਰੰਗ ਹੀ ਨਿਰਾਲੇ ਹਨ।

ਆਲਮੀ ਤਪਸ਼ ਨੇ, ਧਰਤੀ ਦੇ ਵਧਦੇ ਤਾਪਮਾਨ ਨੇ, ਰੁੱਖਾਂ ਦੀ ਬੇਤਹਾਸ਼ਾ ਤੇ ਬੇਰਹਿਮੀ ਨਾਲ ਕੀਤੀ ਜਾਂਦੀ ਕਟਾਈ ਨੇ ਮੌਸਮਾਂ ਤੇ ਰੁੱਤਾਂ ਦੇ ਮਿਜਾਜ਼ ਹੀ ਬਦਲ ਦਿੱਤੇ ਹਨ। ਹੁਣ ਕਈ ਵਾਰ ਜੂਨ ਮਹੀਨੇ ਵਿਚ ਹੀ ਭਰਪੂਰ ਮੀਂਹ ਪੈ ਜਾਂਦੇ ਹਨ। ਸਾਉਣ ਮਹੀਨਾ ਸੁੱਕਾ ਲੰਘ ਜਾਂਦਾ ਹੈ। ਕਈ ਵਾਰ ਸਤੰਬਰ ਦੇ ਮਹੀਨੇ ਵਿਚ ਪੈਣ ਵਾਲੇ ਮੀਂਹ ਕਾਰਨ ਹੜ੍ਹਾਂ ਵਾਲੀ ਸਥਿਤੀ ਬਣ ਜਾਂਦੀ ਹੈ। ਸਾਉਣ ਮਹੀਨੇ ਵਿਚ ਕਈ ਵਾਰ ਪਿਆਸੀ ਧਰਤੀ ਮੀਂਹ ਲਈ ਤਰਸਦੀ ਰਹਿ ਜਾਂਦੀ ਹੈ। ਕੱਚਿਆਂ ਕੋਠਿਆਂ ਵਿਚ ਰਹਿਣ ਵਾਲਿਆਂ ਵਾਸਤੇ ਕਈ ਵਾਰ ਸਾਉਣ ਦਾ ਮਹੀਨਾ ਮੁਸੀਬਤ ਬਣ ਕੇ ਆਉਂਦਾ ਹੈ। ਕਈ ਥਾਈਂ ਆ ਜਾਣ ਵਾਲੇ ਹੜ੍ਹ ਇਸ ਮਹੀਨੇ ਦਾ ਮਜ਼ਾ ਕਿਰਕਿਰਾ ਕਰ ਦਿੰਦੇ ਹਨ। ਫਿਰ ਵੀ ਸਾਉਣ ਮਹੀਨੇ ਦੇ ਆਉਣ ਦੀ ਉਡੀਕ ਬਣੀ ਰਹਿੰਦੀ ਹੈ। ਸਾਧਾਰਨ ਵਿਅਕਤੀ, ਵਿਆਹੀਆਂ-ਅਣਵਿਆਹੀਆਂ ਸਖੀਆਂ-ਸਹੇਲੀਆਂ, ਕਿਸਾਨ, ਬਨਸਪਤੀ, ਪਸ਼ੂ-ਪੰਛੀ ਆਦਿ ਵੀ ਮੀਂਹ ਪੈਣ ਵਾਲੇ ਇਸ ਸਮੇਂ (ਮਹੀਨੇ) ਦੀ ਬੜੀ ਬੇਸਬਰੀ ਤੇ ਉਤਸੁਕਤਾ ਨਾਲ ਉਡੀਕ ਕਰ ਰਹੇ ਹੁੰਦੇ ਹਨ। ਮੌਸਮ ਦੀਆਂ ਹਾਲਤਾਂ ਬਦਲ ਜਾਣ ਦੇ ਬਾਵਜੂਦ ਵੀ ਸਾਉਣ ਦੇ ਮਹੀਨੇ ਦਾ ਮਹੱਤਵ ਕਿਸੇ ਨਾ ਕਿਸੇ ਰੂਪ ਵਿਚ ਬਣਿਆ ਚਲਿਆ ਆ ਰਿਹਾ ਹੈ। ਸ਼ਾਲਾ! ਰੁੱਤਾਂ, ਮੌਸਮਾਂ, ਸਾਲਾਂ, ਮਹੀਨਿਆਂ ਦੇ ਰੰਗ ਬਦਲਦੇ ਰਹਿਣ, ਮਨੁੱਖ ਉਨ੍ਹਾਂ ਨੂੰ ਮਾਣਦਾ ਰਹੇ ਤੇ ਜ਼ਿੰਦਗੀ ਦਾ ਸਫ਼ਰ ਜਾਰੀ ਰਹੇ!





# ਕੀ ਕਾਂਗਰਸ ਦੂਜਾ ਅਜ਼ਾਦੀ ਅੰਦੋਲਨ ਲੜੇਗੀ?

ਗੁਰਮੀਤ ਸਿੰਘ ਪਲਾਹੀ
# ਮੋਬਾਈਲ : 98158-02070
ਪੰਜਾਬ ਮੇਲ USA





**ਕਾਂਗਰਸੀ ਨੇਤਾ, ਰਾਹੁਲ ਗਾਂਧੀ ਜੋ ਲੋਕ ਸਭਾ 'ਚ ਆਪੋਜ਼ੀਸ਼ਨ ਨੇਤਾ ਹਨ, ਕਹਿ ਰਹੇ ਹਨ ਕਿ ਉਨ੍ਹਾਂ ਨੂੰ ਪਾਰਲੀਮੈਂਟ 'ਚ ਬੋਲਣ ਨਹੀਂ ਦਿੱਤਾ ਜਾ ਰਿਹਾ। ਉਹ ਇਹ ਵੀ ਕਹਿੰਦੇ ਹਨ ਕਿ ਪ੍ਰਧਾਨ ਮੰਤਰੀ ਕਮਜ਼ੋਰ ਪ੍ਰਧਾਨ ਮੰਤਰੀ ਹਨ। ਉਹ ਦੇਸ਼ ਦੇ ਹਿੱਤਾਂ ਦੀ ਰਾਖੀ ਲਈ ਕੁਝ ਨਹੀਂ ਕਰ ਸਕੇ। ਜਦੋਂ ਵੀ ਦੇਸ਼ ਦੇ ਪਾਰਲੀਮੈਂਟ ਸ਼ੈਸ਼ਨ ਸ਼ੁਰੂ ਹੁੰਦੇ ਹਨ। ਆਪੋਜ਼ੀਸ਼ਨ ਵਲੋਂ ਖ਼ਾਸ ਕਰਕੇ ਕਾਂਗਰਸ ਵਲੋਂ ਸਦਨ ਦਾ ਬਾਈਕਾਟ ਕਰ ਦਿੱਤਾ ਜਾਂਦਾ ਹੈ। ਭਾਜਪਾ ਦੀ ਸਰਕਾਰ, ਜਿਹੜੀ ਪਹਿਲਾਂ ਹੀ ਨਤੀਸ਼ ਤੇ ਨਾਇਡੂ ਦੀਆਂ ਫਾਹੁੜੀਆਂ 'ਤੇ ਖੜ੍ਹੀ ਹੈ, ਉਹ ਮਨਮਾਨੀਆਂ ਵਾਲੇ ਬਿੱਲ ਪਾਸ ਕਰਵਾਉਂਦੀ ਹੈ, ਦੇਸ਼ ਉਤੇ ਸ਼ਾਨੋ-ਸ਼ੌਕਤ ਨਾਲ ਰਾਜ ਕਰੀ ਜਾਂਦੀ ਹੈ ਅਤੇ ਆਪੋਜ਼ੀਸ਼ਨ ਨਾ ਸੰਸਦ ਦੇ ਅੰਦਰ ਅਤੇ ਨਾ ਹੀ ਬਾਹਰ ਆਪਣੀ ਗੱਲ ਦੇਸ਼ ਵਾਸੀਆਂ ਤੱਕ ਪਹੁੰਚਾਉਂਦੀ ਹੈ।**

ਰਾਸ਼ਟਰੀ ਪੱਧਰ 'ਤੇ ਸਿਰਫ਼ ਕਾਂਗਰਸ ਪਾਰਟੀ ਹੀ ਹੈ, ਜਿਹੜੀ ਮੌਜੂਦਾ ਭਾਰਤੀ ਜਨਤਾ ਪਾਰਟੀ ਨੂੰ ਚੁਣੌਤੀ ਦੇ ਸਕਦੀ ਹੈ। ਪਰ ਕਾਂਗਰਸ ਨੂੰ ਸਮਝ ਹੀ ਨਹੀਂ ਆ ਰਿਹਾ, ਕਾਫ਼ੀ ਲੰਮੇ ਸਮੇਂ ਤੋਂ ਕਿ ਉਸ ਦੀ ਦੇਸ਼ ਭਰ 'ਚ ਭਾਜਪਾ ਦੀ ਪਿੱਠ ਲਾਉਣ ਲਈ ਰਣਨੀਤੀ ਕੀ ਹੋਵੇ?

ਉਧਰ ਭਾਜਪਾ, ਲਗਾਤਾਰ ਕਾਂਗਰਸ ਅਤੇ ਉਸਦੇ ਨੇਤਾਵਾਂ ਨੂੰ ਠਿੱਠ ਕਰਨ ਲਈ ਯਤਨਸ਼ੀਲ ਹੈ। ਉਸਦੇ ਨਵੇਂ, ਪੁਰਾਣੇ ਨੇਤਾਵਾਂ ਦਾ ਅਕਸ ਵਿਗਾੜਨ ਲਈ ਉਹ ਹਰ ਹੀਲਾ ਵਰਤ ਰਹੀ ਹੈ। ਨਰੇਂਦਰ ਮੋਦੀ ਨੇ ਨਹਿਰੂ-ਗਾਂਧੀ ਪਰਿਵਾਰਾਂ ਤੋਂ ਉਨ੍ਹਾਂ ਦੀ ਜ਼ਾਇਦਾਦ ਖੋਹ ਕੇ ਉਨ੍ਹਾਂ ਨੂੰ ਇੰਨੀ ਤਕਲੀਫ਼ ਦਿੱਤੀ ਹੈ ਕਿ ਹੁਣ ਉਸ ਪਰਿਵਾਰ ਤੋਂ ਇਹ ਸਹਿ ਹੀ ਨਹੀਂ ਹੋ ਰਿਹਾ।

ਆਜ਼ਾਦੀ ਦੇ 75 ਵਰ੍ਹਿਆਂ 'ਚ ਨਹਿਰੂ-ਗਾਂਧੀ ਪਰਿਵਾਰ ਦਾ ਕੋਈ ਨਾ ਕੋਈ ਪਰਿਵਾਰਕ ਮੈਂਬਰ ਪ੍ਰਧਾਨ ਮੰਤਰੀ ਰਿਹਾ ਹੈ ਜਾਂ ਇਹ ਪਰਿਵਾਰ ਦੇਸ਼ ਦਾ ਪ੍ਰਧਾਨ ਮੰਤਰੀ ਨੀਅਤ ਕਰਨ ਲਈ ਜ਼ਿੰਮੇਵਾਰ ਰਿਹਾ ਹੈ। ਸਾਲ 1947 ਤੋਂ 1964 ਤੱਕ ਜਵਾਹਰ ਲਾਲ ਨਹਿਰੂ ਪ੍ਰਧਾਨ ਮੰਤਰੀ ਸਨ। ਫਿਰ ਲਾਲ ਬਹਾਦਰ ਸ਼ਾਸਤਰੀ ਆਏ। ਇੰਦਰਾ ਗਾਂਧੀ 1967 ਤੋਂ 1977 ਤੱਕ ਪ੍ਰਧਾਨ ਮੰਤਰੀ ਬਣੇ।

1980 'ਚ ਇੰਦਰਾ ਗਾਂਧੀ ਫਿਰ ਪ੍ਰਧਾਨ ਮੰਤਰੀ ਵਜੋਂ ਪਰਤੇ। ਸਾਲ 1984 'ਚ ਉਨ੍ਹਾਂ ਦੀ ਹੱਤਿਆ ਕਰ ਦਿੱਤੀ ਗਈ। ਵਾਂਗਡੋਰ ਫਿਰ ਰਾਜੀਵ ਗਾਂਧੀ ਹੱਥ ਆਈ। ਉਨ੍ਹਾਂ ਦੀ ਹੱਤਿਆ 1992 'ਚ ਹੋਈ। ਸੋਨੀਆ ਗਾਂਧੀ ਤਾਕਤਵਰ ਨੇਤਾ ਵਜੋਂ ਉਭਰੀ। ਉਨ੍ਹਾਂ ਆਪ ਪ੍ਰਧਾਨ ਮੰਤਰੀ ਨਾ ਬਣਕੇ ਮੌਕਾ ਨਰਸਿਮਹਾਰਾਓ ਅਤੇ ਮਨਮੋਹਨ ਸਿੰਘ ਨੂੰ ਦਿੱਤਾ। ਫਿਰ ਕਾਂਗਰਸ ਹਾਰੀ ਤੇ ਤਾਕਤ ਨਰੇਂਦਰ ਮੋਦੀ ਹੱਥ ਆਈ, ਜਿਸਨੇ 'ਕਾਂਗਰਸ ਮੁਕਤ ਭਾਰਤ' ਬਣਾਉਣ ਦਾ ਟੀਚਾ ਮਿਥਿਆ। ਪਿਛਲੇ ਗਿਆਰਾਂ ਵਰ੍ਹੇ ਦੇਸ਼ ਲਈ "ਕਾਂਗਰਸੀ ਨੇਤਾਵਾਂ" ਅਨੁਸਾਰ "ਲੋਕਤੰਤਰ ਦੀ ਹੱਤਿਆ" ਦੇ ਵਰ੍ਹੇ ਹਨ।

ਕਾਂਗਰਸੀ ਨੇਤਾ, ਰਾਹੁਲ ਗਾਂਧੀ ਜੋ ਲੋਕ ਸਭਾ 'ਚ ਆਪੋਜ਼ੀਸ਼ਨ ਨੇਤਾ ਹਨ, ਕਹਿ ਰਹੇ ਹਨ ਕਿ ਉਨ੍ਹਾਂ ਨੂੰ ਪਾਰਲੀਮੈਂਟ 'ਚ ਬੋਲਣ ਨਹੀਂ ਦਿੱਤਾ ਜਾ ਰਿਹਾ। ਉਹ ਇਹ ਵੀ ਕਹਿੰਦੇ ਹਨ ਕਿ ਪ੍ਰਧਾਨ ਮੰਤਰੀ ਕਮਜ਼ੋਰ ਪ੍ਰਧਾਨ ਮੰਤਰੀ ਹਨ। ਉਹ ਦੇਸ਼ ਦੇ ਹਿੱਤਾਂ ਦੀ ਰਾਖੀ ਲਈ ਕੁਝ ਨਹੀਂ ਕਰ ਸਕੇ।

ਜਦੋਂ ਵੀ ਦੇਸ਼ ਦੇ ਪਾਰਲੀਮੈਂਟ ਸ਼ੈਸ਼ਨ ਸ਼ੁਰੂ ਹੁੰਦੇ ਹਨ। ਆਪੋਜ਼ੀਸ਼ਨ ਵਲੋਂ ਖ਼ਾਸ ਕਰਕੇ ਕਾਂਗਰਸ ਵਲੋਂ ਸਦਨ ਦਾ ਬਾਈਕਾਟ ਕਰ ਦਿੱਤਾ ਜਾਂਦਾ ਹੈ। ਭਾਜਪਾ ਦੀ ਸਰਕਾਰ, ਜਿਹੜੀ ਪਹਿਲਾਂ ਹੀ ਨਤੀਸ਼ ਤੇ ਨਾਇਡੂ ਦੀਆਂ ਫਾਹੁੜੀਆਂ 'ਤੇ ਖੜ੍ਹੀ ਹੈ, ਉਹ ਮਨਮਾਨੀਆਂ ਵਾਲੇ ਬਿੱਲ ਪਾਸ ਕਰਵਾਉਂਦੀ ਹੈ, ਦੇਸ਼ ਉਤੇ ਸ਼ਾਨੋ-ਸ਼ੌਕਤ ਨਾਲ ਰਾਜ ਕਰੀ ਜਾਂਦੀ ਹੈ ਅਤੇ ਆਪੋਜ਼ੀਸ਼ਨ ਨਾ ਸੰਸਦ ਦੇ ਅੰਦਰ ਅਤੇ ਨਾ ਹੀ ਬਾਹਰ ਆਪਣੀ ਗੱਲ ਦੇਸ਼ ਵਾਸੀਆਂ ਤੱਕ ਪਹੁੰਚਾਉਂਦੀ ਹੈ।

ਦੇਸ਼ ਦੇ ਲੋਕਾਂ ਦੇ ਵੱਡੇ ਮੁੱਦੇ ਹਨ। ਕਾਂਗਰਸ ਇਨ੍ਹਾਂ ਮੁੱਦਿਆਂ ਨੂੰ ਸੰਸਦ ਵਿਚ ਜੇਕਰ ਉਠਾਉਣ 'ਚ ਕਾਮਯਾਬ ਨਹੀਂ ਹੋ ਰਹੀ, ਜਿਵੇਂ ਕਿ ਉਹ ਕਹਿੰਦੀ ਹੈ, ਤਾਂ ਫਿਰ ਉਹ ਆਮ ਜਨਤਾ ਕੋਲ ਉਨ੍ਹਾਂ ਮੁੱਦਿਆਂ ਨੂੰ ਲੈ ਕੇ ਕਿਉਂ ਨਹੀਂ ਜਾਂਦੀ? ਲੋਕ ਸਵਾਲ ਪੁੱਛਦੇ ਹਨ।

ਅੱਜ ਦੇਸ਼ ਦੇ ਲੋਕ "ਐਮਰਜੈਂਸੀ ਦੇ ਦਿਨਾਂ ਵਰਗੇ ਹਾਲਾਤ ਦੇਸ਼ 'ਚ ਵੇਖ ਰਹੇ ਹਨ, ਜਿਥੇ ਲੋਕਾਂ ਨੂੰ ਬੋਲਣ ਦੀ ਆਜ਼ਾਦੀ ਨਹੀਂ, ਉਹ ਅਣ-ਐਲਾਨੀ ਐਮਰਜੈਂਸੀ 'ਚੋਂ ਲੰਘ ਰਹੇ ਹਨ। ਭੁੱਖਣ-ਭਾਣੇ, ਬੇਰੁਜ਼ਗਾਰ, ਛੱਤਾਂ ਤੋਂ ਵਿਹੂਣੇ, ਭੈੜੇ ਹਾਲਾਤ ਉਨ੍ਹਾਂ ਨੂੰ ਉਪਰਾਮ ਕਰ ਰਹੇ ਹਨ ਅਤੇ ਕਾਂਗਰਸ ਜਿਹੜੀ ਭਲੀ-ਭਾਂਤ ਇਸ ਸਥਿਤੀ ਤੋਂ ਵਾਕਿਫ਼ ਹੈ, ਲੋਕਾਂ ਨੂੰ ਲਾਮਬੰਦ ਕਿਉਂ ਨਹੀਂ ਕਰਦੀ? ਕਿਉਂ ਉਨ੍ਹਾਂ ਹਾਲਾਤਾਂ 'ਚ ਚੁੱਪ ਕਰਕੇ ਜਾਂ ਸਿਰਫ਼ ਬਿਆਨ ਦੇ ਕੇ ਬੈਠ ਜਾਂਦੀ ਹੈ, ਜਦੋਂਕਿ ਉਸ ਨੂੰ ਲੋਕਾਂ ਦੇ ਭੈੜੇ ਹਾਲਾਤ ਨਿਵਰਤ ਕਰਨ ਲਈ ਅੱਗੇ ਆਉਣਾ ਚਾਹੀਦਾ ਹੈ।

ਕੀ ਅੱਜ ਹਾਲਾਤ ਉਸ ਤੋਂ ਵੱਖਰੇ ਹਨ, ਜਦੋਂ ਦੇਸ਼ ਭਰ ਦੇ ਨੇਤਾ ਜੈ ਪ੍ਰਕਾਸ਼ ਨਰਾਇਣ, ਬਾਬੂ ਜਗਜੀਵਨ ਰਾਮ, ਸਮਾਜਵਾਦੀ ਨੇਤਾ ਜਾਰਜ ਫਰਨਾਂਡੈਸ ਲੋਕਾਂ ਨੂੰ ਲਾਮਬੰਦ ਕਰਨ ਲਈ ਦੇਸ਼ ਦੇ ਕੋਨੇ-ਕੋਨੇ ਪਹੁੰਚੇ ਸਨ ਅਤੇ ਉਨ੍ਹਾਂ ਇੰਦਰਾ ਗਾਂਧੀ ਦਾ "ਸਥਿਰ ਪ੍ਰਸ਼ਾਸਨ" ਹਿਲਾ ਮਾਰਿਆ ਸੀ ਤੇ ਲੋਕਾਂ ਨੂੰ ਕੁਝ ਰਾਹਤ ਦਿੱਤੀ ਸੀ। ਗੱਲ ਵੱਖਰੀ ਹੈ ਕਿ ਉਹ ਆਪਣੀਆਂ ਅਸਪੱਸ਼ਟ-ਸਪੱਸ਼ਟ ਨੀਤੀਆਂ ਕਾਰਨ ਅੱਗੇ ਨਹੀਂ ਵੱਧ ਸਕੇ।

ਕੁਝ ਸਮਾਂ ਪਹਿਲਾਂ ਕਾਂਗਰਸ ਦਾ ਨੌਜਵਾਨ ਨੇਤਾ 'ਰਾਹੁਲ' ਉੱਤਰ ਤੋਂ ਦੱਖਣ, ਪੂਰਬ ਤੋਂ ਪੱਛਮ ਜਨ-ਯਾਤਰਾ 'ਤੇ ਨਿਕਲਿਆ। ਉਸਨੇ ਜਾਗਰੂਕਤਾ ਲਹਿਰ ਚਲਾਉਣ ਲਈ ਹੰਭਲਾ ਮਾਰਿਆ। ਇਹ ਹੰਭਲਾ ਲੋਕ ਸਭਾ ਚੋਣਾਂ ਤੋਂ ਪਹਿਲਾਂ ਦਾ ਸੀ। ਇੰਡੀਆ ਗੱਠਜੋੜ ਦੀ ਸਥਾਪਨਾ ਹੋਈ। ਵਿਰੋਧੀ ਧਿਰਾਂ ਨੇ ਇਕਜੁੱਟਤਾ ਵਿਖਾਉਣ ਦਾ ਯਤਨ ਕੀਤਾ। ਕੁਝ ਕਾਮਯਾਬੀ ਵੀ ਮਿਲੀ ਪਰ ਲੋਕ ਹਿੱਤਾਂ ਨਾਲੋਂ ਸਿਆਸੀ ਧਿਰਾਂ ਦੇ ਸਵਾਰਥੀ ਹਿੱਤ ਭਾਰੂ ਹੋ ਗਏ। "ਇੰਡੀਆ ਗੱਠਜੋੜ" ਕੁਝ ਪ੍ਰਾਪਤ ਨਾ ਕਰ ਸਕਿਆ ਤੇ ਕਾਂਗਰਸ ਵੀ ਮਸਾਂ ਥੋੜਾ ਬਹੁਤਾ ਆਪਣਾ ਅਕਸ ਸੁਧਾਰ ਸਕੀ। ਇੰਜ ਜਿਸ ਗੱਲ ਦੀ ਆਸ ਸੀ ਕਿ ਭਾਜਪਾ ਲਈ ਕਾਂਗਰਸ ਵੱਡੀ ਚੁਣੌਤੀ ਬਣੇਗੀ, ਉਹ "ਸਿਆਸੀ ਦੂਰਦਰਸ਼ਤਾ ਅਤੇ ਆਪਸੀ ਅੰਦਰਲੀ ਕਾਟੋ ਕਲੇਸ਼" ਕਾਰਨ ਵੱਡੀਆਂ ਪ੍ਰਾਪਤੀਆਂ ਨਾ ਕਰ ਸਕੀ। ਕਾਰਨ ਕੀ ਇਹੋ ਹੀ ਹੈ ਗਾਂਧੀ-ਨਹਿਰੂ ਪਰਿਵਾਰ ਕਾਂਗਰਸ ਨੂੰ ਅਪਾਣੇ ਹਿੱਤਾਂ ਤੋਂ ਅੱਗੇ ਨਹੀਂ ਵਧਣ ਦੇ ਰਿਹਾ ਜਾਂ ਕਾਰਨ ਕੁਝ ਹੋਰ ਵੀ ਨੇ?

ਮਹਾਰਾਸ਼ਟਰ 'ਚ ਕਾਂਗਰਸ ਦੀ ਹਾਰ ਕੀ ਕਹਿੰਦੀ ਹੈ? ਹਰਿਆਣਾ 'ਚ ਜਿੱਤ ਕਿਨਾਰੇ ਪਹੁੰਚੀ ਕਾਂਗਰਸ ਹਾਰ ਕਿਉਂ ਗਈ? ਪੰਜਾਬ 'ਚ ਕਾਂਗਰਸ ਸਾਰਥਿਕ ਵਿਰੋਧੀ ਧਿਰ ਦਾ ਰੋਲ ਅਦਾ ਕਰਨ 'ਚ ਕਾਮਯਾਬ ਕਿਉਂ ਨਹੀਂ ਹੋ ਰਹੀ। ਸਾਫ਼ ਸਪੱਸ਼ਟ ਜਵਾਬ ਕਾਂਗਰਸ 'ਚ ਫੈਲੀ ਅਨੁਸਾਸ਼ਨਹੀਣਤਾ, ਧੜੇਬਾਜ਼ੀ ਅਤੇ ਸਮੇਂ-ਸਿਰ ਹਾਈਕਮਾਂਡ ਵੱਲੋਂ ਫ਼ੈਸਲੇ ਨਾ ਲੈਣ 'ਚ ਨਾਕਾਮੀ ਹੈ।

ਦੇਸ਼ 'ਚ ਕਿੱਡੀਆਂ ਵੱਡੀਆਂ ਘਟਨਾਵਾਂ ਵਾਪਰ ਰਹੀਆਂ ਹਨ। ਧਰਮ ਜਾਤ ਦੇ ਨਾਂਅ 'ਤੇ ਧਰੁਵੀਕਰਨ ਹੋ ਰਿਹਾ ਹੈ। ਕਾਂਗਰਸ ਚੁੱਪ ਹੈ। ਦੇਸ਼ 'ਚ ਨਿੱਜੀਕਰਨ ਹੋ ਰਿਹਾ ਹੈ, ਕਾਂਗਰਸ ਚੁੱਪ ਹੈ। ਦੇਸ਼ ਦੇ ਕੁਦਰਤੀ ਸਾਧਨ ਵੱਡਿਆਂ ਨੂੰ ਸੌਂਪੇ ਜਾ ਰਹੇ ਹਨ, ਕਾਂਗਰਸ ਸੁਸਤ ਤੇ ਚੁੱਪ ਹੈ। ਦੇਸ਼, ਵਿਸ਼ਵ ਪੱਧਰ 'ਤੇ ਆਪਣੀ ਸਾਖ਼ ਗੁਆ ਰਿਹਾ ਹੈ, ਕਾਂਗਰਸ ਦੀ ਚੁੱਪੀ ਰੜਕਦੀ ਹੈ। ਦੇਸ਼ 'ਚ ਸੂਬਿਆਂ ਦੇ ਅਧਿਕਾਰ ਖੋਹੇ ਜਾ ਰਹੇ, ਸੰਵਿਧਾਨ ਨੂੰ ਬਦਲਣ ਜਾਂ ਨਵਾਂ ਸੰਵਿਧਾਨ ਬਣਾਉਣ ਦੀਆਂ ਵਿਉਂਤਾਂ ਘੜੀਆਂ ਜਾ ਰਹੀਆਂ ਹਨ, ਤਾਂ ਕਾਂਗਰਸ ਵੱਡੀ ਹਰਕਤ 'ਚ ਕਿਉਂ ਨਹੀਂ ਹੈ? ਕੀ ਸਿਰਫ਼ ਸਦਨ ਦੇ ਬਾਹਰ "ਲੋਕਤੰਤਰ ਦੀ ਹੱਤਿਆ" ਦੇ ਝੰਡੇ ਲਾਕੇ ਪ੍ਰਦਰਸ਼ਨ ਕਰਨ ਨਾਲ 'ਮੋਦੀ ਸ਼ਾਸਨ' ਦਾ ਖੂਨੀ ਪੰਜਾ ਬੰਦ ਹੋ ਜਾਏਗਾ?

ਬਿਹਾਰ ਵਿਚ ਵੋਟਰਾਂ ਦੇ ਸ਼ੁੱਧੀਕਰਨ ਨਾਲ ਜੋ ਖਿਲਵਾੜ ਹੋ ਰਿਹਾ ਹੈ, ਕੀ ਕਾਂਗਰਸ ਉਸਨੂੰ ਚੋਣ ਕਮਿਸ਼ਨ ਅੱਗੇ ਰੋਕਣ 'ਚ ਕਾਮਯਾਬ ਹੋਈ ਹੈ ਜਾਂ ਹੋ ਸਕੇਗੀ? ਭਾਜਪਾ ਚੋਣ ਕਮਿਸ਼ਨ ਰਾਹੀਂ ਆਪਣੇ ਵਿਰੋਧੀਆਂ ਦੀਆਂ ਵੋਟਾਂ ਚੁਣ-ਚੁਣ ਕੇ ਬਿਹਾਰ 'ਚੋਂ ਕੱਟਵਾ ਰਹੀ ਹੈ, ਤੇ ਕਾਂਗਰਸੀ ਇਸਨੂੰ "ਲੋਕਤੰਤਰ ਦੀ ਹੱਤਿਆ" ਦਾ ਨਾਂਅ ਦੇ ਕੇ "ਵਿਸ਼ਰਾਮ" 'ਚ ਹਨ।

ਜਿਸ ਢੰਗ ਨਾਲ ਦੇਸ਼ ਉਤੇ ਰਾਜ ਕਰ ਰਹੀ ਧੁਕੜੀ ਆਪਣੇ ਵਿਰੋਧੀਆਂ ਨੂੰ ਇਕੋ ਝਟਕੇ 'ਚ ਹਲਾਲ ਕਰਨਾ ਜਾਣਦੀ ਹੈ, ਉਸਦੀ ਉਦਾਹਰਨ ਦੇਸ਼ ਦੇ ਉਪ ਰਾਸ਼ਟਰਪਤੀ ਸ਼੍ਰੀ ਜਗਦੀਪ ਧਨਖੜ ਦਾ ਕੁਝ ਘੰਟਿਆਂ 'ਚ ਲਿਆ ਜਾਣ ਵਾਲਾ ਅਸਤੀਫ਼ਾ ਹੈ। ਬਿਨ੍ਹਾਂ ਝਿਜਕ, ਬਿਨ੍ਹਾਂ ਕਿਰਕ ਧਨਖੜ ਅਹੁਦੇ ਤੋਂ ਲਾਹ ਦਿੱਤੇ ਗਏ। ਕੀ ਕਾਂਗਰਸ "ਭਾਜਪਾ" ਤੋਂ ਕਿਸੇ ਰਿਐਤ ਦੀ ਉਮੀਦ 'ਤੇ ਬੈਠੀ ਹੈ? ਕੀ ਗਾਂਧੀ ਪਰਿਵਾਰ ਇਸੇ ਗੱਲ 'ਤੇ ਖੁਸ਼ ਹੈ ਕਿ ਕਾਂਗਰਸੀ ਸਰਵੋ-ਸਰਵਾ ਸੋਨੀਆ ਗਾਂਧੀ ਆਪ ਤੇ ਉਸਦੇ ਪੁੱਤ, ਧੀ, ਪਾਰਲੀਮੈਂਟ ਦੇ ਮੈਂਬਰ ਹਨ। ਕੀ ਅੱਗੇ ਉਨ੍ਹਾਂ ਨੂੰ ਕੋਈ ਝਾਕ ਨਹੀਂ ਹੈ?

ਸਵਾਲ ਤਾਂ ਹੁਣ ਇਹ ਉੱਠਦਾ ਹੈ ਕਿ ਉਨ੍ਹਾਂ ਹਾਲਾਤਾਂ ਵਿਚ ਜਦੋਂ ਹਾਕਮ ਦੇਸ਼ ਦੇ ਸੰਵਿਧਾਨ 'ਚੋਂ ਧਰਮ ਨਿਰਪੱਖ ਅਤੇ ਸਮਾਜਵਾਦੀ ਸ਼ਬਦ ਨੂੰ ਆਰ.ਐੱਸ.ਐੱਸ. ਦੇ ਦਿਸ਼ਾ-ਨਿਰਦੇਸ਼ਾਂ 'ਤੇ ਖ਼ਤਮ ਕਰਨ 'ਤੇ ਤੁਲਿਆ ਹੈ, ਤਾਂ ਕੀ ਕਾਂਗਰਸ ਦੇਸ਼ ਦੇ ਲੋਕਾਂ ਲਈ ਦੂਜਾ ਆਜ਼ਾਦੀ ਅੰਦੋਲਨ ਲੜਨ ਲਈ ਅੱਗੇ ਆਏਗੀ? ਕੀ ਉਹ ਇਸਦੇ ਸਮਰੱਥ ਰਹਿ ਗਈ ਹੈ?

ਸਵਾਲ ਤਾਂ ਹੁਣ ਇਹ ਉੱਠਦਾ ਹੈ ਕਿ ਹਾਕਮ ਜਮਾਤਾ ਵੱਲੋਂ ਜਦੋਂ ਦੇਸ਼ ਨੂੰ ਨਿੱਜੀਕਰਨ ਵੱਲ ਤੋਰਿਆ ਜਾ ਰਿਹਾ ਹੈ, ਸਾਰੇ ਕੁਦਰਤੀ ਸਾਧਨ ਧੰਨ ਕੁਬੇਰਾਂ ਹੱਥ ਫੜਾਏ ਜਾ ਰਹੇ ਹਨ, ਦੇਸ਼ ਦੀ ਵਿਦੇਸ਼ ਨੀਤੀ "ਜੰਗਬਾਜ਼ਾਂ" ਦੇ ਹੱਥ ਹੈ, ਸੁਰੱਖਿਆ ਦੇ ਨਾਮ 'ਤੇ ਜੰਗੀ ਬਜਟ ਵਧਾਇਆ ਜਾ ਰਿਹਾ ਹੈ ਅਤੇ ਗਰੀਬ ਪੱਖੀ ਸਕੀਮਾਂ ਤੋੜੀਆਂ-ਮਰੋੜੀਆਂ ਜਾ ਰਹੀਆਂ ਹਨ, ਤਾਂ ਕੀ ਕਾਂਗਰਸ ਇਨ੍ਹਾਂ ਨੀਤੀਆਂ ਵਿਰੁੱਧ ਲਾਮਬੰਦੀ ਕਰੇਗੀ? ਕੀ ਉਹ ਇਸਦੇ ਸਮਰੱਥ ਹੈ?

ਸਵਾਲ ਤਾਂ ਇਹ ਹੈ ਕਿ ਬੇਰੋਕ-ਟੋਕ ਕਾਰਪੋਰੇਟ ਰਾਜ ਅਤੇ ਆਰ.ਐੱਸ.ਐੱਸ. ਦਾ ਹਿੰਦੂ ਰਾਸ਼ਟਰ ਸੁਪਨਾ ਕੀ ਕਾਂਗਰਸ ਪੂਰਾ ਹੋਣ ਤੋਂ ਰੋਕਣ ਲਈ ਦੇਸ਼ ਦੇ ਮੂਲ ਨਿਵਾਸੀਆਂ, ਦਹਿਸ਼ਤ ਦੇ ਕਾਲੇ ਸਾਏ 'ਚ ਜੀਊਂਦੇ ਲੋਕਾਂ ਅਤੇ ਕਿਸਾਨਾਂ, ਮਜ਼ਦੂਰਾਂ ਦੇ ਹੱਕ 'ਚ ਖੜ੍ਹੇਗੀ ਅਤੇ ਕੀ ਕਾਂਗਰਸ ਤਿੰਨ ਫੌਜਦਾਰੀ ਕਾਨੂੰਨਾਂ, ਚਾਰ ਕਿਰਤ ਕੋਡ, ਯੂ.ਏ.ਪੀ.ਏ., ਅਫਸਪਾ, ਪਬਲਿਕ ਸਕਿਉਰਿਟੀ ਐਕਟ ਅਤੇ ਅਜਿਹੇ ਹੋਰ ਕਾਲੇ ਕਾਨੂੰਨ ਪ੍ਰਤੀ ਲੋਕ ਉਭਾਰ ਪੈਦਾ ਕਰੇਗੀ? ਕੀ ਕਾਂਗਰਸ ਦਾ ਨੇਤਾ, ਕੀ ਕਾਂਗਰਸ ਦਾ ਕਾਡਰ, ਗੋਦੀ ਮੀਡੀਆਂ ਦੇ ਕੂੜ-ਪ੍ਰਚਾਰ ਦਾ ਭਾਂਡਾ ਭੰਨਕੇ ਲੋਕ ਕਚਿਹਰੀ 'ਚ ਅਸਲ ਤੱਥ ਲਿਆਉਣ ਦੇ ਸਮਰੱਥ ਬਣ ਸਕੇਗੀ?

ਲੋਕਾਂ ਦੀ ਛੋਟੀ ਜਿਹੀ ਉਮੀਦ-ਆਸ ਕਾਂਗਰਸ ਪਾਰਟੀ ਤੋਂ ਹੈ। ਉਸ ਕੋਲ ਦੇਸ਼ ਦੀਆਂ ਦੂਜੀਆਂ ਜ਼ਮਹੂਰੀ ਧਿਰਾਂ ਨਾਲ ਰਲਕੇ ਨਿਰਸਵਾਰਥ ਹੋ ਕੇ ਲੜਨ ਬਿਨ੍ਹਾਂ ਇਹ ਤਹਿ ਕੀਤਿਆਂ ਕਿ ਉਸਨੇ ਪ੍ਰਧਾਨ ਮੰਤਰੀ ਦੀ ਕੁਰਸੀ ਹੀ ਹਥਿਆਉਣੀ ਹੈ, ਇਹ ਮੌਕਾ ਹੈ, ਦੇਸ਼ ਨੂੰ ਡਿਕਟੇਟਰਾਨਾ ਹਾਕਮਾਂ ਤੋਂ ਬਚਾਉਣ ਦਾ।

ਸਿਆਸੀ ਧਿਰ ਕਾਂਗਰਸ, ਜਿਸਨੇ ਇੱਕ ਸਦੀ ਤੋਂ ਵੀ ਵੱਧ ਸਮਾਂ ਪਹਿਲਾਂ, ਦੇਸ਼ ਦੇ ਲੋਕਾਂ 'ਚ ਆਜ਼ਾਦੀ ਦੀ ਅਲਖ ਜਗਾਉਣ ਦਾ ਵੱਡਾ ਕੰਮ ਕੀਤਾ ਸੀ, ਕੀ ਉਹ ਮੁੜ ਆਪਣੀ ਜ਼ਿੰਮੇਵਾਰੀ ਨਿਭਾਏਗੀ? ਕਿਉਂਕਿ ਮੌਜੂਦਾ ਹਾਕਮ ਦੇਸ਼ ਨੂੰ ਕਾਂਗਰਸ ਮੁਕਤ ਤਾਂ ਵੇਖਣਾ ਹੀ ਚਾਹੁੰਦੀ ਹੈ ਪਰ ਨਾਲ-ਨਾਲ ਉਹ ਉਨ੍ਹਾਂ ਆਜ਼ਾਦੀ ਸੰਗਰਾਮੀਆਂ ਦੇ ਸੰਘਰਸ਼ ਅਤੇ ਉਨ੍ਹਾਂ ਦੀਆਂ ਕੀਤੀਆਂ ਕੁਰਬਾਨੀਆਂ ਨੂੰ ਦਫ਼ਨ ਕਰਕੇ ਨਵੀਂ ਪੀੜ੍ਹੀ 'ਚ, ਪੁਸਤਕਾਂ ਰਾਹੀਂ, ਮੀਡੀਏ ਰਾਹੀਂ, ਉਨ੍ਹਾਂ ਅਕ੍ਰਿਤਘਣ ਲੋਕਾਂ ਨੂੰ ਅੱਗੇ ਕਰਕੇ "ਦੇਸ਼ ਭਗਤ" ਗਰਦਾਨਣ ਦੇ ਰਾਹ ਹੈ, ਜਿਹੜੇ ਸਮੇਂ-ਸਮੇਂ ਦੇਸ਼ ਦੇ ਗੱਦਾਰਾਂ ਦੀ ਲਿਸਟ 'ਚ ਸ਼ਾਮਲ ਰਹੇ ਹਨ।

ਕਾਂਗਰਸ ਦੀ ਲੀਡਰਸ਼ਿਪ ਲਈ ਇਹ ਸਮਝਣ ਦਾ ਸਮਾਂ ਹੈ ਕਿ ਕੀ ਪਰਿਵਾਰ ਪ੍ਰਸਤੀ ਨਾਲੋਂ "ਦੇਸ਼ ਪ੍ਰਸਤੀ" ਜ਼ਰੂਰੀ ਹੈ।

# ਰਾਜਿੰਦਰ ਰਾਜ਼ ਸਵੱਦੀ ਦਾ ਪੁਸਤਕ 'ਜ਼ਿੰਦਗੀ ਵਿਕਦੀ ਨਹੀਂ' ਸਮਾਜਿਕਤਾ ਦਾ ਪ੍ਰਤੀਕ

-ਉਜਾਗਰ ਸਿੰਘ
ਸਾਬਕਾ ਜ਼ਿਲ੍ਹਾ ਲੋਕ ਸੰਪਰਕ ਅਧਿਕਾਰੀ
ਮੋਬਾਈਲ-94178 13072
ujagarsingh48@yahoo.com
ਪੰਜਾਬ ਮੇਲ USA



ਰਾਜਿੰਦਰ ਰਾਜ਼ ਸਵੱਦੀ ਕਹਾਣੀਕਾਰ ਸੀ, ਉਸਦੀਆਂ ਦੋ ਪੁਸਤਕਾਂ ਹਵਾੜ (1964) ਅਤੇ ਜ਼ਿੰਦਗੀ ਦਾ ਚਿਹਰਾ (1967) ਵਿਚ ਪ੍ਰਕਾਸ਼ਤ ਹੋਈਆਂ ਸਨ। ਅਜੇ ਉਹ ਸਾਹਿਤਕ ਖੇਤਰ ਵਿਚ ਸਥਾਪਤ ਹੋਣ ਜਾ ਹੀ ਰਿਹਾ ਸੀ ਕਿ ਅਚਾਨਕ ਇਸ ਸੰਸਾਰ ਨੂੰ ਅਲਵਿਦਾ ਕਹਿ ਗਿਆ। ਇਸ ਕਰਕੇ ਅਜੇ ਉਹ ਇਨ੍ਹਾਂ ਪੁਸਤਕਾਂ ਨਾਲ ਸਾਹਿਤਕ ਖੇਤਰ ਦੇ ਪਹਿਲੇ ਪੜਾਅ ਵਿਚ ਹੀ ਸੀ। ਉਨ੍ਹਾਂ ਦੇ ਲੜਕੇ ਰਾਜਦੀਪ ਸਿੰਘ ਤੂਰ ਗ਼ਜ਼ਲਗੋ ਨੇ ਉਨ੍ਹਾਂ ਦੋਹਾਂ ਪੁਸਤਕਾਂ ਨੂੰ 'ਜ਼ਿੰਦਗੀ ਵਿਕਦੀ ਨਹੀਂ' ਦੇ ਨਾਮ ਹੇਠ ਇੱਕ ਪੁਸਤਕ ਦੇ ਰੂਪ ਵਿਚ ਪ੍ਰਕਾਸ਼ਤ ਕਰਕੇ ਆਪਣੀ ਸਾਹਿਤਕ ਵਿਰਾਸਤ ਨੂੰ ਸੰਭਾਲਿਆ ਹੈ। ਇਸ ਕਹਾਣੀ ਸੰਗ੍ਰਹਿ ਵਿਚ ਕੁੱਲ 31 ਕਹਾਣੀਆਂ ਹਨ। ਇਹ ਸਾਰੀਆਂ ਕਹਾਣੀਆਂ ਸਮਾਜਿਕ ਵਿਸੰਗਤੀਆਂ ਦੀ ਬਾਤ ਪਾਉਂਦੀਆਂ ਹਨ। ਕਹਾਣੀਕਾਰ ਨੇ ਸਮਾਜਿਕ ਬੁਰਾਈਆਂ ਨੂੰ ਆਧਾਰ ਬਣਾਕੇ ਵੱਖ-ਵੱਖ ਵੰਨਗੀਆਂ ਵਾਲੇ ਵਿਸ਼ੇ ਚੁਣਕੇ ਕਹਾਣੀਆਂ ਲਿਖੀਆਂ ਸਨ। ਇਨ੍ਹਾਂ ਕਹਾਣੀਆਂ ਵਿਚ ਕਈ ਰੰਗ ਵੇਖਣ ਨੂੰ ਮਿਲਦੇ ਹਨ। ਮੁੱਖ ਤੌਰ 'ਤੇ ਸਮਾਜਿਕ ਤਾਣੇ-ਬਾਣੇ ਵਿਚ ਔਰਤਾਂ ਨਾਲ ਹੋ ਰਹੀਆਂ ਸਮਾਜਿਕ, ਆਰਥਿਕ ਅਤੇ ਭਾਵਨਾਤਮਕ ਜ਼ਿਆਦਤੀਆਂ ਬਾਰੇ ਹਨ। ਕਹਾਣੀ ਸੰਗ੍ਰਹਿ ਦੀ ਖਾਸੀਅਤ ਇਹ ਹੈ ਕਿ ਇਸ ਦੀ ਸ਼ੈਲੀ ਸਰਲ ਤੇ ਗੱਲਬਾਤੀ ਹੈ, ਜਿਵੇਂ ਦਿਹਾਤੀ ਲੋਕ ਆਪਸ ਵਿਚ ਰੋਜ਼ਮਰ੍ਹਾ ਦੇ ਜੀਵਨ ਵਿਚ ਵਿਚਰਦਿਆਂ ਸੁਭਾਵਕ ਹੀ ਗੱਲਾਂ-ਬਾਤਾਂ ਕਰਦੇ ਹੋਣ। ਜੇ ਮੈਂ ਇਹ ਕਹਿ ਲਵਾਂ ਕਿ ਉਸਦੇ ਅਧਿਆਪਕ ਹੋਣ ਦੇ ਤਜ਼ਰਬੇ ਦਾ ਨਚੋੜ ਹਨ, ਤਾਂ ਵੀ ਕੋਈ ਅਤਿਕਥਨੀ ਨਹੀਂ ਹੋਵੇਗੀ। ਸਹਿਜਤਾ ਨਾਲ ਕਹਾਣੀਆਂ ਲਿਖੀਆਂ ਗਈਆਂ ਸਨ, ਜਿਨ੍ਹਾਂ ਵਿਚ ਦਿਹਾਤੀ ਸ਼ਬਦਾਵਲੀ ਦੀ ਵਰਤੋਂ ਕੀਤੀ ਗਈ ਹੈ। ਕਹਾਣੀਆਂ ਪੜ੍ਹਕੇ ਕਈ ਵਾਰ ਏਦਾਂ ਮਹਿਸੂਸ ਹੁੰਦਾ ਹੈ ਕਿ ਪਾਠਕ ਆਪਣੇ ਪਿੰਡ ਦੀ ਸੱਥ ਵਿਚ ਬੈਠਾ ਗੱਲਬਾਤ ਸੁਣ ਰਿਹਾ ਹੈ। ਬਹੁਤੀਆਂ ਕਹਾਣੀਆਂ ਵਿਚ ਦਿਹਾਤੀ ਪ੍ਰਕ੍ਰਿਤਕ ਮਾਹੌਲ ਸਿਰਜਿਆ ਹੋਇਆ ਹੈ। ਇੱਕ ਕਿਸਮ ਨਾਲ ਦਿਹਾਤੀ ਲੋਕਧਾਰਾ ਦੇ ਸਾਰੇ ਰੂਪ ਇਨ੍ਹਾਂ ਕਹਾਣੀਆਂ ਵਿਚ ਵੇਖਣ ਨੂੰ ਮਿਲਦੇ ਹਨ। ਨਿੱਕੇ-ਨਿੱਕੇ ਸਰਲ ਵਾਕਾਂ ਰਾਹੀਂ ਦਿਹਾਤੀ ਅਤੇ ਨੀਮ ਸ਼ਹਿਰੀ ਲੋਕਾਂ ਦੀ ਬੋਲਚਾਲ, ਵਿਵਹਾਰ, ਸਲੀਕਾ, ਰਹਿਣ-ਸਹਿਣ ਤੇ ਸ਼ਿਸ਼ਟਾਚਾਰ ਦੀਆਂ ਉਦਾਹਰਨਾਂ ਮਿਲਦੀਆਂ ਹਨ। ਇਸਤਰੀਆਂ ਦੀ ਮਾਨਸਿਕਤਾ ਦਾ ਮਨੋਵਿਸ਼ਲੇਸ਼ਣ ਬਾਕਮਾਲ ਹੈ। ਲਗਪਗ ਹਰ ਕਹਾਣੀ ਦੇ ਮੁੱਖ ਅਤੇ ਸਹਾਇਕ ਪਾਤਰਾਂ ਭਾਵੇਂ ਇਸਤਰੀ ਹੋਵੇ ਜਾਂ ਮਰਦ ਉਨ੍ਹਾਂ ਦੇ ਮਨੋਵਿਸ਼ਲੇਸ਼ਣ ਕੀਤੇ ਗਏ ਹਨ। ਖਾਸ ਤੌਰ 'ਤੇ ਔਰਤਾਂ ਦਾ ਮਨੋਵਿਸ਼ਲੇਸ਼ਣ ਅਜਿਹੇ ਢੰਗ ਨਾਲ ਕੀਤਾ ਗਿਆ ਹੈ, ਇਉਂ ਲੱਗਦਾ ਹੈ ਜਿਵੇਂ ਹਰ ਔਰਤ ਅਜਿਹੇ ਹਾਲਤ ਵਿਚੋਂ ਲੰਘ ਰਹੀ ਹੈ। ਔਰਤ ਦੀਆਂ ਭਾਵਨਾਵਾਂ ਖਾਸ ਤੌਰ 'ਤੇ ਦਿਹਾਤੀ ਔਰਤਾਂ ਦਾ ਬਹੁਤ ਹੀ ਬਾਰੀਕੀ ਨਾਲ ਵਿਸ਼ਲੇਸ਼ਣ ਕੀਤਾ ਗਿਆ ਹੈ। ਬਹੁਤੀਆਂ ਕਹਾਣੀਆਂ ਸਿੰਬਾਲਿਕ ਢੰਗ ਨਾਲ ਲਿਖੀਆਂ ਗਈਆਂ ਹਨ। 'ਜ਼ਿੰਦਗੀ ਦਾ ਚਿਹਰਾ' ਅਤੇ 'ਭੁੱਖ ਹੀ ਭੁੱਖ' ਦੋਵੇਂ ਕਹਾਣੀਆਂ ਜੰਗ ਦੀ ਬਰਬਾਦੀ ਦੀ ਦਾਸਤਾਂ ਪੇਸ਼ ਕਰਦੀਆਂ ਹਨ। ਵੈਸੇ ਫ਼ੌਜੀ ਜ਼ਿੰਦਗੀ ਨਾਲ ਸੰਬੰਧਤ ਲਗਪਗ ਅੱਧਾ ਦਰਜਨ ਕਹਾਣੀਆਂ ਹਨ। ਫ਼ੌਜੀਆਂ ਦੀਆਂ ਪਤਨੀਆਂ ਦੀਆਂ ਮਨੋਭਾਵਨਾਵਾਂ ਵੀ ਸਿੰਬਾਲਿਕ ਤੌਰ 'ਤੇ ਪ੍ਰਗਟਾਈਆਂ ਗਈਆਂ ਹਨ। ਕਹਾਣੀਆਂ ਵਿਚ ਇਹ ਵੀ ਦਰਸਾਇਆ ਗਿਆ ਹੈ ਕਿ ਬਹੁਤੇ ਮਰਦ ਔਰਤਾਂ ਦੀਆਂ ਭਾਵਨਾਵਾਂ ਦੀ ਆਪਣੀ ਬੇਸਮਝੀ ਕਰਕੇ ਕਦਰ ਨਹੀਂ ਕਰਦੇ, ਉਹ ਔਰਤ ਨੂੰ ਆਪਣੀ ਗ਼ੁਲਾਮ ਹੀ ਸਮਝਦੇ ਹਨ। 'ਸਫ਼ੈਦ ਦਾਗ਼' ਕਹਾਣੀ ਵਿਚ ਕੀਪਾਂ ਦਾ ਵਿਆਹ ਨਾ ਕਰਨਾ, ਉਸਦੀ ਸ਼ਰਾਫ਼ਤ ਅਤੇ ਸਰੀਰ ਵਿਚ ਨੁਕਸ ਹੋਣਾ ਵਿਖਾਇਆ ਗਿਆ ਹੈ। ਅਜਿਹੀ ਸਥਿਤੀ ਵਿਚ ਕੀਪਾਂ ਦੀ ਮਾਨਸਿਕਤਾ ਦੀ ਅਣਵੇਖੀ ਹੋ ਰਹੀ ਹੈ। ਮੁਹੱਬਤ ਦੀ ਤਾਂਘ ਤਾਂ ਹਰ ਔਰਤ ਵਿਚ ਹੁੰਦੀ ਹੈ, ਪ੍ਰੰਤੂ ਕੀਪਾਂ ਦੀਆਂ ਭਾਵਨਾਵਾਂ ਦੀ ਬੇਕਦਰੀ ਹੋ ਰਹੀ ਹੈ। ਉਹ ਆਪਣੀ ਜ਼ੁਬਾਨੀ ਕੁਝ ਵੀ ਕਹਿਣ ਦੀ ਹਿੰਮਤ ਨਹੀਂ ਕਰਦੀ। ਇਸ ਕਹਾਣੀ ਵਿਚ ਔਰਤਾਂ ਸੰਬੰਧੀ ਮਨੋਵਿਸ਼ਲੇਸ਼ਣ ਕਰਕੇ ਔਰਤ ਦੀਆਂ ਭਾਵਨਾਵਾਂ ਦਾ ਪ੍ਰਗਟਾਵਾ ਕੀਤਾ ਹੈ। ਇਸੇ ਤਰ੍ਹਾਂ 'ਨਜ਼ਰਾਂ ਬੋਲਣ' ਕਹਾਣੀ ਵਿਚ ਇਹ ਸਾਬਤ ਕੀਤਾ ਹੈ ਕਿ ਜੇਕਰ ਮੁਹੱਬਤੀ ਸੰਬੰਧ ਸੰਭਾਲੇ ਜਾਣ ਤਾਂ ਬਿਹਤਰ ਹੁੰਦਾ ਹੈ, ਇਸ ਗੱਲ ਨੂੰ ਕਹਾਣੀ ਵਿਚ ਲਿਖਿਆ ਗਿਆ ਹੈ, ਕੁੱਤੇ ਵੀ ਸਮਝਦੇ ਹੋਏ ਕਛਹਿਰੇ ਨੂੰ ਛੱਡ ਦਿੰਦੇ ਹਨ, ਕਿਉਂਕਿ ਜੇਕਰ ਉਹ ਦੋਵੇਂ ਖਿਚਦੇ ਰਹੇ, ਤਾਂ ਉਹ ਲੀਰੋ-ਲੀਰ ਹੋ ਜਾਵੇਗਾ, ਸਮਾਜਿਕ ਸੰਬੰਧ ਵੀ ਇਸੇ ਤਰ੍ਹਾਂ ਸਾਂਭਣੇ ਚਾਹੀਦੇ ਹਨ, ਭਾਵ ਹਰ ਮਸਲੇ ਦਾ ਹੱਲ ਮੁਹੱਬਤ ਹੁੰਦਾ ਹੈ। ਔਰਤ ਨੂੰ ਮਰਦ ਆਪਣੀ ਜਾਗੀਰ ਸਮਝਦੇ ਹਨ। ਗ਼ਰੀਬੀ ਦਾ ਸੰਤਾਪ ਅਤੇ ਆਪਣਿਆਂ ਦੀ ਖਿੱਚ ਦੋਵੇਂ ਰੰਗ ਵੇਖਣ ਨੂੰ ਮਿਲਦੇ ਹਨ। ਇੱਕ ਟੁੱਟਿਆ ਤਾਰਾ ਇਕੱਲਤਾ ਦੀ ਨਿਰਾਸ਼ਤਾ ਵਿਚੋਂ ਰੰਗੀਨ ਜ਼ਿੰਦਗੀ ਦਾ ਪ੍ਰਗਟਾਵਾ ਕਰਦਾ ਹੈ। ਭਾਵ ਆਸ਼ਾਵਾਦੀ ਹੋਣਾ ਸੁਖਦਾਇਕ ਹੁੰਦਾ ਹੈ। ਕਹਾਣੀਕਾਰ ਖ਼ੁਦ ਸਾਹਿਤਕ ਹੋਣ ਕਰਕੇ ਲਗਪਗ ਇੱਕ ਦਰਜਨ ਕਹਾਣੀਆਂ ਵਿਚ ਸਾਹਿਤਕਾਰਾਂ ਦੀ ਜ਼ਿੰਦਗੀ ਦਾ ਵਿਵਰਣ ਜ਼ਰੂਰ ਦਿੰਦਾ ਹੈ। 'ਲੂਣ ਤੇਲ' ਕਹਾਣੀ ਇੱਕ ਸਾਹਿਤਕਾਰ ਦੀ ਜ਼ਿੰਦਗੀ ਵਿਚ ਆਉਣ ਵਾਲੀਆਂ ਪਰਿਵਾਰਿਕ ਪ੍ਰਸਥਿਤੀਆਂ ਦਾ ਪ੍ਰਗਟਾਵਾ ਕੀਤਾ ਗਿਆ ਹੈ। ਸਾਹਿਤਕ ਵਿਅਕਤੀਆਂ ਦੀਆਂ ਆਪਸੀ ਖੁੰਦਕਾਂ ਦੀਆਂ ਤਲਖ ਟਿੱਪਣੀਆਂ ਵੀ ਵੇਖਣ ਨੂੰ ਮਿਲਦੀਆਂ ਹਨ। ਇਹ ਵੀ ਦਰਸਾਇਆ ਗਿਆ ਹੈ ਕਿ ਸਾਹਿਤਕ ਮਸ ਜ਼ਿੰਦਗੀ ਦਾ ਰੁੱਖ ਬਦਲਣ ਵਿਚ ਵੀ ਸਹਾਇਤਾ ਕਰਦੀ ਹੈ। 'ਦੂਸਰਾ ਮੋੜ' ਕਹਾਣੀ ਵਿਚ ਪਿਆਰ ਵਿਚੋਂ ਅਸਫਲ ਰਹਿਣ 'ਤੇ ਘਰੋਂ ਭੱਜੀ ਲੜਕੀ ਰੇਲਵੇ ਸਟੇਸ਼ਨ 'ਤੇ ਬੈਠੀ ਲੈਂਪ ਦੀ ਰੌਸ਼ਨੀ ਵਿਚੋਂ ਆ ਰਹੀਆਂ ਕਿਰਨਾਂ ਨੂੰ ਬਜਰੀ ਦੀਆਂ ਵੱਟੀਆਂ ਮਾਰਕੇ ਕਿਰਨਾਂ ਨਾਲ ਆਪਣੀਆਂ ਭਾਵਨਾਵਾਂ ਦਾ ਅਚੇਤ ਮਨ ਵਿਚ ਮੁਕਾਬਲਾ ਕਰਦੀ ਹੈ, ਕਿਉਂਕਿ ਉਸਦੇ ਪ੍ਰੇਮੀ ਵੱਲੋਂ ਕਿਸੇ ਹੋਰ ਲੜਕੀ ਨਾਲ ਵਿਆਹ ਕਰਵਾਉਣ ਤੋਂ ਬਾਅਦ ਉਸਦੀ ਜ਼ਿੰਦਗੀ ਦੀ ਰੌਸ਼ਨੀ ਮੱਧਮ ਪਈ ਹੋਈ ਹੈ। ਇਸੇ ਕਹਾਣੀ ਵਿਚ ਕਹਾਣੀਕਾਰ ਸਾਹਿਤਕਾਰ ਨੂੰ ਮਿਲਣ ਤੋਂ ਬਾਅਦ ਲੜਕੀ ਦੀ ਜ਼ਿੰਦਗੀ ਵਿਚ ਤਬਦੀਲੀ ਲਿਆ ਦਿੰਦਾ ਹੈ ਤੇ ਉਹ ਘਰ ਵਾਪਸ ਜਾ ਕੇ ਵਿਆਹ ਕਰਵਾਕੇ ਨਵੀਂ ਜ਼ਿੰਦਗੀ ਸ਼ੁਰੂ ਕਰਨ ਦਾ ਸੰਕਲਪ ਕਰਦੀ ਹੈ। ਇਸ ਕਹਾਣੀ ਦਾ ਉਸਾਰੂ ਪੱਖ ਆਤਮ ਹੱਤਿਆ ਨੂੰ ਬੁਜ਼ਦਿਲੀ ਗਰਦਾਨਣਾ ਹੈ। ਇਸੇ ਤਰ੍ਹਾਂ 'ਅੰਗਿਆਰ' ਕਹਾਣੀ ਵਿਚ ਜਿੰਦੀ ਡੱਕੇ ਨਾਲ ਛੋਟੇ-ਛੋਟੇ ਅੰਗਿਆਰਾਂ ਨੂੰ ਬਾਹਰ ਕੱਢਕੇ ਸੇਕਣਾ ਚਾਹੁੰਦੀ ਹੈ, ਪ੍ਰੰਤੂ ਜਿਵੇਂ ਉਸਦੀਆਂ ਭਾਵਨਾਵਾਂ ਦੇ ਅੰਗਿਆਰ ਹਾਲਾਤ ਨੇ ਠੰਡੇ ਕਰ ਦਿੱਤੇ ਹਨ, ਉਸੇ ਤਰ੍ਹਾਂ ਉਹ ਅੱਗ ਦੇ ਅੰਗਿਆਰ ਥੋੜ੍ਹੀ ਦੇਰ ਬਾਅਦ ਠੰਡੇ ਹੋ ਕੇ ਸੁਆਹ ਬਣ ਜਾਂਦੇ ਹਨ। ਇਹ ਅੰਗਿਆਰ ਜਿੰਦੀ ਦੀਆਂ ਭਾਵਨਾਵਾਂ ਦਾ ਸਿੰਬਾਲਿਕ ਪ੍ਰਮਾਣ ਹਨ। ਕੁਝ ਕਹਾਣੀਆਂ ਵਿਚ ਪਿਆਰ ਦੀਆਂ ਪੀਂਘਾਂ ਵੀ ਪਾਈਆਂ ਗਈਆਂ ਹਨ ਪ੍ਰੰਤੂ ਇਹ ਪਿਆਰ ਵੀ ਸਮਾਜਿਕ ਤਬਦੀਲੀ ਦੇ ਸੰਦਰਭ ਵਿਚ ਹਨ। 'ਵਾਰਸ' ਕਹਾਣੀ ਵਿਚ ਗ਼ਰੀਬੀ, ਇਮਾਨਦਾਰੀ ਅਤੇ ਇਨਸਾਨੀਅਤ ਦੀ ਤਸਵੀਰ ਪੇਸ਼ ਕੀਤੀ ਗਈ ਹੈ। 'ਤੀਲਾਂ ਵਾਲੀ ਡੱਬੀ' ਕਹਾਣੀ ਵਿਚ ਧਾਰਮਿਕ ਸਥਾਨਾਂ ਵਿਚ ਦਾਨ ਦੇ ਕੇ ਸਵੈ-ਪ੍ਰਸ਼ੰਸਾ ਪੱਥਰਾਂ 'ਤੇ ਆਪਣੇ ਨਾਮ ਲਿਖਵਾ ਕੇ ਕੀਤੀ ਗਈ ਹੈ, ਜੋ ਧਾਰਮਿਕ ਹੋਣ ਦੀ ਗਵਾਹੀ ਨਹੀਂ ਭਰਦੀ। 'ਫਿਰ ਵੀ ਤੂੰ ਇੰਝ ਆਖਦੀ?' ਕਹਾਣੀ ਖ਼ੁਦਗਰਜ਼ੀ, ਬੇਰੋਜ਼ਗਾਰੀ ਅਤੇ ਆਵਾਜਾਈ ਦੇ ਅਸੂਲਾਂ ਦੀ ਉਲੰਘਣਾ ਸੰਬੰਧੀ ਕਿੰਤੂ-ਪ੍ਰੰਤੂ ਕਰਦੀ ਹੈ। ਇਨਸਾਨੀਅਤ ਪਰ ਲਾ ਕੇ ਉਡ ਗਈ ਤੇ ਲੋਕਾਂ ਵਿਚ ਆਪੋਧਾਪੀ ਦਾ ਬਿਰਤਾਂਤ ਹੈ। 'ਤਕਦੀਰ ਦਾ ਭੇਦ' ਸਮੇਂ ਦੀ ਕਦਰ ਨਾ ਕਰਨ ਅਤੇ ਦੂਜਿਆਂ ਤੋਂ ਕਦਰ ਕਰਨ ਦੀ ਆਸ ਕਰਨਾ ਜਾਇਜ਼ ਨਹੀਂ, ਸਗੋਂ ਸਭ ਨੂੰ ਸਮੇਂ ਦੀ ਕਦਰ ਕਰਨ ਦੀ ਸਲਾਹ ਦਿੰਦੀ ਹੈ। 'ਜ਼ਿੰਦਗੀ ਵਿਕਦੀ ਨਹੀ' ਬਹੁਤ ਹੀ ਭਾਵਪੂਰਤ ਕਹਾਣੀ ਹੈ, ਜਿਹੜੀ ਅਮੀਰਾਂ ਵੱਲੋਂ ਗ਼ਰੀਬ ਔਰਤਾਂ ਦੇ ਸ਼ੋਸ਼ਣ ਦਾ ਪਰਦਾਫਾਸ਼ ਕਰਦੀ ਹੋਈ ਸ਼ੋਸ਼ਣ ਦਾ ਵਿਰੋਧ ਕਰਕੇ ਚੰਨੀ ਬਲਬੀਰ ਦੇ ਥੱਪੜ ਜੜਕੇ ਔਰਤ ਦੀ ਦਲੇਰੀ ਦਾ ਪ੍ਰਗਟਾਵਾ ਕਰਦੀ ਹੈ। ਇਸ ਕਹਾਣੀ ਵਿਚ ਇੱਕ ਮੰਗਤੀ ਦਲਾਲੀ ਕਰਦੀ ਵੀ ਵਿਖਾਈ ਗਈ ਹੈ। 'ਦੋ ਨੋਟ' ਵੀ ਇਸਤਰੀ ਦੇ ਸ਼ੋਸ਼ਣ ਵਿਰੁੱਧ ਬਗਾਵਤ ਦੀ ਦਾਸਤਾਂ ਹੈ। 'ਬੱਦਲ' ਕਹਾਣੀ ਵਿਚ ਵਿਧਵਾਵਾਂ ਨੂੰ ਦੁਬਾਰਾ ਵਿਆਹ ਕਰਾਉਣ ਦਾ ਸਮਾਜ ਵੱਲੋਂ ਵਿਰੋਧ ਵਿਖਾਇਆ ਗਿਆ ਹੈ ਪ੍ਰੰਤੂ ਮਰਦ ਦੁਬਾਰਾ ਵਿਆਹ ਕਰਵਾ ਸਕਦੇ ਹਨ। ਕ੍ਰਿਸ਼ਨਾ ਨੇ ਵਿਧਵਾ ਹੋ ਜਾਣ ਤੋਂ ਬਾਅਦ ਆਪਣੀ ਮਰਜ਼ੀ ਨਾਲ ਜ਼ਿੰਦਗੀ ਜਿਉਣ ਦਾ ਰਾਹ ਅਪਣਾਉਣਾ ਔਰਤ ਦੇ ਹੱਕਾਂ ਦੀ ਵਕਾਲਤ ਹੈ। ਕਹਾਣੀਕਾਰ ਦੇ ਸਪੁੱਤਰ ਵੱਲੋਂ ਆਪਣੇ ਪਿਤਾ ਦੀ ਸਾਹਿਤਕ ਵਿਰਾਸਤ ਨੂੰ ਸਾਂਭਣਾ ਸ਼ੁਭ ਸ਼ਗਨ ਹੈ, ਜੋ ਖੋਜੀ ਵਿਦਿਆਰਥੀਆਂ ਲਈ ਲਾਭਦਾਇਕ ਹੋ ਸਕਦਾ ਹੈ।







**167 ਪੰਨਿਆਂ, 300 ਰੁਪਏ ਕੀਮਤ ਵਾਲੀ ਇਹ ਪੁਸਤਕ ਚੇਤਨਾ ਪ੍ਰਕਾਸ਼ਨ, ਪੰਜਾਬੀ ਭਵਨ ਲੁਧਿਆਣਾ ਨੇ ਪ੍ਰਕਾਸ਼ਤ ਕੀਤੀ ਹੈ।**

*ਮੁੱਖ ਤੌਰ 'ਤੇ ਸਮਾਜਿਕ ਤਾਣੇ-ਬਾਣੇ ਵਿਚ ਔਰਤਾਂ ਨਾਲ ਹੋ ਰਹੀਆਂ ਸਮਾਜਿਕ, ਆਰਥਿਕ ਅਤੇ ਭਾਵਨਾਤਮਕ ਜ਼ਿਆਦਤੀਆਂ ਬਾਰੇ ਹਨ। ਕਹਾਣੀ ਸੰਗ੍ਰਹਿ ਦੀ ਖਾਸੀਅਤ ਇਹ ਹੈ ਕਿ ਇਸ ਦੀ ਸ਼ੈਲੀ ਸਰਲ ਤੇ ਗੱਲਬਾਤੀ ਹੈ, ਜਿਵੇਂ ਦਿਹਾਤੀ ਲੋਕ ਆਪਸ ਵਿਚ ਰੋਜ਼ਮਰ੍ਹਾ ਦੇ ਜੀਵਨ ਵਿਚ ਵਿਚਰਦਿਆਂ ਸੁਭਾਵਕ ਹੀ ਗੱਲਾਂ-ਬਾਤਾਂ ਕਰਦੇ ਹੋਣ। ਜੇ ਮੈਂ ਇਹ ਕਹਿ ਲਵਾਂ ਕਿ ਉਸਦੇ ਅਧਿਆਪਕ ਹੋਣ ਦੇ ਤਜ਼ਰਬੇ ਦਾ ਨਚੋੜ ਹਨ, ਤਾਂ ਵੀ ਕੋਈ ਅਤਿਕਥਨੀ ਨਹੀਂ ਹੋਵੇਗੀ। ਸਹਿਜਤਾ ਨਾਲ ਕਹਾਣੀਆਂ ਲਿਖੀਆਂ ਗਈਆਂ ਸਨ, ਜਿਨ੍ਹਾਂ ਵਿਚ ਦਿਹਾਤੀ ਸ਼ਬਦਾਵਲੀ ਦੀ ਵਰਤੋਂ ਕੀਤੀ ਗਈ ਹੈ। ਕਹਾਣੀਆਂ ਪੜ੍ਹਕੇ ਕਈ ਵਾਰ ਏਦਾਂ ਮਹਿਸੂਸ ਹੁੰਦਾ ਹੈ ਕਿ ਪਾਠਕ ਆਪਣੇ ਪਿੰਡ ਦੀ ਸੱਥ ਵਿਚ ਬੈਠਾ ਗੱਲਬਾਤ ਸੁਣ ਰਿਹਾ ਹੈ। ਬਹੁਤੀਆਂ ਕਹਾਣੀਆਂ ਵਿਚ ਦਿਹਾਤੀ ਪ੍ਰਕ੍ਰਿਤਕ ਮਾਹੌਲ ਸਿਰਜਿਆ ਹੋਇਆ ਹੈ। ਇੱਕ ਕਿਸਮ ਨਾਲ ਦਿਹਾਤੀ ਲੋਕਧਾਰਾ ਦੇ ਸਾਰੇ ਰੂਪ ਇਨ੍ਹਾਂ ਕਹਾਣੀਆਂ ਵਿਚ ਵੇਖਣ ਨੂੰ ਮਿਲਦੇ ਹਨ। ਨਿੱਕੇ-ਨਿੱਕੇ ਸਰਲ ਵਾਕਾਂ ਰਾਹੀਂ ਦਿਹਾਤੀ ਅਤੇ ਨੀਮ ਸ਼ਹਿਰੀ ਲੋਕਾਂ ਦੀ ਬੋਲਚਾਲ, ਵਿਵਹਾਰ, ਸਲੀਕਾ, ਰਹਿਣ-ਸਹਿਣ ਤੇ ਸ਼ਿਸ਼ਟਾਚਾਰ ਦੀਆਂ ਉਦਾਹਰਨਾਂ ਮਿਲਦੀਆਂ ਹਨ। ਇਸਤਰੀਆਂ ਦੀ ਮਾਨਸਿਕਤਾ ਦਾ ਮਨੋਵਿਸ਼ਲੇਸ਼ਣ ਬਾਕਮਾਲ ਹੈ। ਲਗਪਗ ਹਰ ਕਹਾਣੀ ਦੇ ਮੁੱਖ ਅਤੇ ਸਹਾਇਕ ਪਾਤਰਾਂ ਭਾਵੇਂ ਇਸਤਰੀ ਹੋਵੇ ਜਾਂ ਮਰਦ ਉਨ੍ਹਾਂ ਦੇ ਮਨੋਵਿਸ਼ਲੇਸ਼ਣ ਕੀਤੇ ਗਏ ਹਨ। ਖਾਸ ਤੌਰ 'ਤੇ ਔਰਤਾਂ ਦਾ ਮਨੋਵਿਸ਼ਲੇਸ਼ਣ ਅਜਿਹੇ ਢੰਗ ਨਾਲ ਕੀਤਾ ਗਿਆ ਹੈ, ਇਉਂ ਲੱਗਦਾ ਹੈ ਜਿਵੇਂ ਹਰ ਔਰਤ ਅਜਿਹੇ ਹਾਲਤ ਵਿਚੋਂ ਲੰਘ ਰਹੀ ਹੈ।*

# ਕ੍ਰਿਤ੍ਰਿਮ ਬੁੱਧੀ ਦੇ ਯੁੱਗ ਵਿਚ ਅਧਿਆਪਕਾਂ ਦੀ ਵਿਕਾਸਸ਼ੀਲ ਭੂਮਿਕਾ

ਸੁਰਿੰਦਰਪਾਲ ਸਿੰਘ
ਵਿਗਿਆਨ ਅਧਿਆਪਕ
ਸ੍ਰੀ ਅੰਮ੍ਰਿਤਸਰ ਸਾਹਿਬ।
ਪੰਜਾਬ ਮੇਲ USA







ਕ੍ਰਿਤ੍ਰਿਮ ਬੁੱਧੀ (ਏ.ਆਈ.) ਦੀ ਤਰੱਕੀ ਉਦਯੋਗਾਂ ਨੂੰ ਨਵੀਂ ਰੂਪ ਰੇਖਾ ਦੇ ਰਹੀ ਹੈ ਅਤੇ ਮਨੁੱਖੀ ਸਮਰੱਥਾ ਦੀ ਸੀਮਾਵਾਂ ਨੂੰ ਦੁਬਾਰਾ ਪਰਿਭਾਸ਼ਿਤ ਕਰ ਰਹੀ ਹੈ। ਇਸ ਤੇਜ ਰਫਤਾਰੀ ਵਿਕਾਸ ਕਾਰਨ ਅਧਿਆਪਕਾਂ ਦੀ ਭੂਮਿਕਾ ਇੱਕ ਗਹਿਰੇ ਬਦਲਾਅ ਦਾ ਸਾਹਮਣਾ ਕਰ ਰਹੀ ਹੈ। ਦੁਨੀਆਂ ਭਰ ਦੀਆਂ ਜਮਾਤਾਂ ਵਿਚ ਸਿੱਖਿਆਕਾਰ ਨਾ ਸਿਰਫ ਨਵੀਂ ਤਕਨੀਕ ਦਾ ਅਨੁਕੂਲਨ ਕਰ ਰਹੇ ਹਨ, ਸਗੋਂ ਇਸ ਦੀਆਂ ਸੰਭਾਵਨਾਵਾਂ ਨੂੰ ਸਿੱਖਣ ਦੇ ਅਨੁਭਵਾਂ ਨੂੰ ਬਿਹਤਰ ਬਣਾਉਣ ਲਈ ਯਤਨ ਕਰ ਰਹੇ ਹਨ।

## ਸਿੱਖਿਆ ਵਿਚ ਤਕਨੀਕੀ ਬਦਲਾਅ

ਸਿੱਖਿਆ ਵਿਚ ਏ.ਆਈ. ਦੇ ਉਭਾਰ ਨੇ ਗਿਆਨ ਦੇ ਪ੍ਰਦਾਨ ਕਰਨ ਅਤੇ ਉਪਭੋਗ ਕਰਨ ਦੇ ਤਰੀਕੇ ਵਿਚ ਇੱਕ ਇਨਕਲਾਬ ਨੂੰ ਜਨਮ ਦਿੱਤਾ ਹੈ। ਬੁੱਧੀਮਾਨ ਟਿਊਟੋਰਿੰਗ ਪ੍ਰਣਾਲੀਆਂ, ਅਨੁਕੂਲ ਸਿੱਖਣ ਵਾਲੇ ਪਲੇਟਫਾਰਮ ਅਤੇ ਏ.ਆਈ.-ਚਲਾਇਤ ਵਿਸ਼ਲੇਸ਼ਣ ਆਮ ਹੋ ਰਹੇ ਹਨ, ਜੋ ਵਿਦਿਆਰਥੀਆਂ ਦੀਆਂ ਵਿਅਕਤੀਗਤ ਜ਼ਰੂਰਤਾਂ ਦੇ ਅਨੁਸਾਰ ਵਿਅਕਤੀਗਤ ਸਿੱਖਣ ਦੇ ਅਨੁਭਵ ਪ੍ਰਦਾਨ ਕਰਦੇ ਹਨ। ਹਾਲਾਂਕਿ ਇਹ ਉਪਕਰਨ ਵਧ ਰਹੇ ਹਨ, ਪਰ ਸਵਾਲ ਉੱਠਦਾ ਹੈ: ਇਸ ਸਭ ਦਾ ਅਧਿਆਪਕਾਂ ਦੀ ਰਵਾਇਤੀ ਭੂਮਿਕਾ ਲਈ ਕੀ ਮਤਲਬ ਹੈ?

## ਜਾਣਕਾਰੀ ਦੇ ਪ੍ਰਦਾਤਾ ਤੋਂ ਸਿੱਖਣ ਦੇ ਸੁਗਮਕਾਰੀ

ਇਤਿਹਾਸਕ ਤੌਰ 'ਤੇ ਅਧਿਆਪਕਾਂ ਨੂੰ ਗਿਆਨ ਦੇ ਮੁੱਖ ਸਰੋਤਾਂ ਵਜੋਂ ਦੇਖਿਆ ਗਿਆ ਹੈ, ਜੋ ਸਮੱਗਰੀ ਨੂੰ ਪ੍ਰਦਾਨ ਕਰਨ ਅਤੇ ਵਿਦਿਆਰਥੀਆਂ ਦੇ ਪ੍ਰਦਰਸ਼ਨ ਦਾ ਮੁਲਾਂਕਣ ਕਰਨ ਦੇ ਜ਼ਿੰਮੇਵਾਰ ਹਨ। ਹਾਲਾਂਕਿ, ਜਿਵੇਂ-ਜਿਵੇਂ ਏ.ਆਈ. ਇਨ੍ਹਾਂ ਜ਼ਿੰਮੇਵਾਰੀਆਂ ਦੀ ਵੰਡ ਕਰਦਾ ਜਾ ਰਿਹਾ ਹੈ, ਤੁਰੰਤ ਫੀਡਬੈਕ ਪ੍ਰਦਾਨ ਕਰਨਾ ਅਤੇ ਵਿਅਕਤੀਗਤ ਸਿੱਖਣ ਦੇ ਮਾਰਗ ਪ੍ਰਦਾਨ ਕਰਨਾ, ਅਧਿਆਪਕਾਂ ਦੀ ਭੂਮਿਕਾ ਸਿੱਖਣ ਦੇ ਸੁਗਮਕਾਰੀ ਵਜੋਂ ਵਧ ਰਹੀ ਹੈ।

"ਏ.ਆਈ. ਦੇ ਯੁੱਗ ਵਿਚ, ਅਧਿਆਪਕ ਜਾਣਕਾਰੀ ਦੇ ਪ੍ਰਦਾਤਾ ਬਣਨ ਦੀ ਥਾਂ ਮਾਰਗਦਰਸ਼ਕ ਬਣ ਰਹੇ ਹਨ," ਇਹ ਗੱਲ ਸੁਰਿੰਦਰਪਾਲ ਸਿੰਘ ਕਹਿੰਦੇ ਹਨ। "ਉਹ ਮੌਕੇ ਪੈਦਾ ਕਰਨ ਲਈ ਜ਼ਿੰਮੇਵਾਰ ਹਨ, ਜਿੱਥੇ ਵਿਦਿਆਰਥੀਆਂ ਨੂੰ ਆਲੋਚਨਾ ਕਰਨ, ਰਚਨਾਤਮਕਤਾ ਨੂੰ ਵਿਕਸਿਤ ਕਰਨ ਅਤੇ ਸਮਾਜਿਕ-ਭਾਵਨਾਤਮਕ ਹੁਨਰਾਂ ਨੂੰ ਵਿਕਸਤ ਕਰਨ ਦਾ ਮੌਕਾ ਮਿਲਦਾ ਹੈ, ਜਿਸ ਦੀ ਏ.ਆਈ. ਦੁਆਰਾ ਦੁਹਰਾਈ ਨਹੀਂ ਜਾ ਸਕਦੀ।"

## ਅਹੰਕਾਰਿਤ ਮਨੁੱਖੀ ਹੁਨਰਾਂ ਦਾ ਵਿਕਾਸ

ਜਦੋਂ ਕਿ ਏ.ਆਈ. ਡਾਟਾ ਪ੍ਰਕਿਰਿਆ ਕਰਨ ਅਤੇ ਪੈਟਰਨ ਪਛਾਣਨ ਵਿਚ ਮੁਹਾਰਤ ਰੱਖਦਾ ਹੈ, ਇਹ ਸਮਝਦਾਰੀ, ਸਹਿਯੋਗ ਅਤੇ ਨੈਤਿਕ ਤਰੱਕੀ ਵਰਗੇ ਅਹੰਕਾਰਿਤ ਮਨੁੱਖੀ ਹੁਨਰਾਂ ਨੂੰ ਪਾਲਣਾ ਕਰਨ ਵਿਚ ਅਸਫਲ ਹੈ। ਅਧਿਆਪਕ ਇਨ੍ਹਾਂ ਸਮਰੱਥਾਵਾਂ ਨੂੰ ਵਿਕਸਿਤ ਕਰਨ ਵਿਚ ਇੱਕ ਮਹੱਤਵਪੂਰਨ ਭੂਮਿਕਾ ਨਿਭਾਉਂਦੇ ਹਨ, ਜੋ ਇੱਕ ਵਧ ਰਹੇ ਆਟੋਮੇਟਿਡ ਸੰਸਾਰ ਵਿਚ ਸਫਲਤਾ ਲਈ ਮਹੱਤਵਪੂਰਨ ਹਨ।

"ਅਧਿਆਪਕ ਵਿਦਿਆਰਥੀਆਂ ਨੂੰ ਜਟਿਲ ਸਮਾਜਿਕ ਗਤੀਵਿਧੀਆਂ ਅਤੇ ਨੈਤਿਕ ਚੁਣੌਤੀਆਂ ਨਾਲ ਨਿਬਟਣ ਵਿਚ ਮਦਦ ਕਰਨ ਵਿਚ ਮਹੱਤਵਪੂਰਨ ਹਨ," ਡਾ. ਥਾਮਸਨ ਨੇ ਸਮਝਾਇਆ। "ਉਹ ਉਨ੍ਹਾਂ ਵਾਤਾਵਰਨਾਂ ਨੂੰ ਬਣਾਉਂਦੇ ਹਨ, ਜਿੱਥੇ ਵਿਦਿਆਰਥੀ ਅਰਥਪੂਰਨ ਗੱਲਬਾਤਾਂ ਵਿਚ ਸ਼ਾਮਲ ਹੋ ਸਕਦੇ ਹਨ ਅਤੇ ਵੱਖ-ਵੱਖ ਦ੍ਰਿਸ਼ਟੀਕੋਣਾਂ ਤੋਂ ਸਿਖ ਸਕਦੇ ਹਨ।"

## ਜ਼ਿੰਦਗੀ ਭਰ ਸਿੱਖਣ ਨੂੰ ਗਲੇ ਲਗਾਉਣਾ

ਜਿਵੇਂ ਏ.ਆਈ. ਤਕਨਾਲੋਜੀਆਂ ਤੇਜ਼ੀ ਨਾਲ ਵਿਕਸਿਤ ਹੋ ਰਹੀਆਂ ਹਨ, ਅਧਿਆਪਕਾਂ ਲਈ ਵੀ ਇਸਦੀ ਲੋੜ ਹੈ। ਪੇਸ਼ਾਵਰ ਵਿਕਾਸ ਹੁਣ ਪਹਿਲੀ ਵਾਰ ਮਹੱਤਵਪੂਰਨ ਹੈ, ਕਿਉਂਕਿ ਅਧਿਆਪਕਾਂ ਨੂੰ ਨਵੇਂ ਉਪਕਰਨਾਂ ਅਤੇ ਤਕਨੀਕਾਂ ਬਾਰੇ ਜਾਣੂ ਹੋਣਾ ਚਾਹੀਦਾ ਹੈ। ਬਹੁਤ ਸਾਰੇ ਸਿੱਖਿਆ ਸੰਸਥਾਨ ਹੁਣ ਐਸੇ ਚੱਲ ਰਹੇ ਹਨ, ਜੋ ਅਧਿਆਪਕਾਂ ਨੂੰ ਉਨ੍ਹਾਂ ਦੀਆਂ ਸਿੱਖਣ ਦੀਆਂ ਪ੍ਰਥਾਵਾਂ ਵਿਚ ਏ.ਆਈ. ਨੂੰ ਪ੍ਰਭਾਵਸ਼ਾਲੀ ਢੰਗ ਨਾਲ ਸ਼ਾਮਲ ਕਰਨ ਲਈ ਜ਼ਰੂਰੀ ਹੁਨਰ ਪ੍ਰਦਾਨ ਕਰਦੇ ਹਨ।

"ਅਧਿਆਪਕਾਂ ਨੂੰ ਜੀਵਨ ਭਰ ਸਿੱਖਣ ਦੇ ਮਨੋਵਿਗਿਆਨ ਨੂੰ ਗਲੇ ਲਗਾਉਣਾ ਚਾਹੀਦਾ ਹੈ," ਮਾਰਕ ਰੇਨੋਲਡਸ, ਇੱਕ ਦਿਗਜ ਅਧਿਆਪਕ ਨੇ ਕਿਹਾ। "ਆਪਣੇ ਗਿਆਨ ਅਤੇ ਹੁਨਰਾਂ ਨੂੰ ਨਵੀਨੀਕਰਨ ਕਰਕੇ, ਉਹ ਵਿਦਿਆਰਥੀਆਂ ਨੂੰ ਇੱਕ ਐਸੇ ਭਵਿੱਖ ਲਈ ਬਿਹਤਰ ਤੌਰ 'ਤੇ ਤਿਆਰ ਕਰ ਸਕਦੇ ਹਨ, ਜਿੱਥੇ ਅਨੁਕੂਲਤਾ ਮਹੱਤਵਪੂਰਨ ਹੈ।"

## ਅੱਗੇ ਚੁਣੌਤੀਆਂ

ਏ.ਆਈ. ਦੇ ਸਿੱਖਿਆ ਵਿਚ ਉਮੀਦਭਰੀ ਸੰਭਾਵਨਾ ਦੇ ਬਾਵਜੂਦ, ਚੁਣੌਤੀਆਂ ਮੌਜੂਦ ਹਨ। ਡਾਟੇ ਦੀ ਗੋਪਨੀਅਤਾ, ਤਕਨਾਲੋਜੀ ਤੱਕ ਪਹੁੰਚ ਵਿਚ ਸਮਾਨਤਾ ਅਤੇ ਐਲਗੋਰਿਦਮਿਕ ਪੱਖਪਾਤ ਦੇ ਸੰਭਾਵਨਾ ਬਾਰੇ ਚਿੰਤਾਵਾਂ ਦਾ ਹੱਲ ਕੀਤਾ ਜਾਣਾ ਚਾਹੀਦਾ ਹੈ, ਤਾਂ ਜੋ ਏ.ਆਈ. ਹਰ ਵਿਦਿਆਰਥੀ ਲਈ ਨਿਰਪੱਖ ਹੋਵੇ। ਇਸ ਤੋਂ ਇਲਾਵਾ, ਕੁਝ ਅਧਿਆਪਕ ਤਕਨਾਲੋਜੀ 'ਤੇ ਬਹੁਤ ਜ਼ਿਆਦਾ ਨਿਰਭਰਤਾ ਬਾਰੇ ਚਿੰਤਾ ਪ੍ਰਗਟ ਕਰਦੇ ਹਨ। "ਸਾਨੂੰ ਏ.ਆਈ. ਉਪਕਰਨਾਂ ਦੀ ਵਰਤੋਂ ਅਤੇ ਸਿੱਖਿਆ ਵਿਚ ਮਨੁੱਖੀ ਟੱਚ ਨੂੰ ਬਣਾਈ ਰੱਖਣ ਵਿਚ ਸੰਤੁਲਨ ਬਣਾਉਣਾ ਚਾਹੀਦਾ ਹੈ," ਸਰਾਹ ਕਿਮ, ਇੱਕ ਹਾਈ ਸਕੂਲ ਅਧਿਆਪਿਕ ਨੇ ਚੇਤਾਵਨੀ ਦਿੱਤੀ। "ਸਾਡੇ ਵਿਦਿਆਰਥੀਆਂ ਨਾਲ ਜੋ ਨਿੱਜੀ ਸੰਪਰਕ ਬਣਦੇ ਹਨ, ਉਹ ਬਦਲ ਨਹੀਂ ਸਕਦੇ।"

## ਅਧਿਆਪਕਾਂ ਲਈ ਨਵਾਂ ਯੁੱਗ

ਜਿਵੇਂ-ਜਿਵੇ ਅਸੀਂ ਕ੍ਰਿਤ੍ਰਿਮ ਬੁੱਧੀ ਦੇ ਯੁੱਗ ਵਿਚ ਅੱਗੇ ਵੱਧਦੇ ਹਾਂ, ਅਧਿਆਪਕਾਂ ਦੀ ਭੂਮਿਕਾ ਵੀ ਵਿਕਸਿਤ ਹੁੰਦੀ ਰਹੇਗੀ। ਨਵੀਂ ਤਕਨਾਲੋਜੀਆਂ ਨੂੰ ਗਲੇ ਲਗਾਉਂਦੇ ਹੋਏ ਅਤੇ ਅਹੰਕਾਰਿਤ ਮਨੁੱਖੀ ਹੁਨਰਾਂ ਨੂੰ ਪਹਿਲ ਦਿੱਤੇ ਜਾਣ ਨਾਲ, ਸਿੱਖਿਆਕਾਰ ਇਸ ਨਵੇਂ ਦ੍ਰਿਸ਼ਟੀਕੋਣ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਨੈਵੀਗੇਟ ਕਰ ਸਕਦੇ ਹਨ।

ਇਸ ਬਦਲਾਅ ਵਾਲੇ ਯੁੱਗ ਵਿਚ, ਅਧਿਆਪਕ ਬਹੁਤ ਹੀ ਮਹੱਤਵਪੂਰਨ ਰਹਿੰਦੇ ਹਨ। ਉਹ ਸਿਰਫ ਸਿੱਖਿਆਕਾਰ ਨਹੀਂ; ਉਹ ਮੈਨਟਰ, ਸੁਗਮਕਾਰ ਅਤੇ ਜੀਵਨ ਭਰ ਸਿੱਖਣ ਦੇ ਚੈਂਪੀਅਨ ਹਨ, ਵਿਦਿਆਰਥੀਆਂ ਨੂੰ ਇਕ ਵਧ ਰਹੇ ਸੰਸਾਰ ਵਿਚ ਮਾਰਗ ਦਰਸ਼ਿਤ ਕਰਦੇ ਹਨ, ਜਿਸਦਾ ਆਕਾਰ ਤਕਨਾਲੋਜੀ ਦੁਆਰਾ ਬਣਾਇਆ ਗਿਆ ਹੈ। ਜਦੋਂ ਅਸੀਂ ਭਵਿੱਖ ਵੱਲ ਵੇਖਦੇ ਹਾਂ, ਇਹ ਸਾਫ਼ ਹੈ ਕਿ ਸਿੱਖਿਆ ਵਿਚ ਮਨੁੱਖੀ ਤੱਤ ਹਮੇਸ਼ਾ ਨਵੀਂ ਪੀੜ੍ਹੀਆਂ ਦੇ ਸੋਚਵਾਨਾਂ, ਰਚਨਾਤਮਕਤਾ ਅਤੇ ਆਗੂਆਂ ਨੂੰ ਪਾਲਣ ਕਰਨ ਲਈ ਮਹੱਤਵਪੂਰਨ ਹੋਵੇਗਾ।

# ਕੁਦਰਤੀ ਇਲਾਜ ਵੱਲ ਪਰਤਣ ਦੀ ਲੋੜ

ਪ੍ਰੋ. ਕੁਲਬੀਰ ਸਿੰਘ
94171-53513
ਪੰਜਾਬ ਮੇਲ USA



ਬਾਗ਼ ਬਗੀਚੇ ਤੇ ਰਸੋਈ ਦਾ ਇਲਾਜ, ਲੈਬ ਦੇ ਇਲਾਜ ਨਾਲੋਂ ਬਿਹਤਰ ਹੈ। ਪੁਰਾਣੇ ਸਮਿਆਂ ਤੋਂ ਕੁਦਰਤੀ ਇਲਾਜ ਨੂੰ ਭਰੋਸੇਮੰਦ ਮੰਨਿਆ ਜਾਂਦਾ ਰਿਹਾ।

ਪਰੰਤੂ ਨਵੀਆਂ ਖੋਜਾਂ, ਨਵੀਆਂ ਲੱਭਤਾਂ, ਨਵੀਂ ਸਮਝ, ਨਵਾਂ ਗਿਆਨ ਸਾਨੂੰ ਤੇਜ਼ੀ ਨਾਲ ਪ੍ਰੋਸੈਸਡ ਇਲਾਜ ਵੱਲ ਲੈ ਗਏ। ਲੈਬ ਵਿਚ ਤਿਆਰ ਕੀਤੀਆਂ ਦਵਾਈਆਂ ਨਾਲ ਕੀਤੇ ਜਾਂਦੇ ਆਧੁਨਿਕ ਇਲਾਜ-ਢੰਗ ਦੇ ਮਹੱਤਵ ਨੂੰ ਕਿਸੇ ਵੀ ਤਰ੍ਹਾਂ ਘਟਾ ਕੇ ਨਹੀਂ ਵੇਖਿਆ ਜਾ ਸਕਦਾ। ਪਰੰਤੂ ਇਕ ਗੱਲ ਸਪੱਸ਼ਟ ਹੈ ਕਿ ਲੈਬ ਵਿਚ ਤਿਆਰ ਹੋਈਆਂ ਦਵਾਈਆਂ ਬਿਮਾਰੀ ਨੂੰ ਦਬਾ ਕੇ ਆਰਜੀ ਰਾਹਤ ਦਿੰਦੀਆਂ ਹਨ ਅਤੇ ਕੁਦਰਤੀ ਢੰਗ-ਤਰੀਕੇ ਬਿਮਾਰੀ ਨੂੰ ਖ਼ਤਮ ਕਰਕੇ ਸਿਹਤਮੰਦ ਜੀਵਨ ਜਿਊਣ ਦੇ ਮੌਕੇ ਮੁਹੱਈਆ ਕਰਦੇ ਹਨ। ਜੀਵਨ ਦੀ ਗੁਣਵਤਾ ਵਧਾਉਂਦੇ ਹਨ। ਜੀਵਨ ਲੰਮੇਰਾ ਕਰਦੇ ਹਨ। ਇਹ ਗੱਲ ਵੀ ਪੱਕੀ ਹੈ ਕਿ ਹਰੇਕ ਮਰੀਜ਼ ਆਧੁਨਿਕ ਇਲਾਜ ਦੇ ਨਾਲ-ਨਾਲ ਪੁਰਾਤਨ ਢੰਗ-ਤਰੀਕੇ ਅਤੇ ਘਰੇਲੂ ਉਪਚਾਰ ਵੀ ਜਾਰੀ ਰੱਖਦਾ ਹੈ। ਕਈ ਵਾਰ ਦੋਹਾਂ ਦਾ ਸੁਮੇਲ ਬਿਹਤਰ ਨਤੀਜੇ ਦੇਣ ਵਿਚ ਸਹਾਈ ਹੁੰਦਾ ਹੈ।

ਹੈਰਾਨੀ ਵਾਲੀ ਗੱਲ ਹੈ ਕਿ ਲੰਮੀ ਖੋਜ-ਪੜਤਾਲ, ਲੰਮੇ ਪ੍ਰਾਸੈਸ ਅਤੇ ਵੱਡੇ ਖਰਚੇ ਉਪਰੰਤ ਜਿਹੜਾ ਇਲਾਜ ਲੱਭਿਆ ਜਾਂਦਾ ਹੈ, ਉਹ ਇਲਾਜ ਤਾਂ ਪਹਿਲਾਂ ਹੀ ਸਾਡੀ ਘਰੇਲੂ ਬਗੀਚੀ, ਸਾਡੀ ਰਸੋਈ ਵਿਚ ਪਿਆ ਹੈ। ਜਾਂ ਸਾਨੂੰ ਜਾਣਕਾਰੀ ਤੇ ਗਿਆਨ ਨਹੀਂ ਹੈ ਜਾਂ ਅਸੀਂ ਅਵੇਸਲੇ ਹੋਏ ਰਹਿੰਦੇ ਹਾਂ। ਸ਼ੀਸ਼ੀ ਵਿਚੋਂ ਗੋਲੀ ਕੱਢ ਕੇ ਖਾਣੀ ਸੌਖੀ ਹੈ, ਸਿਹਤਮੰਦ ਜੀਵਨ-ਸ਼ੈਲੀ ਧਾਰਨ ਕਰਨੀ ਔਖੀ ਹੈ। ਸਿਆਣੇ ਤਾਂ ਸੈਂਕੜੇ ਸਾਲ ਪਹਿਲਾਂ ਕਹਿ ਗਏ - ਇਲਾਜ ਨਾਲੋਂ ਪਰਹੇਜ਼ ਚੰਗਾ।

ਲਸਣ, ਅਦਰਕ, ਹਲਦੀ, ਪਿਆਜ, ਟਮਾਟਰ, ਕਾਲੀ ਮਿਰਚ, ਲਾਲ ਮਿਰਚ, ਧਨੀਆ, ਨਿੰਬੂ, ਆਵਲਾ ਆਦਿ ਦੇ ਸਿਹਤ-ਲਾਭ ਅਨੇਕਾਂ ਵਾਰ ਪਰਖੇ ਜਾ ਚੁੱਕੇ ਹਨ।

ਅਜੋਕਾ ਸਮਾਜ ਅੱਜ ਕੁਦਰਤੀ ਇਲਾਜ-ਪ੍ਰਣਾਲੀਆਂ ਅਤੇ ਢੰਗ-ਤਰੀਕਿਆਂ ਪ੍ਰਤੀ ਚੇਤੰਨ ਹੋ ਰਿਹਾ ਹੈ। ਇਸਦੇ ਬਹੁਤ ਸਾਰੇ ਕਾਰਨ ਹਨ। ਆਧੁਨਿਕ ਜੀਵਨ-ਸ਼ੈਲੀ ਕਾਰਨ ਜਿੱਥੇ ਬਿਮਾਰੀਆਂ ਤੇਜ਼ੀ ਨਾਲ ਵਧੀਆਂ ਹਨ, ਉਥੇ ਡਾਕਟਰਾਂ, ਟੈਸਟਾਂ ਅਤੇ ਹਸਪਤਾਲਾਂ ਦੇ ਚੱਕਰ ਵਿਚ ਸਮੇਂ ਅਤੇ ਧਨ ਦੀ ਬਰਬਾਦੀ ਵੀ ਵਧੀ ਹੈ। ਨਤੀਜੇ ਵਜੋਂ ਬਹੁਗਿਣਤੀ ਲੋਕ ਸਿਹਤ ਅਤੇ ਖ਼ੁਰਾਕ, ਸਿਹਤ ਅਤੇ ਜੀਵਨ-ਸ਼ੈਲੀ ਪ੍ਰਤੀ ਪਹਿਲਾਂ ਨਾਲੋਂ ਵਧੇਰੇ ਸੁਚਤ ਹੋਏ ਹਨ।

ਜੇ ਤੁਸੀਂ ਚਿੰਤਾ ਨਹੀਂ ਕਰਦੇ, ਜੇ ਤੁਸੀਂ ਤਣਾਅ ਵਿਚ ਨਹੀਂ ਰਹਿੰਦੇ, ਜੇ ਤੁਸੀਂ 7-8 ਘੰਟੇ ਦੀ ਚੰਗੀ ਗੂੜ੍ਹੀ ਨੀਂਦ ਲੈਂਦੇ ਹੋ, ਜੇ ਤੁਸੀਂ ਸੈਰ ਕਸਰਤ ਕਰਦੇ ਹੋ, ਜੇ ਤੁਸੀਂ ਸਿਹਤਮੰਦ-ਸੰਤੁਲਿਤ ਖ਼ੁਰਾਕ ਖਾਂਦੇ ਹੋ, ਤਾਂ ਤੁਸੀਂ ਬਹੁਤ ਸਾਰੀਆਂ ਬਿਮਾਰੀਆਂ ਤੋਂ ਬਚ ਸਕਦੇ ਹੋ। ਜੇ ਤੁਸੀਂ ਸਿਹਤਮੰਦ ਜੀਵਨ-ਸ਼ੈਲੀ ਧਾਰਨ ਕੀਤੀ ਹੋਈ ਹੈ, ਤਾਂ ਤੁਸੀਂ ਜੀਵਨ-ਸ਼ੈਲੀ ਨਾਲ ਜੁੜੀਆਂ ਬਿਮਾਰੀਆਂ ਤੋਂ ਬਚੇ ਰਹੋਗੇ।

ਸਾਡੀ ਕਿਚਨ ਅਤੇ ਕਿਆਰੀ ਵਿਚ ਬਹੁਤ ਕੁਝ ਅਜਿਹਾ ਹੈ, ਜਿਹੜਾ ਸਿਹਤਮੰਦ ਜੀਵਨ ਲਈ ਬੜਾ ਕਾਰਗਰ, ਬੜਾ ਸਹਾਇਕ ਸਿੱਧ ਹੁੰਦਾ ਹੈ। ਕਿਚਨ ਅਤੇ ਕਿਆਰੀ ਵੱਲ ਥੋੜ੍ਹਾ ਹੋਰ ਧਿਆਨ ਦੇ ਕੇ ਅਸੀਂ ਇਨ੍ਹਾਂ ਨੂੰ ਹੋਰ ਕਾਰਗਰ, ਹੋਰ ਸਹਾਇਕ ਬਣਾ ਸਕਦੇ ਹਾਂ। ਕਾਫ਼ੀ ਹੱਦ ਤੱਕ ਦਵਾਈਆਂ ਤੋਂ, ਡਾਕਟਰਾਂ ਤੋਂ, ਹਸਪਤਾਲਾਂ ਤੋਂ ਦੂਰ ਰਹਿ ਸਕਦੇ ਹਾਂ।

ਗੈਰ ਸਿਹਤਮੰਦ ਆਧੁਨਿਕ ਜੀਵਨ-ਸ਼ੈਲੀ ਨੇ ਸਾਡੀ ਸਰੀਰਕ ਮਾਨਸਿਕ ਸਿਹਤ ਦਾ ਬਹੁਤ ਨੁਕਸਾਨ ਕੀਤਾ ਹੈ। ਰਹਿੰਦੀ ਕਸਰ ਗਲਤ ਆਹਾਰ-ਵਿਚਾਰ ਨੇ ਪੂਰੀ ਕਰ ਦਿੱਤੀ। ਜਿਹੜੇ ਮਰੀਜ਼ ਕੁਦਰਤੀ ਇਲਾਜ ਅਤੇ ਸਿਹਤਮੰਦ ਜੀਵਨ-ਸ਼ੈਲੀ ਅਪਣਾ ਲੈਂਦੇ ਹਨ, ਉਹ ਮੁਕਾਬਲਤਨ ਜਲਦੀ ਤੰਦਰੁਸਤ ਹੁੰਦੇ ਵੇਖੇ ਗਏ ਹਨ।

ਚੰਗਾ ਪਹਿਲੂ ਇਹ ਹੈ ਕਿ ਕੁਦਰਤੀ ਇਲਾਜ ਦੇ ਜਿੰਨੇ ਵੀ ਸਰੋਤ ਹਨ, ਉਹ ਆਸਾਨੀ ਨਾਲ ਉਪਲਬਧ ਹਨ, ਸਾਡੀ ਪਹੁੰਚ ਵਿਚ ਹਨ। ਸਮਝ ਕੇ, ਅਨੁਸ਼ਾਸਨ ਵਿਚ ਰਹਿੰਦਿਆਂ ਸ਼ੁਰੂਆਤ ਕਰਨ ਦੀ ਲੋੜ ਹੈ। ਕੁਝ ਦਿਨਾਂ, ਹਫ਼ਤਿਆਂ ਵਿਚ ਅਸਰ ਨਜ਼ਰ ਆਉਣ ਲੱਗਦਾ ਹੈ। ਜਿਵੇਂ ਸਿਆਣੇ ਕਹਿੰਦੇ ਹਨ ਹਿੰਙ ਲੱਗੇ ਨਾ ਫਟਕੜੀ ਰੰਗ ਵੀ ਆਵੇ ਚੋਖਾ। ਨਾ ਖਰਚਾ ਨਾ ਖੇਚਲ ਪਰੰਤੂ ਤਨ ਮਨ ਨਵਾਂ ਨਰੋਆ। ਸਹੀ ਮਾਤਰਾ ਵਿਚ ਵਰਤਣ 'ਤੇ ਇਨ੍ਹਾਂ ਦੇ ਦੁਰ-ਪ੍ਰਭਾਵ ਵੀ ਨਾ-ਮਾਤਰ ਹਨ।

ਵਿਸ਼ਵ ਸਿਹਤ ਸੰਗਠਨ ਦੀ ਰਿਪੋਰਟ ਅਨੁਸਾਰ ਵਿਸ਼ਵ ਦੇ ਬਹੁਗਿਣਤੀ ਲੋਕ ਕੁਦਰਤੀ ਇਲਾਜ ਪ੍ਰਣਾਲੀ ਵਿਚ ਵਿਸ਼ਵਾਸ ਰੱਖਦੇ ਹਨ ਅਤੇ ਇਸਨੂੰ ਤਰਜੀਹ ਦਿੰਦੇ ਹਨ। ਵਿਸ਼ਵ ਸਿਹਤ ਸੰਗਠਨ ਇਸਨੂੰ ਮਾਨਤਾ ਦਿੰਦਾ ਹੈ ਅਤੇ ਇਸਦੀ ਭੂਮਿਕਾ ਨੂੰ ਉਤਸ਼ਾਹਿਤ ਕਰਨ ਦੀ ਇੱਛਾ ਰੱਖਦਾ ਹੈ। ਸੰਗਠਨ ਦੀ ਇੱਛਾ ਹੈ ਕਿ ਉਨ੍ਹਾਂ ਮੁਲਕਾਂ ਦੀ ਇਸ ਖੇਤਰ ਵਿਚ ਸਹਾਇਤਾ ਕੀਤੀ ਜਾਵੇ, ਜਿਹੜੇ ਕੁਦਰਤੀ ਇਲਾਜ ਪ੍ਰਣਾਲੀ ਵਿਚ ਵਿਸ਼ਵਾਸ ਰੱਖਦੇ ਹਨ। ਸੰਗਠਨ ਚਾਹੁੰਦਾ ਹੈ ਕਿ ਇਸਨੂੰ ਵਧੇਰੇ ਸਰੱਖਿਅਤ ਤੇ ਪ੍ਰਭਾਵਸ਼ਾਲੀ ਢੰਗ ਨਾਲ ਅਮਲ ਵਿਚ ਲਿਆਂਦਾ ਜਾਵੇ। ਇਸ ਲਈ ਉਸਨੇ ਉਨ੍ਹਾਂ ਦੇਸ਼ਾਂ, ਸੰਸਥਾਵਾਂ ਦੀ ਸਹਾਇਤਾ ਆਰੰਭ ਕੀਤੀ ਹੈ, ਤਾਂ ਜੋ ਵਿਗਿਆਨਕ ਲੀਹਾਂ 'ਤੇ ਚੱਲਦਿਆਂ ਕੁਦਰਤੀ ਇਲਾਜ ਪ੍ਰਣਾਲੀ ਅਤੇ ਉਸਦੇ ਪ੍ਰਭਾਵਾਂ ਨੂੰ ਸਮਝਣ ਲਈ ਖੋਜ-ਕਾਰਜ ਨੂੰ ਹੋਰ ਅਗੇਰੇ ਵਧਾਇਆ ਜਾ ਸਕੇ। ਕਿਉਂਕਿ 'ਕੁਦਰਤੀ' ਦਾ ਅਰਥ ਹਰ ਵੇਲੇ ਸਰੱਖਿਅਤ ਨਹੀਂ ਹੁੰਦਾ।

ਇਕ ਅਨੁਮਾਨ ਅਨੁਸਾਰ ਧਰਤੀ 'ਤੇ 50000 ਤੋਂ 70000 ਤੱਕ ਹਰਬਲ ਪੌਦੇ (ਮੈਡੀਕਲ ਪਲਾਂਟਸ) ਹਨ, ਜਿਨ੍ਹਾਂ ਦੀ ਇਲਾਜ ਲਈ ਜਾਂ ਦਵਾਈਆਂ ਲਈ ਵਰਤੋਂ ਕੀਤੀ ਜਾਂਦੀ ਹੈ। ਇਨ੍ਹਾਂ ਤੋਂ ਇਲਾਵਾ ਬਹੁਤ ਸਾਰੇ ਪੌਦੇ ਹਨ, ਜਿਨ੍ਹਾਂ ਦੇ ਮੈਡੀਕਲ ਮਹੱਤਵ ਸੰਬੰਧੀ ਅਜੇ ਖੋਜ-ਪੜਤਾਲ ਜਾਰੀ ਹੈ। ਕੇਵਲ ਭਾਰਤ ਵਿਚ ਹੀ 8000 ਤੋਂ ਵਧੇਰੇ ਹਰਬਲ ਪੌਦੇ ਹਨ। ਵਿਸ਼ਵ ਸਿਹਤ ਸੰਗਠਨ ਅਨੁਸਾਰ 21000 ਦੇ ਕਰੀਬ ਪੌਦਿਆਂ ਦੀ ਇਲਾਜ ਮਨੋਰਥ ਲਈ ਵਰਤੋਂ ਹੋ ਰਹੀ ਹੈ। ਫੂਡ ਐਂਡ ਐਗਰੀਕਲਚਰ ਔਰਗੇਨਾਈਜੇਸ਼ਨ (ਐੱਫ.ਏ.ਓ.) ਅਨੁਸਾਰ ਦੁਨੀਆਂ ਭਰ ਵਿਚ 50000 ਪੌਦਿਆਂ ਦੀ ਦਵਾਈਆਂ ਵਿਚ ਵਰਤੋਂ ਹੋ ਰਹੀ ਹੈ।

ਕੈਨੇਡਾ, ਆਸਟਰੇਲੀਆ, ਚੀਨ, ਭਾਰਤ, ਇੰਡੋਨੇਸ਼ੀਆ, ਮਲੇਸ਼ੀਆ, ਨਿਪਾਲ, ਪਾਕਿਸਤਾਨ, ਸ੍ਰੀ ਲੰਕਾ, ਥਾਈਲੈਂਡ, ਅਮਰੀਕਾ, ਵੀਅਤਨਾਮ, ਯੂਰਪੀਅਨ ਦੇਸ਼ ਆਦਿ ਉਨ੍ਹਾਂ ਮੁਲਕਾਂ ਵਿਚ ਸ਼ਾਮਲ ਹਨ, ਜਿੱਥੇ ਹਰਬਲ ਪੌਦਿਆਂ ਦੀ ਇਲਾਜ ਲਈ ਵਧੇਰੇ ਵਰਤੋਂ ਕੀਤੀ ਜਾਂਦੀ ਹੈ।

ਇਸ ਸੰਬੰਧ ਵਿਚ ਹਜ਼ਾਰਾਂ ਖੋਜ-ਪੇਪਰ ਪ੍ਰਕਾਸ਼ਿਤ ਹੋ ਚੁੱਕੇ ਹਨ। ਅਨੇਕਾਂ ਖੋਜ-ਵਿਦਿਆਰਥੀਆਂ ਨੇ ਖੋਜ-ਕਾਰਜ ਮੁਕੰਮਲ ਕਰਕੇ ਉੱਚ-ਪੱਧਰ ਦੀਆਂ ਡਿਗਰੀਆਂ ਪ੍ਰਾਪਤ ਕੀਤੀਆਂ ਹਨ।

ਦੁਨੀਆਂ ਭਰ ਦੇ ਲੋਕ ਕੁਦਰਤੀ ਇਲਾਜ-ਪ੍ਰਣਾਲੀ ਅਤੇ ਹਰਬਲ ਪੌਦਿਆਂ ਦੇ ਸੇਵਨ ਪ੍ਰਤੀ ਸੁਚੇਤ ਹੋ ਰਹੇ ਹਨ। ਇਹ ਰੁਝਾਨ ਵਿਕਾਸਸ਼ੀਲ ਅਤੇ ਵਿਕਸਿਤ ਦੋਹਾਂ ਤਰ੍ਹਾਂ ਦੇ ਦੇਸ਼ਾਂ ਵਿਚ ਵੇਖਣ ਨੂੰ ਮਿਲ ਰਿਹਾ ਹੈ। ਫਰਾਂਸ, ਜਰਮਨੀ, ਇਟਲੀ, ਇੰਗਲੈਂਡ ਜਿਹੇ ਮੁਲਕ ਵੀ ਵਿਸ਼ੇਸ਼ ਰੁਚੀ ਵਿਖਾ ਰਹੇ ਹਨ। ਕੋਵਿਡ-19 ਨੇ ਇਸ ਰੁਝਾਨ ਨੂੰ ਹੋਰ ਤੇਜ਼ ਕੀਤਾ ਹੈ।

ਅਫ਼ਰੀਕਾ ਵਰਗੇ ਮੁਲਕਾਂ ਵਿਚ ਮੁੱਢਲੀ ਸਿਹਤ ਸੰਭਾਲ ਲਈ 70 ਤੋਂ 80 ਪ੍ਰਤੀਸ਼ਤ ਲੋਕ ਕੁਦਰਤੀ ਇਲਾਜ 'ਤੇ ਨਿਰਭਰ ਹਨ ਜਾਂ ਇਸਨੂੰ ਤਰਜੀਹ ਦਿੰਦੇ ਹਨ।

ਭਾਰਤੀ ਕਿਸਾਨ ਇਸ ਖੇਤਰ ਦੀ ਜਾਣਕਾਰੀ ਹਾਸਲ ਕਰਕੇ, ਇਸ ਉਦਯੋਗ ਨਾਲ ਤਾਲਮਲ ਕਰਕੇ, ਹਰਬਲ ਪੌਦਿਆਂ ਦੀ ਖੇਤੀ ਨਾਲ ਜੁੜ ਕੇ ਆਪਣੀ ਆਮਦਨ ਵਿਚ ਵੱਡਾ ਵਾਧਾ ਕਰ ਸਕਦੇ ਹਨ। ਦੁਨੀਆਂ ਵਿਚ ਬਹੁਤ ਸਾਰੇ ਇਲਾਕੇ ਹਨ, ਜਿੱਥੋਂ ਦੇ ਕਿਸਾਨ ਭਾਈਚਾਰੇ ਨੂੰ 50 ਪ੍ਰਤੀਸ਼ਤ ਆਮਦਨ ਮੈਡੀਕਲ ਪੌਦਿਆਂ ਨੂੰ ਵੇਚਣ ਨਾਲ ਹੁੰਦੀ ਹੈ। ਤਨਜਾਨੀਆਂ ਅਤੇ ਮੋਰੱਕੋ ਜਿਹੇ ਦੇਸ਼ ਮੈਡੀਕਲ ਪੌਦਿਆਂ ਦੇ ਵਿਉਪਾਰ ਤੋਂ ਵੱਡੀਆਂ ਰਕਮਾਂ ਕਮਾਉਂਦੇ ਹਨ। ਅਫ਼ਰੀਕਨ ਹਰਬਲ ਦਵਾਈਆਂ ਦਾ ਉਦਯੋਗ ਵਿਸ਼ਵ ਪੱਧਰ 'ਤੇ ਆਪਣੀ ਪਛਾਣ ਸਥਾਪਤ ਕਰ ਰਿਹਾ ਹੈ।

ਮਨੁੱਖੀ ਮਨ, ਮਨੁੱਖੀ ਸਰੀਰ ਦੀ ਬਣਤਰ ਅਜਿਹੀ ਹੈ ਕਿ ਇਸਦੀ ਕੁਦਰਤ ਵੱਲ ਪਰਤਣ ਵਿਚ ਹੀ ਬਿਹਤਰੀ ਹੈ। ਜਿੰਨਾ ਇਹ ਕੈਮੀਕਲਾਂ ਤੋਂ ਬਚਿਆਂ ਰਹੇਗਾ, ਓਨੀ ਮਾਨਸਿਕ ਸਰੀਰਕ ਸਿਹਤ ਸਹੀ ਰਹੇਗੀ।

# ਈ-ਮੇਲ ਧੋਖਾਧੜੀ! ਤੁਸੀਂ ਬਲਾਤਕਾਰੀ ਵੀ ਹੋ ਅਤੇ ਤੁਸੀਂ ਕਾਤਲ ਵੀ ...ਜ਼ਰਾਂ ਬੱਚ ਕੇ




ਗੁਰਪ੍ਰੀਤ ਸਿੰਘ
95698-20314
ਪੰਜਾਬ ਮੇਲ USA




ਸਾਨੂੰ ਰੋਜ਼ਾਨਾ ਹੀ ਅਨੇਕਾਂ ਈਮੇਲ ਅਜਿਹੀਆਂ ਆਉਂਦੀਆਂ ਹਨ, ਜਿਨ੍ਹਾਂ ਦਾ ਸਾਡੇ ਨਾਲ ਕੋਈ ਵਾਹ-ਵਾਸਤਾ ਨਹੀਂ ਹੁੰਦਾ। ਭਾਵੇਂ ਕਿ ਸਾਡੀ ਈਮੇਲ ਐਡਰੈੱਸ ਸਾਡੇ ਜਾਣਕਾਰਾਂ ਜਾਂ ਫਿਰ ਸਾਡੇ ਦਫ਼ਤਰ ਵਾਲਿਆਂ ਨੂੰ ਹੀ ਪਤਾ ਹੁੰਦਾ ਹੈ। ਪਰ ਫਿਰ ਵੀ ਕੁੱਝ ਅਜਿਹੇ ਲੋਕ ਵੀ ਇਸ ਧਰਤੀ 'ਤੇ ਮੌਜੂਦ ਹਨ, ਜਿਨ੍ਹਾਂ ਕੋਲ ਸਾਡੇ ਈ-ਮੇਲ ਐਡਰੈੱਸ ਅਤੇ ਮੋਬਾਈਲ ਨੰਬਰ ਮੌਜੂਦ ਹਨ, ਜੋ ਸਮੇਂ-ਸਮੇਂ 'ਤੇ ਸਾਨੂੰ ਐਕਸੈੱਸ ਕਰਦੇ ਰਹਿੰਦੇ ਨੇ। ਭਾਵੇਂ ਕਿ ਸਾਨੂੰ ਇਹ ਨਹੀਂ ਪਤਾ ਕਿ ਇਹ ਈ-ਮੇਲ ਐਡਰੈੱਸ ਅਤੇ ਮੋਬਾਈਲ ਨੰਬਰ ਕੌਣ ਅਤੇ ਕਿਵੇਂ ਲੀਕ ਕਰਦਾ ਹੈ, ਪਰ ਇੰਨਾ ਜ਼ਰੂਰ ਮੰਨਿਆ ਜਾਂਦਾ ਹੈ ਕਿ ਕੁੱਝ ਅਜਿਹੀਆਂ ਕੰਪਨੀਆਂ ਹਨ, ਜੋ ਡਾਟਾ ਚੋਰੀ ਕਰਕੇ ਇੱਧਰ ਤੋਂ ਉੱਧਰ ਕਰਦੀਆਂ ਹਨ। ਈ-ਮੇਲ ਜਰੀਏ ਧੋਖਾਧੜੀ ਹੋਣਾ, ਕੋਈ ਸਿੱਧਾ ਢੰਗ ਤਰੀਕਾ ਨਹੀਂ ਹੈ।

ਈ-ਮੇਲ ਜ਼ਰੀਏ ਉਹੀ ਲੋਕ ਧੋਖਾਧੜੀ ਕਰ ਸਕਦੇ ਹਨ, ਜਿਨ੍ਹਾਂ ਨੂੰ ਗੂਗਲ ਅਤੇ ਸਾਹਮਣੇ ਬੈਠੇ ਜੀ-ਮੇਲ ਚਲਾ ਰਹੇ ਵਿਅਕਤੀ ਦਾ ਸਭ ਅਤਾ-ਪਤਾ ਹੁੰਦਾ ਹੈ। ਹਵਾ ਵਿਚ ਛੱਡਿਆ ਗਿਆ ਤੀਰ, ਕਦੋਂ ਨਿਸ਼ਾਨੇ 'ਤੇ ਲੱਗ ਜਾਵੇ, ਕੁੱਝ ਪਤਾ ਨਹੀਂ ਲੱਗਦਾ। ਬੇਸ਼ੱਕ ਅਸੀਂ ਲੋਕ ਕਹਿੰਦੇ ਹਾਂ ਕਿ ਫਲਾਣੇ ਨੇ ਹਵਾ ਵਿਚ ਤੀਰ ਛੱਡਿਆ, ਮਤਲਬ ਕਿ ਅਜਿਹੀਆਂ ਗੱਲਾਂ ਨੂੰ ਮਜ਼ਾਕ ਵਿਚ ਹੀ ਲਿਆ ਜਾਂਦਾ ਹੈ। ਪਰ ਇਹ ਬਿਲਕੁਲ ਅਸਲੀਅਤ ਹੈ। ਹੈਕਰਾਂ ਦੁਆਰਾ ਲਗਾਤਾਰ ਕੀਤੇ ਜਾ ਰਹੇ ਈ-ਮੇਲ ਫਰਾਡ ਦਾ ਪਰਦਾਫਾਸ਼ ਪੁਲਿਸ ਅਤੇ ਸਾਈਬਰ ਸੈੱਲ ਸਮੇਂ ਸਮੇਂ 'ਤੇ ਕਰਦਾ ਰਹਿੰਦਾ ਹੈ, ਪਰ ਫਿਰ ਵੀ ਉਕਤ ਠੱਗਾਂ ਦਾ ਗੈਂਗ ਪਤਾ ਨਹੀਂ ਕਿੱਡਾ ਵੱਡਾ ਹੈ ਕਿ ਉਹ ਕਿਸੇ ਦੇ ਹੱਥ ਹੀ ਨਹੀਂ ਆ ਰਿਹਾ। ਰੋਜ਼ਾਨਾ ਹੀ ਨਿੱਤ ਨਵੇਂ ਕੇਸ ਸਾਹਮਣੇ ਆ ਰਹੇ ਹਨ।

ਕੁੱਝ ਦਿਨ ਪਹਿਲਾਂ ਹੀ ਮੈਨੂੰ ਇੱਕ ਈ-ਮੇਲ ਆਈ, ਜਿਸ ਵਿਚ ਲਿਖਿਆ ਗਿਆ ਕਿ ਮੇਰੇ ਮੋਬਾਈਲ ਰਾਹੀਂ ਕੁੱਝ ਅਸ਼ਲੀਲ ਕੰਟੈਂਟ ਵਾਇਰਲ ਕੀਤਾ ਗਿਆ ਹੈ। ਇਸ ਤੋਂ ਇਲਾਵਾ ਉਕਤ ਈਮੇਲ ਵਿਚ ਇਹ ਵੀ ਲਿਖਿਆ ਗਿਆ ਕਿ ਤੁਸੀਂ ਅਸ਼ਲੀਲ ਕੰਟੈਂਟ ਦੇ ਨਾਲ-ਨਾਲ ਕੋਈ ਕਤਲ ਵੀ ਕੀਤਾ ਹੋਇਆ ਹੈ, ਇਹ ਸਭ ਕੁੱਝ ਦੇਖ ਕੇ ਪਹਿਲਾਂ ਤਾਂ ਮੈਂ ਹੈਰਾਨ ਹੋ ਗਿਆ, ਪਰ ਫਿਰ ਮੈਂ ਉਕਤ ਈ-ਮੇਲ ਨੂੰ ਸਕੈਨ ਕਰਕੇ ਗੂਗਲ ਵਿਚ ਸਰਚ ਕਰਿਆ, ਤਾਂ ਪਤਾ ਲੱਗਿਆ ਕਿ ਉਹ ਈਮੇਲ ਅਸਲੀ ਹੈ ਹੀ ਨਹੀਂ, ਜਿਸ ਈਮੇਲ ਦੇ ਜ਼ਰੀਏ ਮੈਨੂੰ ਮੇਲ ਭੇਜੀ ਗਈ, ਉਹ ਮੇਲ ਫਰਾਡ ਸੀ। ਹੋਇਆ ਕੁੱਝ ਇਸ ਤਰ੍ਹਾਂ ਕਿ ਈ-ਮੇਲ ਭੇਜਣ ਵਾਲੇ ਨੇ ਨਾਲ ਹੀ ਮੁੰਬਈ ਸਾਈਬਰ ਪੁਲਿਸ ਦੇ ਨਾਮ ਦਾ ਇੱਕ ਦਸਤਾਵੇਜ਼ ਵੀ ਲਗਾਇਆ ਹੋਇਆ ਸੀ, ਜਿਸ ਤੋਂ ਇੰਜ ਲੱਗ ਰਿਹਾ ਸੀ ਕਿ ਇਹ ਈਮੇਲ ਸਾਈਬਰ ਪੁਲਿਸ ਵੱਲੋਂ ਭੇਜੀ ਗਈ ਹੈ, ਪਰ ਜਦੋਂ ਇਸ ਦੀ ਜਾਂਚ ਪੜਤਾਲ ਅਤੇ ਉਕਤ ਈਮੇਲ ਨੂੰ ਸਕੈਨ ਕਰਨ ਵਾਸਤੇ, ਮੈਂ ਚੈਟ ਜੀ.ਬੀ.ਟੀ. ਅਤੇ ਹੋਰ ਸਰਚ ਇੰਜਨ ਜ਼ਰੀਏ ਪਤਾ ਕਰਨ ਦੀ ਕੋਸ਼ਿਸ਼ ਕੀਤੀ ਤਾਂ, ਪਤਾ ਲੱਗਿਆ ਕਿ ਇਹ ਈਮੇਲ ਇਕੱਲੇ ਮੈਨੂੰ ਹੀ ਨਹੀਂ, ਬਲਕਿ ਭਾਰਤ ਦੇ ਲੱਖਾਂ ਲੋਕਾਂ ਨੂੰ ਇੱਕੋ ਸਮੇਂ ਕਿਸੇ ਗੈਂਗ ਦੇ ਵੱਲੋਂ ਭੇਜੀ ਗਈ ਹੈ।

ਭਾਰਤ ਸਰਕਾਰ ਦੇ ਪ੍ਰੈੱਸ ਇਨਫਾਰਮੇਸ਼ਨ ਬਿਊਰੋ ਦੇ ਵੱਲੋਂ ਇਸ ਸਬੰਧੀ ਆਪਣੇ ਟਵਿੱਟਰ ਹੈਂਡਲ 'ਤੇ ਇੱਕ ਪੋਸਟ ਵੀ ਉਕਤ ਈਮੇਲ ਧੋਖਾਧੜੀ ਜ਼ਰੀਏ ਪਾਈ ਕਿ ਇਹ ਈਮੇਲ ਜਾਅਲੀ ਹੈ ਅਤੇ ਇਸ 'ਤੇ ਬਿਲਕੁਲ ਵੀ ਯਕੀਨ ਨਾ ਕੀਤਾ ਜਾਵੇ, ਹਾਲਾਂਕਿ ਮੈਂ ਤਾਂ ਪਹਿਲਾਂ ਹੀ ਅਜਿਹੀਆਂ ਈ-ਮੇਲ ਨੂੰ ਸਪੈਮ ਵਿਚ ਪਾ ਦਿੰਦਾ ਹਾਂ, ਪਰ ਮੇਰੇ ਵਰਗੇ ਹੋਰ ਲੱਖਾਂ ਨੌਜਵਾਨ ਹੋਣਗੇ, ਜਿਹੜੇ ਇਹ ਦਸਤਾਵੇਜ਼ ਵੇਖ ਕੇ ਡਰ ਜਾਂਦੇ ਹੋਣਗੇ ਅਤੇ ਤੁਰੰਤ ਈ-ਮੇਲ ਦਾ ਰਿਪਲਾਈ ਕਰਕੇ ਠੱਗਾਂ ਦੇ ਗੈਂਗ ਵਿਚ ਫਸ ਜਾਂਦੇ ਹੋਣਗੇ। ਭਾਵੇਂ ਕਿ ਅਸੀਂ ਕੋਈ ਗ਼ਲਤ ਕੰਮ ਨਹੀਂ ਕੀਤਾ, ਪਰ ਫਿਰ ਵੀ ਜਦੋਂ ਕਦੇ ਅਜਿਹਾ ਅਲਰਟ ਆਉਂਦਾ ਹੈ, ਤਾਂ ਇੱਕ ਵਾਰ ਤਾਂ ਬੰਦਾ ਡਰ ਜਾਂਦਾ ਹੈ ਕਿ ਉਸ ਨਾਲ ਆਖ਼ਰ ਇਹ ਹੋ ਕੀ ਰਿਹਾ ਹੈ?

> **ਭਾਰਤ ਸਰਕਾਰ ਦੇ ਪ੍ਰੈੱਸ ਇਨਫਾਰਮੇਸ਼ਨ ਬਿਊਰੋ ਦੇ ਵੱਲੋਂ ਇਸ ਸਬੰਧੀ ਆਪਣੇ ਟਵਿੱਟਰ ਹੈਂਡਲ 'ਤੇ ਇੱਕ ਪੋਸਟ ਵੀ ਉਕਤ ਈਮੇਲ ਧੋਖਾਧੜੀ ਜ਼ਰੀਏ ਪਾਈ ਕਿ ਇਹ ਈਮੇਲ ਜਾਅਲੀ ਹੈ ਅਤੇ ਇਸ 'ਤੇ ਬਿਲਕੁਲ ਵੀ ਯਕੀਨ ਨਾ ਕੀਤਾ ਜਾਵੇ, ਹਾਲਾਂਕਿ ਮੈਂ ਤਾਂ ਪਹਿਲਾਂ ਹੀ ਅਜਿਹੀਆਂ ਈ-ਮੇਲ ਨੂੰ ਸਪੈਮ ਵਿਚ ਪਾ ਦਿੰਦਾ ਹਾਂ, ਪਰ ਮੇਰੇ ਵਰਗੇ ਹੋਰ ਲੱਖਾਂ ਨੌਜਵਾਨ ਹੋਣਗੇ, ਜਿਹੜੇ ਇਹ ਦਸਤਾਵੇਜ਼ ਵੇਖ ਕੇ ਡਰ ਜਾਂਦੇ ਹੋਣਗੇ ਅਤੇ ਤੁਰੰਤ ਈ-ਮੇਲ ਦਾ ਰਿਪਲਾਈ ਕਰਕੇ ਠੱਗਾਂ ਦੇ ਗੈਂਗ ਵਿਚ ਫਸ ਜਾਂਦੇ ਹੋਣਗੇ। ਭਾਵੇਂ ਕਿ ਅਸੀਂ ਕੋਈ ਗ਼ਲਤ ਕੰਮ ਨਹੀਂ ਕੀਤਾ, ਪਰ ਫਿਰ ਵੀ ਜਦੋਂ ਕਦੇ ਅਜਿਹਾ ਅਲਰਟ ਆਉਂਦਾ ਹੈ, ਤਾਂ ਇੱਕ ਵਾਰ ਤਾਂ ਬੰਦਾ ਡਰ ਜਾਂਦਾ ਹੈ ਕਿ ਉਸ ਨਾਲ ਆਖ਼ਰ ਇਹ ਹੋ ਕੀ ਰਿਹਾ ਹੈ?**

ਲਗਾਤਾਰ ਸਾਈਬਰ ਕ੍ਰਾਈਮ ਦੇ ਵੱਧ ਰਹੇ ਕੇਸਾਂ ਨੇ ਜਿੱਥੇ ਪੁਲਿਸ ਪ੍ਰਸ਼ਾਸਨ ਦੀ ਲੋੜ ਨੂੰ ਵਧਾ ਦਿੱਤਾ ਹੈ, ਉੱਥੇ ਹੀ ਦੂਜੇ ਪਾਸੇ ਜਾਅਲੀ ਤਰੀਕੇ ਨਾਲ ਚੱਲ ਰਹੇ ਕਾਲ ਸੈਂਟਰਾਂ ਦਾ ਵੀ ਪੁਲਿਸ ਨੇ ਭਾਂਡਾ ਭੰਨ ਦਿੱਤਾ ਹੈ। ਭਾਰਤ ਦੇ ਵੱਖ-ਵੱਖ ਖੇਤਰਾਂ ਦੇ ਅੰਦਰ ਇਸ ਸਮੇਂ ਆਈ.ਟੀ. ਨਾਲ ਸਬੰਧਿਤ ਕਈ ਤਰ੍ਹਾਂ ਦੇ ਸੈਂਟਰ ਚੱਲ ਰਹੇ ਨੇ, ਜਿਨ੍ਹਾਂ ਦਾ ਕੰਮ ਭਾਵੇਂ ਕਿ ਆਈ.ਟੀ. ਸੈਕਟਰ ਨੂੰ ਅੱਗੇ ਵਧਾਉਣਾ ਹੈ ਪਰ ਕੁੱਝ ਥਾਵਾਂ 'ਤੇ ਇਨ੍ਹਾਂ ਆਈ.ਟੀ. ਸੈਂਟਰਾਂ ਦਾ ਗ਼ਲਤ ਇਸਤੇਮਾਲ ਹੋ ਰਿਹਾ ਹੈ। ਪਿਛਲੇ ਦਿਨੀਂ ਇੱਕ ਕਾਲ ਸੈਂਟਰ ਦਿੱਲੀ ਪੁਲਿਸ ਦੇ ਵੱਲੋਂ ਫੜਿਆ ਗਿਆ, ਜਿੱਥੋਂ ਦਰਜਨਾਂ ਨੌਜਵਾਨ ਮੁੰਡੇ-ਕੁੜੀਆਂ ਗ੍ਰਿਫਤਾਰ ਕੀਤੇ, ਜੋ ਵੱਖ-ਵੱਖ ਸਮੇਂ 'ਤੇ ਲੋਕਾਂ ਨੂੰ ਪਹਿਲਾਂ ਤਾਂ ਆਪਣੇ ਜਾਲ ਵਿਚ ਫਸਾਉਂਦੇ ਸਨ ਅਤੇ ਸਭ ਤੋਂ ਅਹਿਮ ਗੱਲ ਕਿ ਉਹ ਅੰਗਰੇਜ਼ੀ ਬੋਲ ਕੇ ਆਪਣੇ ਆਪ ਨੂੰ ਵਿਦੇਸ਼ੀ ਦੱਸਦੇ ਸਨ ਅਤੇ ਇਸੇ ਤਰੀਕੇ ਠੱਗੀ ਮਾਰਦੇ ਸਨ।

ਹੁਣ ਸਭਨਾਂ ਦੇ ਮਨਾਂ ਵਿਚ ਸਵਾਲ ਹੋਵੇਗਾ ਕਿ ਇਨ੍ਹਾਂ ਸਾਈਬਰ ਠੱਗਾਂ ਤੋਂ ਬਚਿਆ ਕਿਵੇਂ ਜਾਵੇ। ਸਭ ਤੋਂ ਪਹਿਲਾਂ ਗੱਲ ਈਮੇਲ ਦੀ ਕਰਦੇ ਹਾਂ। ਜੇਕਰ ਕੋਈ ਵੀ ਤੁਹਾਨੂੰ ਧਮਕੀ ਭਰੀ ਈ-ਮੇਲ ਜਿਵੇਂ ਕਿ ਤੁਸੀਂ ਪੋਰਨ ਸਮੱਗਰੀ ਸ਼ੇਅਰ ਕੀਤੀ ਹੈ ਜਾਂ ਫਿਰ ਤੁਸੀਂ ਇਹ ਪਾਰਸਲ ਕੀਤਾ ਸੀ, ਜਿਸ ਵਿਚੋਂ ਨਾਜਾਇਜ਼ ਸਮੱਗਰੀ ਨਿਕਲੀ ਹੈ, ਅਜਿਹੀਆਂ ਈਮੇਲ ਆਉਂਦੀਆਂ ਹਨ, ਤਾਂ ਕਦੇ ਵੀ ਇਨ੍ਹਾਂ 'ਤੇ ਗ਼ੌਰ ਨਾ ਕਰੋ ਅਤੇ ਤੁਰੰਤ ਇਸ ਦਾ ਸਕਰੀਨ ਸ਼ਾਰਟ ਲੈ ਕੇ ਰੱਖ ਲਓ। ਇਸ ਤੋਂ ਇਲਾਵਾ ਉਕਤ ਸਕਰੀਨ ਸ਼ਾਰਟ ਨੂੰ ਭਾਰਤ ਸਰਕਾਰ ਦੇ ਪੀ.ਆਈ.ਬੀ. ਫੈਕਟ ਚੈੱਕ ਨਾਲ ਸਾਂਝਾ ਕਰੋ ਤਾਂ ਜੋ ਹੋਰ ਨਾਲ ਲੋਕਾਂ ਨੂੰ ਇਸ ਸਾਈਬਰ ਫਰੋਡ ਬਾਰੇ ਪਤਾ ਲੱਗ ਸਕੇ ਕਿ ਉਹ ਕਿਹੜੇ ਲੋਕ ਹਨ, ਜਿਹੜੇ ਲੋਕਾਂ ਨਾਲ ਧੋਖਾਧੜੀ ਕਰਨ ਵਿਚ ਲੱਗੇ ਹੋਏ ਹਨ।

ਵੈਸੇ ਈ-ਮੇਲ ਜ਼ਰੀਏ ਜਿਹੜੇ ਸਾਈਬਰ ਠੱਗ ਧਮਕੀ ਦਿੰਦੇ ਹਨ, ਅਸਲ ਦੇ ਵਿਚ ਉਹ ਖ਼ੁਦ ਅੰਦਰੋਂ ਡਰੇ ਹੁੰਦੇ ਹਨ। ਭਾਵੇਂ ਕਿ ਉਨ੍ਹਾਂ ਦੇ ਆਈ.ਪੀ. ਐਡਰੈੱਸ ਅਸੀਂ ਕੈਚ ਨਹੀਂ ਕਰ ਪਾਉਂਦੇ, ਪਰ ਉਨ੍ਹਾਂ ਦੁਆਰਾ ਛੱਡੇ ਗਏ ਤੀਰ ਦਾ ਜੇਕਰ ਅਸੀਂ ਸ਼ਿਕਾਰ ਬਣਦੇ ਹਾਂ, ਤਾਂ ਸਾਡਾ ਬੈਂਕ ਖਾਤਾ ਤਾਂ ਖ਼ਾਲੀ ਹੋਵੇਗਾ ਹੀ, ਨਾਲ ਹੀ ਜ਼ਮਾਨੇ ਵਿਚ ਬਦਨਾਮੀ ਵੱਖਰੀ ਹੋਵੇਗੀ।

ਇੱਥੇ ਵਿਸ਼ੇਸ਼ ਗੱਲ ਦੱਸਣਯੋਗ ਇਹ ਹੈ ਕਿ ਕਦੇ ਵੀ ਅਧਿਕਾਰਤ ਸਰਕਾਰੀ ਕੰਪਨੀ ਅਦਾਰਾ ਜਾਂ ਫਿਰ ਪੁਲਿਸ ਪ੍ਰਸ਼ਾਸਨ ਈਮੇਲ ਦੇ ਜ਼ਰੀਏ ਕੁੱਝ ਵੀ ਦਸਤਾਵੇਜ਼ ਸਾਡੀ ਆਗਿਆ ਤੋਂ ਬਿਨਾਂ ਨਹੀਂ ਭੇਜਦਾ, ਜਿੰਨੀ ਦੇਰ ਤੱਕ ਅਸੀਂ ਕੋਈ ਆਪਣਾ ਦਸਤਾਵੇਜ਼ ਰੀਨਿਊ ਜਾਂ ਫਿਰ ਆਪਣਾ ਕੋਈ ਨਵਾਂ ਦਸਤਾਵੇਜ਼ ਤਿਆਰ ਕਰਨ ਲਈ ਸਰਕਾਰੀ ਅਦਾਰੇ ਤੱਕ ਪਹੁੰਚ ਨਹੀਂ ਕਰਦੇ, ਉਦੋਂ ਤੱਕ ਕੋਈ ਵੀ ਅਦਾਰਾ ਜਾਂ ਫਿਰ ਸਰਕਾਰੀ ਸੰਸਥਾ ਸਾਨੂੰ ਈਮੇਲ ਵਗ਼ੈਰਾ ਨਹੀਂ ਕਰਦੀ, ਹਾਂ ਇੰਨਾਂ ਹੋ ਸਕਦਾ ਹੈ ਕਿ ਸਰਕਾਰ ਦੁਆਰਾ ਲੋਕ ਹਿਤ ਜਾਰੀ ਕੀਤੀਆਂ ਜਾਂਦੀਆਂ ਸਕੀਮਾਂ ਜ਼ਰੂਰ ਸਾਡੇ ਤੱਕ ਸਾਂਝੀਆਂ ਕੀਤੀਆਂ ਜਾਂਦੀਆਂ ਹਨ।

ਹੁਣ ਗੱਲ ਕਰਦੇ ਹਾਂ ਮੋਬਾਈਲ 'ਤੇ ਆਉਣ ਵਾਲੇ ਓ.ਟੀ.ਪੀ. ਅਤੇ ਧਮਕੀ ਭਰੀਆਂ ਕਾਲਾਂ ਦੀ। ਅਕਸਰ ਹੀ ਮੋਬਾਈਲ 'ਤੇ ਅਨਜਾਣੇ ਨੰਬਰਾਂ ਤੋਂ ਧਮਕੀ ਭਰੀਆਂ ਕਾਲਾਂ ਲੋਕਾਂ ਨੂੰ ਆ ਰਹੀਆਂ ਹਨ ਅਤੇ ਲੋਕ ਤੁਰੰਤ ਇਨ੍ਹਾਂ ਕਾਲਾਂ ਦੇ ਵਿਸ਼ਵਾਸ ਕਰਕੇ ਆਪਣਾ ਸਭ ਕੁੱਝ ਲੁਟਾ ਰਹੇ ਹਨ, ਪਰ ਜਦੋਂ ਲੋਕਾਂ ਨੂੰ ਅਸਲੀਅਤ ਪਤਾ ਲੱਗਦੀ ਹੈ, ਤਾਂ ਉਹ ਹੱਕੇ-ਬੱਕੇ ਰਹਿ ਜਾਂਦੇ ਹਨ। ਇਸ ਲਈ ਚਾਹੀਦਾ ਹੈ ਕਿ ਜਿੰਨੀ ਦੇਰ ਤੱਕ ਸਾਨੂੰ ਕੋਈ ਜਾਣਦਾ ਪਛਾਣਦਾ ਨਹੀਂ, ਉਨੀ ਦੇਰ ਤੱਕ ਕਿਸੇ ਵੀ ਕਾਲ ਜਾਂ ਫਿਰ ਫ਼ੋਨ ਮੈਸੇਜ 'ਤੇ ਯਕੀਨ ਨਾ ਕੀਤਾ ਜਾਵੇ ਅਤੇ ਨਾ ਹੀ ਅਜਿਹੀਆਂ ਫ਼ੋਨ ਕਾਲਾਂ ਨੂੰ ਚੁੱਕਿਆ ਜਾਵੇ।

ਇੱਕ ਜਾਣਕਾਰੀ ਇਹ ਵੀ ਹੈ ਕਿ ਕਿਸੇ ਵੀ ਅਣਜਾਨ ਨੰਬਰ ਤੋਂ ਜਦੋਂ ਅਸੀਂ ਦੂਜੀ ਜਾਂ ਫਿਰ ਤੀਜੀ ਵਾਰ ਕਾਲ ਚੁੱਕਦੇ ਹਾਂ, ਤਾਂ ਸਾਡੇ ਦੁਆਰਾ ਓ.ਟੀ.ਪੀ. ਦਿੱਤੇ ਬਿਨਾਂ ਹੀ ਸਾਡਾ ਮੋਬਾਈਲ ਫ਼ੋਨ ਅਤੇ ਈ-ਮੇਲ ਹੈੱਕ ਹੋ ਸਕਦੀ ਹੈ, ਜਿਸ ਨਾਲ ਸਾਡਾ ਡਾਟਾ ਲੀਕ ਹੋ ਸਕਦਾ ਹੈ ਅਤੇ ਅਹਿਮ ਗੱਲ ਇਹ ਕਿ ਸਾਡਾ ਬੈਂਕ ਖਾਤਾ ਵੀ ਖ਼ਾਲੀ ਹੋ ਸਕਦਾ ਹੈ। ਇਸ ਤੋਂ ਇਲਾਵਾ ਜੇਕਰ ਕੋਈ ਮੋਬਾਈਲ ਫ਼ੋਨ ਤੇ ਮੈਸੇਜ ਆਵੇ ਕਿ ਤੁਹਾਡਾ ਬੈਂਕ ਖਾਤਾ ਬੰਦ ਹੋਣ ਵਾਲਾ ਹੈ ਜਾਂ ਫਿਰ ਤੁਹਾਡਾ ਮੋਬਾਈਲ ਨੰਬਰ, ਤੁਹਾਡਾ ਪੈੱਨ ਕਾਰਡ ਆਦਿ ਬੰਦ ਹੋ ਜਾਣਗੇ, ਅਜਿਹੇ ਵਿਚ ਕਦੇ ਵੀ ਨਿੱਜੀ ਜਾਣਕਾਰੀ ਕਿਸੇ ਨਾਲ ਸਾਂਝੀ ਨਾ ਕਰੋ ਅਤੇ ਨਾ ਹੀ ਅਜਿਹੇ ਮੈਸੇਜ 'ਤੇ ਵਿਸ਼ਵਾਸ ਕਰੋ, ਨਹੀਂ ਤਾਂ ਇੱਕ ਮਿੰਟ ਨਹੀਂ ਲੱਗਣਾ ਤੁਹਾਡਾ ਖਾਤਾ ਖ਼ਾਲੀ ਹੋਣ ਨੂੰ! ਸੋ ਕਦੇ ਵੀ ਅਣਜਾਣ ਨੰਬਰਾਂ ਤੋਂ ਕਾਲ ਨਾ ਚੁੱਕੋ ਅਤੇ ਨਾ ਹੀ ਫ਼ਰਜ਼ੀ ਈਮੇਲ 'ਤੇ ਧਿਆਨ ਦਿਓ। ਬਚਾਅ ਵਿਚ ਹੀ ਬਚਾਅ ਹੈ।

ਜਗਦੀਸ਼ ਚੋਹਕਾ
ਹੁਸ਼ਿਆਰਪੁਰ
91-9217997445
001-403-285-4208
ਪੰਜਾਬ ਮੇਲ USA

# ਅਮਰੀਕਾ ਅੰਦਰ ਵੱਧ ਰਿਹਾ ਆਰਥਿਕ-ਅਸਮਾਨਤਾ ਦਾ ਅਭੌਦਰ ਪ੍ਰਗਟਾਵਾਂ

ਵਿਕਸਿਤ ਅਤੇ ਵਿਕਾਸਸ਼ੀਲ ਦੇਸ਼ਾਂ ਦੀਆਂ ਅਰਥ-ਵਿਵਸਥਾਵਾਂ ਵਿਚ ਕਿਰਤ ਹਿੱਸੇਦਾਰੀ ਵਿਚ ਗਿਰਾਵਟ ਆਈ। ਸਭ ਤੋਂ ਅਮੀਰ ਵਰਗਾਂ ਦੇ ਹੱਥਾਂ 'ਚ ਆਮਦਨ ਦਾ ਵੱਧ ਰਿਹਾ ਕੇਂਦਰੀਕਰਨ ਇਸ ਤੱਥ ਵੱਲ ਇਸ਼ਾਰਾ ਕਰਦਾ ਹੈ ਕਿ ਹੇਠਲੇ ਸਿਰੇ 'ਤੇ ਰਹਿਣ ਵਾਲੇ ਲੋਕ ਹੀ ਕਿਰਤ ਹਿੱਸੇਦਾਰੀ ਵਿਚ ਕਮੀ ਦਾ ਸਭ ਤੋਂ ਵੱਧ ਨੁਕਸਾਨ ਝੱਲ ਰਹੇ ਹਨ। ਇਹ ਵਧ ਰਹੀ ਅਸਮਾਨਤਾ ਦੇ ਮੁੱਖ ਕਾਰਨ ਹੀ, ਸਗੋਂ ਇਹ ਪੂੰਜੀ ਅਤੇ ਕਿਰਤ ਵਿਚਕਾਰ ਵਿਰੋਧਤਾਈ ਨੂੰ ਹੋਰ ਤੇਜ਼ ਕਰਨ ਵੱਲ ਵੀ ਲੈ ਕੇ ਜਾ ਰਿਹਾ ਹੈ। ਇਸ ਦਾ ਪ੍ਰਗਟਾਵਾ ਫਰਾਂਸ 'ਚ ਪੈਦਾ ਹੋਏ ਪ੍ਰਸਿੱਧ ਆਰਥਿਕ ਮਾਹਰ 'ਗਬਰੀਇਲ ਜ਼ੁਕਮੈਨ' ਜਿਹੜਾ ਕੈਲੀਫੋਰਨੀਆ ਦੀ ਬਰਕਲੇ ਅਤੇ ਪੈਰਿਸ ਸਕੂਲ ਆਫ ਇਕਨੋਮਿਕਸ ਵਿਖੇ ਧਨ (ਸੰਪਤੀ)-ਅਸਮਾਨਤਾ ਸਬੰਧੀ ਅਕਾਦਮਿਕ ਮਾਹਰ ਹੈ। ਉਸ ਵਲੋਂ ਸੰਯੁਕਤ ਰਾਸ਼ਟਰ ਅਮਰੀਕਾ ਅਤੇ ਬਾਕੀ ਸੰਸਾਰ ਅੰਦਰ ਕਰ (ਟੈਕਸ) ਸਮੱਗਰੀ (ਡੇਟਾ) ਨੂੰ ਤੈਹਾਂ ਲਾ ਕੇ ਅਸਮਾਨਤਾ ਸਬੰਧੀ ਵਿਸ਼ਲੇਸ਼ਨ ਕੀਤਾ। 'ਥੋਮਸ ਪਿਕਟੀ' ਅਸਮਾਨਤਾ ਸਬੰਧੀ ਸੰਸਾਰ ਪ੍ਰਸਿਧ ਵਿਦਿਆਰਕੀ ਮਾਹਰ ਹੈ, ਜਿਸ ਵਿਲੋਂ ਸੰਸਾਰ ਅਸਮਾਨਤਾ ਸਮੱਗਰੀ ਇਕੱਠੀ ਕੀਤੀ ਸੀ, ਇਹ ਨਤੀਜਾ ਉਸ ਆਧਾਰ 'ਤੇ ਸਾਹਮਣੇ ਆਇਆ।

ਆਰਥਿਕ ਮਾਹਰਾਂ ਵਲੋਂ ਹੁਣੇ-ਹੁਣੇ ਅਮਰੀਕਾ ਅੰਦਰ ਧਨ ਵਿਚ ਅਸਮਾਨਤਾ ਦੇ ਅਭੱਦਰ-ਲੈਵਲ ਨੂੰ ਨੰਗਾ ਕੀਤਾ, ਜਿਹੜਾ ਹਰ ਰਾਜਨੀਤਿਕਾਂ ਨੂੰ ਸ਼ਰਮਿੰਦਾ ਕਰਨ ਵਾਲਾ ਹੈ। ਹਰ ਮੁੱਖ ਧਾਰਾ ਦਾ ਮੀਡੀਆ ਟਿੱਪਣੀਆਂ ਕਰਨ ਵਾਲਾ ਅਤੇ ਸੱਭਿਅਕ ਪ੍ਰਭਾਵ ਰੱਖਣ ਵਾਲੀਆਂ ਸਭ ਅੱਖਾਂ, ਨਕਲ ਕਰਨ ਵਾਲੇ ਤੇ ਸੁਨੇਹਾ ਦੂਤ ਸਭ ਇਸ ਧਨ ਰਾਹੀਂ ਪੈਦਾ ਹੋ ਰਹੀ ਅਸਮਾਨਤਾ ਦੇ ਬਦਵਸੀਕਾ ਲੈਵਲ ਨੂੰ ਪਛਾਣ ਨਹੀਂ ਸਕੇ। 'ਵਾਲ ਸਟਰੀਟ ਰਸਾਲੇ' ਅੰਦਰ 24 ਅਪ੍ਰੈਲ, 2025 ਨੂੰ 'ਜੂਲੀਅਟ ਚੰਗ' ਦੇ ਇਕ ਲੇਖ ਵਿਚ 'ਜ਼ੁਕਮੈਨ' ਵਲੋਂ ਧਨ ਸਬੰਧੀ ਅਸਮਾਨਤਾ ਦੀਆ ਲੱਭਤਾ ਬਾਰੇ ਦੱਸਿਆ ਗਿਆ, ਜਦਕਿ ਕਾਰਪੋਰੇਟ ਦਾ ਮੀਡੀਆ ਚੁੱਪ ਰਿਹਾ। 'ਜ਼ੁਕਮੈਨ' ਵੈਹਿਦੇ ਨਾਲ ਕਹਿੰਦਾ ਹੈ ਕਿ ਯੂ.ਐੱਸ. ਅੰਦਰ ਸਾਲ 2024 ਦੌਰਾਨ 19 ਪਰਿਵਾਰਾਂ ਦੀ ਸੰਪਤੀ (ਧਨ) ਵਿਚ ਇਕ ਖਰਬ (ਟ੍ਰੀਲਿਅਨ) ਡਾਲਰ ਦਾ ਵਾਧਾ ਹੋਇਆ, ਜਿਹੜਾ ਸਵਿਟਜ਼ਰਲੈਂਡ ਦੀ ਜੀ.ਡੀ.ਪੀ. ਨਾਲੋਂ ਵੱਧ ਸੀ। ਭਾਵ 2024 ਵਿਚ ਇਕੱਤਰ ਹੋਇਆ ਯੂ.ਐੱਸ. ਅੰਦਰ ਕੁੱਲ ਧਨ, ਜੋ 1.81 ਫੀਸਦੀ ਸੀ, ਜਦੋਂਕਿ 2 ਫੀਸਦੀ ਧਨ ਹੀ 19 ਪਰਿਵਾਰਾਂ ਪਾਸ ਸੀ, ਵਾਲ ਸਟਰੀਟ ਰਸਾਲ' ਕਹਿੰਦਾ ਹੈ ਕਿ 2024 'ਚ ਕੁਲ 148 ਖਰਬ ਡਾਲਰ ਜੋ ਕੁਛ (0.0000 1 ਫੀਸਦੀ) ਪਰਿਵਾਰਾਂ ਪਾਸ ਇਕੱਠਾ ਹੋਇਆ, ਇਹ 1913 ਜਦੋਂ ਆਮਦਨ ਕਰ ਸਿਸਟਮ ਸ਼ੁਰੂ ਕੀਤਾ ਸੀ, ਤੋਂ ਵੀ ਵੱਧ ਪਾਇਆ ਗਿਆ।

'ਜੇ.ਪੀ. ਮੋਰਗਨ ਚੇਜ਼' ਦਾ ਅਨੁਮਾਨ ਹੈ ਕਿ ਅਮਰੀਕਾ ਅੰਦਰ 2021 ਵਿਚ ਪੂੰਜੀਪਤੀ 975 ਸਨ, ਉਨ੍ਹਾਂ ਦੇ ਅਸਾਸੇ (ਸੰਪਤੀ) 2024 ਤੱਕ 2000 ਅਰਬ ਡਾਲਰ ਪੁੱਜੀ ਗਈ। ਦੇਸ਼ ਦੇ 0.1 ਫੀਸਦੀ ਘਰਾਣੇ (ਪਰਿਵਾਰ) ਜਿਨ੍ਹਾਂ ਦੀ ਗਿਣਤੀ 1,33,000 ਸੀ ਅਤੇ ਉਨ੍ਹਾਂ ਦੀ ਔਸਤ ਪੂੰਜੀ 46.3 ਮਿਲੀਅਨ ਡਾਲਰ ਸੀ। ਜਦਕਿ ਇਹ ਪੂੰਜੀ 1990 ਦੌਰਾਨ 3.4 ਮਿਲੀਅਨ ਡਾਲਰ ਸੀ। ਅਗਲੇ 0.9 ਫੀਸਦੀ ਘਰਾਣੇ (ਪਰਿਵਾਰ) ਜੋ ਔਸਤ 1.2 ਮਿਲੀਅਨ ਪਰਿਵਾਰ ਸਨ, ਪਾਸ 11.2 ਮਿਲੀਅਨ ਡਾਲਰ ਸੰਪਤੀ ਸੀ, ਜੋ ਵਧ ਕੇ 4,50,000 ਡਾਲਰ ਪ੍ਰਤੀ ਸਾਲ ਉਸ ਸਮੇਂ ਦੌਰਾਨ ਪੁੱਜ ਗਈ। ਅਮਰੀਕਾ ਦੇ 1 ਫੀਸਦੀ ਪਰਿਵਾਰਾਂ ਦਾ ਲੇਖਾ ਕੇਵਲ 34.8 ਫੀਸਦੀ ਸਾਲ 2023 ਸੀ, ਇਕੱਠਾ ਹੋਇਆ ਸੀ। ਪੂੰਜੀਵਾਦੀ ਭਾਈਚਾਰੇ ਵਾਲੇ ਦੇਸ਼ਾਂ ਬਰਤਾਨੀਆ ਦੇ 1 ਫੀਸਦੀ ਦਾ ਲੇਖਾ 21.3 ਫੀਸਦੀ, ਜਦਕਿ ਫਰਾਂਸ 'ਚ 27.2 ਫੀਸਦੀ ਅਤੇ ਜਰਮਨੀ ਅੰਦਰ 27.6 ਫੀਸਦੀ ਸੰਪਤੀ 'ਚ ਵਾਧਾ ਹੋਇਆ। ਅਮਰੀਕਾ ਦੇ ਉਪਰਲੇ 10 ਫੀਸਦੀ ਪੂੰਜੀਪਤੀਆਂ (ਪਰਿਵਾਰਾਂ) ਦੀ ਸੰਪਤੀ 67 ਫੀਸਦੀ ਸੀ। ਉਪਰਲੇ ਅੱਧੇ ਪਰਿਵਾਰਾਂ ਪਾਸ ਸੰਪਤੀ ਸਾਰੇ ਅਮਰੀਕਾ ਦਾ 97 ਫੀਸਦੀ ਹਿਸਾ ਸੀ। ਇਸੇ ਤਰ੍ਹਾਂ ਦੂਸਰੇ ਅੱਧੇ ਅਮਰੀਕੀ ਪੂੰਜੀਪਤੀ (ਘਰਾਣੇ) ਜਿਹੜੇ 66 ਮਿਲੀਅਨ ਪਰਿਵਾਰ, ਜੋ 166 ਮਿਲੀਅਨ ਨਾਗਰਿਕ ਸਨ, ਦਾ ਹਿੱਸਾ ਜਿੰਨੀ ਵੀ ਅਮਰੀਕਾ ਅੰਦਰ ਪੂੰਜੀ ਇਕੱਠੀ ਹੋਈ, ਦਾ 3 ਫੀਸਦੀ ਹਿੱਸਾ ਉਨ੍ਹਾਂ ਪਾਸ ਪਾਇਆ ਗਿਆ।



'ਜੇ.ਪੀ. ਮੋਰਗਨ ਚੇਜ਼' ਦਾ ਅਨੁਮਾਨ ਹੈ ਕਿ ਅਮਰੀਕਾ ਅੰਦਰ 2021 ਵਿਚ ਪੂੰਜੀਪਤੀ 975 ਸਨ, ਉਨ੍ਹਾਂ ਦੇ ਅਸਾਸੇ (ਸੰਪਤੀ) 2024 ਤੱਕ 2000 ਅਰਬ ਡਾਲਰ ਪੁੱਜੀ ਗਈ। ਦੇਸ਼ ਦੇ 0.1 ਫੀਸਦੀ ਘਰਾਣੇ (ਪਰਿਵਾਰ) ਜਿਨ੍ਹਾਂ ਦੀ ਗਿਣਤੀ 1,33,000 ਸੀ ਅਤੇ ਉਨ੍ਹਾਂ ਦੀ ਔਸਤ ਪੂੰਜੀ 46.3 ਮਿਲੀਅਨ ਡਾਲਰ ਸੀ। ਜਦਕਿ ਇਹ ਪੂੰਜੀ 1990 ਦੌਰਾਨ 3.4 ਮਿਲੀਅਨ ਡਾਲਰ ਸੀ। ਅਗਲੇ 0.9 ਫੀਸਦੀ ਘਰਾਣੇ (ਪਰਿਵਾਰ) ਜੋ ਔਸਤ 1.2 ਮਿਲੀਅਨ ਪਰਿਵਾਰ ਸਨ, ਪਾਸ 11.2 ਮਿਲੀਅਨ ਡਾਲਰ ਸੰਪਤੀ ਸੀ, ਜੋ ਵਧ ਕੇ 4,50,000 ਡਾਲਰ ਪ੍ਰਤੀ ਸਾਲ ਉਸ ਸਮੇਂ ਦੌਰਾਨ ਪੁੱਜ ਗਈ। ਅਮਰੀਕਾ ਦੇ 1 ਫੀਸਦੀ ਪਰਿਵਾਰਾਂ ਦਾ ਲੇਖਾ ਕੇਵਲ 34.8 ਫੀਸਦੀ ਸਾਲ 2023 ਸੀ, ਇਕੱਠਾ ਹੋਇਆ ਸੀ। ਪੂੰਜੀਵਾਦੀ ਭਾਈਚਾਰੇ ਵਾਲੇ ਦੇਸ਼ਾਂ ਬਰਤਾਨੀਆ ਦੇ 1 ਫੀਸਦੀ ਦਾ ਲੇਖਾ 21.3 ਫੀਸਦੀ, ਜਦਕਿ ਫਰਾਂਸ 'ਚ 27.2 ਫੀਸਦੀ ਅਤੇ ਜਰਮਨੀ ਅੰਦਰ 27.6 ਫੀਸਦੀ ਸੰਪਤੀ 'ਚ ਵਾਧਾ ਹੋਇਆ। ਅਮਰੀਕਾ ਦੇ ਉਪਰਲੇ 10 ਫੀਸਦੀ ਪੂੰਜੀਪਤੀਆਂ (ਪਰਿਵਾਰਾਂ) ਦੀ ਸੰਪਤੀ 67 ਫੀਸਦੀ ਸੀ। ਉਪਰਲੇ ਅੱਧੇ ਪਰਿਵਾਰਾਂ ਪਾਸ ਸੰਪਤੀ ਸਾਰੇ ਅਮਰੀਕਾ ਦਾ 97 ਫੀਸਦੀ ਹਿਸਾ ਸੀ। ਇਸੇ ਤਰ੍ਹਾਂ ਦੂਸਰੇ ਅੱਧੇ ਅਮਰੀਕੀ ਪੂੰਜੀਪਤੀ (ਘਰਾਣੇ) ਜਿਹੜੇ 66 ਮਿਲੀਅਨ ਪਰਿਵਾਰ, ਜੋ 166 ਮਿਲੀਅਨ ਨਾਗਰਿਕ ਸਨ, ਦਾ ਹਿੱਸਾ ਜਿੰਨੀ ਵੀ ਅਮਰੀਕਾ ਅੰਦਰ ਪੂੰਜੀ ਇਕੱਠੀ ਹੋਈ, ਦਾ 3 ਫੀਸਦੀ ਹਿੱਸਾ ਉਨ੍ਹਾਂ ਪਾਸ ਪਾਇਆ ਗਿਆ।

ਉਪਰੋਕਤ ਦਰਸਾਈ ਸਮੱਗਰੀ (ਡੇਟਾ) ਇਹ ਸਾਬਤ ਕਰਦੀ ਹੈ ਕਿ ਅਮਰੀਕਾ ਅੰਦਰ ਤਿੱਖੀ ਅਸਮਾਨਤਾ ਵਾਲਾ ਪਾੜਾ ਸਮਾਜ ਅੰਦਰ ਵੱਧ-ਫੁੱਲ ਰਿਹਾ ਹੈ। ਜੋ ਇਹ ਦਰਸਾਉਂਦਾ ਹੈ ਕਿ ਧਨ (ਸੰਪਤੀ) ਦਾ ਵਹਾਅ ਬੜੇ ਨਾਟਕੀ ਢੰਗ ਨਾਲ ਇਕ ਜਮਾਤ ਦੀ ਪਾਉੜੀ ਰਾਹੀਂ ਇਕੱਠਾ ਹੋ ਰਿਹਾ ਹੈ। ਅਸੀਂ 'ਜ਼ੁਕਮੈਨ' ਵਲੋਂ 'ਵਾਲ ਸਟਰੀਕ ਰਸਾਲੇ' ਅੰਦਰ ਦਰਸਾਏ ਡਾਟਾ ਅਤੇ ਸਾਰਅੰਸ਼ ਰਾਹੀਂ ਇਸ ਨਤੀਜੇ 'ਤੇ ਪੁੱਜਦੇ ਹਾਂ ਕਿ ਧਨ (ਸੰਪਤੀ) ਦਾ ਘੱਟ ਵਹਾਅ (ਭਾਵ ਘੱਟ ਆਮਦਨ) ਅੱਗੋਂ ਆਮਦਨ ਅੰਦਰ ਵੀ ਅਸਮਾਨਤਾ ਪੈਦਾ ਕਰਦੀ ਹੈ। ਇਹ ਆਮਦਨ ਅੰਦਰ ਝਟਪਟ ਅਸਮਾਨਤਾ ਭਾਵ ਵਿਅਕਤੀਗਤ ਜਾਂ ਪਰਿਵਾਰ ਜੋ ਇਕ ਦਰਸਾਏ ਸਮੇਂ 'ਚ ਪ੍ਰਾਪਤ ਕਰਦਾ ਹੈ ਜਾਂ ਪੈਦਾ ਹੋ ਜਾਂਦੀ ਹੈ। ਉਦਾਹਰਣ ਵਜੋਂ ਇਕ ਖਿਡਾਰੀ ਜਾਂ ਪ੍ਰਸਿੱਧ ਵਿਅਕਤੀ ਜਿਹੜਾ ਵੱਡਾ ਭੱਤਾ (ਪੈਕੇਟ) ਦੋ ਜਾਂ ਤਿੰਨ ਸਾਲਾਂ ਲਈ ਪ੍ਰਾਪਤ ਕਰਦਾ ਹੈ, ਪਰ ਨਾਟਕੀ ਢੰਗ ਨਾਲ ਉਸ ਦੀ ਆਮਦਨ ਘੱਟ ਯੋਗਤਾ ਦਾ ਘੱਟ ਅਨੁਮਾਨ ਲਾਉਣ ਕਾਰਨ ਬੰਦ ਹੋ ਜਾਂਦੀ ਹੇ। ਇਹ ਧਨ, ਦੂਸਰੇ ਹੱਥ ਨਾ ਇਹ ਵਿਰਾਸਤੀ ਸੀ ਤੇ ਨਾ ਹੀ ਇਕੱਠਾ ਹੋਣ ਵਾਲਾ ਧੰਨ ਸੀ, ਪੂੰਜੀਵਾਦੀ ਸਮਾਜ ਵਾਂਗ ਸੀ। ਇਹ ਆਮਦਨ ਇਕੱਠੀ ਹੋਣ ਵਾਲੀ ਨਹੀਂ ਸੀ। ਪਰ ਨਾ ਹੀ ਇਹ ਧਨ ਆਪਣੇ ਆਪ ਬਿਨਾਂ ਕਿਸੇ ਕੋਸ਼ਿਸ਼ ਵੱਧਣ ਵਾਲਾ ਸੀ ਅਤੇ ਨਾ ਹੀ ਪੂੰਜੀਵਾਦੀ ਸਮਾਜ ਵਾਲਾ ਸੀ, ਜਿਥੇ ਸੰਪਤੀ ਵੱਧਦੀ ਹੈ।

ਕਿਰਤੀ ਜਾਂ ਮੁਲਾਜ਼ਮ ਲੋਕਾਂ ਦੀ ਆਮਦਨ ਸਦਾ ਹੀ ਇਤਫਾਕੀਆਂ (ਅਚੇਤ-ਵਿਪਰੀਤ ਧਨ) ਜਿਹੜੀ ਖੁਦ ਦੀ ਹੁੰਦੀ ਹੈ, ਕਾਨੂੰਨੀ ਹੀ ਹੱਕੀ ਹੋ ਸਕਦੀ ਹੈ। ਪਰ ਸੰਪਤੀ (ਪੂੰਜੀ) ਰਾਹੀਂ ਇਕੱਠਾ ਹੋਇਆ ਧਨ, ਉਹ ਸੁਸ਼ਕਤੀ ਅਤੇ ਉਤਸ਼ਾਹ ਰਾਹੀਂ ਆਪਣੇ ਮਾਲਕ ਨੂੰ ਹੋਂਦ ਬਲ ਬਖਸ਼ਦਾ ਹੈ ਅਤੇ ਇਸੇ ਅਨੁਪਾਤ ਨਾਲ ਉਸ ਧਨ ਵਿਚ ਅੱਗੋ ਵਾਧਾ ਵੀ ਹੁੰਦਾ ਹੈ। ਇਸ ਤਰ੍ਹਾਂ ਧਨ ਨੂੰ ਮਾਪਣਾ ਉਸ ਮਾਲਕ ਦੇ ਜਾਤੀ ਜਾਂ ਪਰਿਵਾਰਕ ਆਰਥਿਕ ਰੁਤਬੇ ਨਾਲ ਚਾਹੀਦਾ, ਨਾ ਕਿ ਆਮਦਨ ਮੁਤਾਬਕ ਹੋਵੇਗਾ। ਪਰ ਸਾਡੀ ਕਹੀ ਜਾਂਦੀ 'ਜਮਹੂਰੀਅਤ' ਦੇ ਅਲੰਬਰਦਾਰ ਅਕਾਦਮਿਕ ਅਤੇ ਮੀਡੀਆ ਦੇ ਪੰਡਤਾਂ ਨੂੰ ਇਹ ਵੀ ਪਤਾ ਹੋਣਾ ਚਾਹੀਦਾ ਹੈ ਕਿ ਅਮਰੀਕਾ ਦੀ ਅੱਧੀ ਆਬਾਦੀ ਤੋਂ ਵੱਧ ਹਿੱਸਾ ਆਰਥਿਕ ਤੌਰ 'ਤੇ ਰਾਜਨੀਤਿਕ ਸਿਸਟਮ ਦੇ ਅਧਿਕਾਰਾਂ ਤੋਂ ਅਜੇ ਵੀ ਮਰਹੂਮ ਹਨ, ਜਿਹੜੇ 3 ਫੀਸਦੀ ਕੁੱਲ ਧਨ ਦਾ ਹੀ ਹੱਕ ਰੱਖਦੇ ਹਨ, ਕਿਉਂਕਿ ਉਨ੍ਹਾਂ ਪਾਸ ਪੂੰਜੀ ਇਕੱਠੀ ਹੀ ਨਹੀਂ ਹੁੰਦੀ। ਫਿਰ ਆਮ ਵੋਟਰ ਇਸ ਅਖੌਤੀ ਧਨ ਰਾਹੀਂ ਖੇਡੀ ਜਾਂਦੀ ਵੋਟ ਰਾਜਨੀਤੀ ਵਿਚ ਕਿਵੇਂ ਅੱਗੇ ਆ ਸਕਦੇ ਹਨ। ਭਾਵੇਂ ਹੇਠਲੇ ਅੱਧੇ ਹਿੱਸੇ ਦੇ ਪਰਿਵਾਰ ਆਪਣੀ ਪੂੰਜੀ ਲਾ ਵੀ ਦੇਣ, ਤਾਂ ਉਹ 1 ਫੀਸਦੀ ਦੇ ਧੰਨ-ਕਬੇਰਾ, ਜਿਨ੍ਹਾਂ ਦਾ ਰਾਜਨੀਤੀ 'ਤੇ ਪ੍ਰਭਾਵ ਹੈ, ਉਨ੍ਹਾਂ ਦੇ ਮੁਕਾਬਲੇ ਨਹੀਂ ਖੜ੍ਹ ਸਕਦੇ। ਅਮਰੀਕਾ ਦੇ ਸਾਰੇ ਪਰਿਵਾਰਾਂ ਵਿਚੋਂ ਹੇਠਲਾ ਅੱਧਾ ਪਰਿਵਾਰ ਰਾਜਨੀਤੀ ਵਿਚ ਕੋਈ ਵੀ ਬੁੱਕਤ ਨਹੀਂ ਰੱਖਦਾ। ਜਿਵੇਂ ਅਮਰੀਕਾ ਵਿਚ ਪ੍ਰਚਾਰਿਆ ਜਾਂਦਾ ਹੈ, ਸਭ ਲੋਕਾਂ ਵਿਚ ਝੂਠੇ ਦੁਲਾਸੇ ਨਸ਼ਰ ਕੀਤੇ ਜਾਂਦੇ ਹਨ ਪਰ ਅਸਲ ਦੋ-ਕਾਰਪੋਰੇਟੀ ਪਾਰਟੀਆਂ ਹੀ ਪ੍ਰਭਾਵ ਰੱਖਦੀਆਂ ਹਨ।

ਅਮਰੀਕਾ ਅੰਦਰ ਸਮਾਜਿਕ ਅਤੇ ਰਾਜਨੀਤਿਕ ਸੰਸਥਾਵਾਂ ਅੰਦਰ ਧਨ-ਕੁਬੇਰ ਗੁਟ-ਤੰਤਰ (ਅਲਪਤੰਤਰ) ਜਿਹੜਾ ਕੇਵਲ 1 ਫੀਸਦੀ ਹੈ, ਤਿਲਕਣ ਵਾਲੀ ਰਾਜਨੀਤੀ ਅੰਦਰ ਹਰਮਨ ਪਿਆਰਾ ਹੈ, ਜੋ ਆਮ ਲੋਕਾਂ ਦੀਆਂ ਨਜ਼ਰਾਂ ਵਿਚ ਨਹੀਂ ਆ ਰਿਹਾ ਹੈ। ਕਿਉਂਕਿ ਧਨ, ਆਰਥਿਕ ਅਸਮਾਨਤਾ, ਗਰੀਬੀ ਤੇ ਰਾਜਸੀ ਚਮਕ ਦੀ ਘਾਟ ਕਾਰਨ ਇਹ ਲੋਕ ਅਜੇ ਵੀ ਅੰਧੇਰੇ ਵਿਚ ਹਨ। ਇਹ ਪੂੰਜੀਵਾਦੀ ਸਿਸਟਮ ਹੀ ਹੈ, ਜਿਹੜਾ ਸੰਪਤੀ ਨੂੰ ਪੈਦਾ ਕਰਦਾ ਹੈ, ਜੋ ਅੱਗੋ ਹੋਰ ਸੰਪਤੀ ਨੂੰ ਜਨਮ ਦਿੰਦਾ ਹੈ। ਜੋ ਹੋਰ ਆਰਥਿਕਤਾ ਅੰਦਰ ਅਸਮਾਨਤਾ ਪੈਦਾ ਕਰਦੀ ਹੈ। ਇਸ ਨੂੰ ਹਾਕਮ ਜਮਾਤਾਂ ਅਤੇ ਪੂੰਜੀਵਾਦੀ ਸਿਸਟਮ ਕਦੀ ਨਹੀਂ ਰੋਕਦਾ। ਇਹ ਤਾਂ ਜੰਗ, ਆਰਥਿਕ ਸੰਕਟ ਜਾਂ ਕਿਰਤੀ ਜਮਾਤ ਦਾ ਜੰਗਜੂ ਘੋਲ ਹੀ ਹੁੰਦਾ ਹੈ, ਜੋ ਇਸ ਪੂੰਜੀਵਾਦੀ ਸਿਸਟਮ ਅੰਦਰ ਅਸਮਾਨਤਾ ਪੈਦਾ ਕਰਨ ਵਾਲੇ ਵਰਤਾਰੇ ਨੂੰ ਰੋਕ ਲਾਉਂਦਾ ਹੈ। ਇਸ ਵਰਤਾਰੇ ਨੂੰ ਹੀ ਪੂੰਜੀਵਾਦ ਕਿਹਾ ਜਾਂਦਾ ਹੈ, ਜੋ ਵਾਰ-ਵਾਰ ਪੈਦਾ ਹੁੰਦਾ ਰਹਿੰਦਾ ਹੈ। ਪੂੰਜੀਵਾਦ ਦਾ ਤੱਤ ਹੀ ਖੁਦ ਪੂੰਜੀਵਾਦ ਦਾ ਪਸਾਰਾ ਹੁੰਦਾ ਹੈ, ਜੋ ਵਾਧੂ ਪੈਦਾ ਕੀਤੀ ਪੈਦਾਵਾਰ ਹੀ ਹੁੰਦੀ ਹੈ। ਭਾਵ ਕਿਰਤੀ ਜਮਾਤ ਵਲੋਂ ਆਪਣੀ ਕਿਰਤ ਸ਼ਕਤੀ ਵੇਚ ਕੇ ਮਾਲਕ ਲਈ ਆਪਣੀ ਨਿਗੂਣੀ ਜਿਹੀ ਉਜ਼ਰਤ ਦੇ ਮੁਕਾਬਲੇ ਵਾਧੂ ਪੈਦਾ ਕੀਤੀ ਪੈਦਾਵਾਰ ਜੋ ਅੱਗੋਂ ਹੋਰ ਆਮਦਨ ਜਾਂ ਧਨ ਪੈਦਾ ਕਰਦੀ ਹੈ। ਭਾਵ ਕਿਰਤੀ ਵਲੋਂ ਆਪਣੀ ਕਿਰਤ ਸ਼ਕਤੀ ਵੇਚ ਕੇ ਖੁਦ ਤੰਗਹਾਲੀ ਖਰੀਦ ਕੇ ਬਦਲੇ ਵਿਚ ਮਾਲਕ ਲਈ ਅਥਾਹ ਪੂੰਜੀ ਪੈਦਾ ਕੀਤੀ ਜਾਂਦੀ ਹੈ, ਜੋ ਮਾਲਕ ਦੀ ਪੂੰਜੀ ਵਿਚ ਹੋਰ ਵਾਧਾ ਕਰਦੀ ਹੈ।

ਆਰਥਿਕ ਇਤਿਹਾਸਕਾਰ 'ਪਿਕਟੀ' ਅਤੇ 'ਜ਼ੁਕਮਨ' ਜਿਨ੍ਹਾਂ ਨੇ ਬੜੀ ਰੀਝ ਨਾਲ ਪੂੰਜੀਵਾਦ ਵਲੋਂ ਖਿੱਚੀ ਲਕੀਰ ਜਿਹੜੀ ਪ੍ਰਯੋਗ-ਆਸ਼ਰਿਤ ਸੀ, ਜੋ ਵਾਰ-ਵਾਰ ਪੂੰਜੀਵਾਦੀ ਸਮਾਜਿਕ-ਆਰਥਿਕ ਵਜੋਂ ਨਾਤਾ ਜੋੜਦੀ ਹੈ, ਉਹ ਹੀ ਆਰਥਿਕ ਅਸਮਾਨਤਾ ਨੂੰ ਜਨਮ ਦਿੰਦੀ ਹੈ, ਦੱਸਿਆ। ਅਮਰੀਕਾ ਅੰਦਰ ਦੋ-ਤਿਹਾਈ ਸੰਪਤੀ ਦੇਸ਼ ਦੇ 10 ਫੀਸਦੀ ਪਰਿਵਾਰਾਂ ਪਾਸ ਇਕੱਠੀ ਹੋ ਰਹੀ ਹੈ। ਬਾਕੀ ਇਕ ਤਿਹਾਈ ਭਾਵ 89 ਫੀਸਦੀ ਧਨ ਹੇਠਲੇ 90 ਫੀਸਦੀ ਪਰਿਵਾਰਾਂ ਪਾਸ ਹੈ। ਕਿੰਨਾ ਵੱਡਾ ਆਰਥਿਕ ਪਾੜਾ ਅਮਰੀਕਾ ਅੰਦਰ ਵੱਡੇ ਧਨ-ਕੁਬੇਰਾ ਅਤੇ ਆਮ ਜਨ-ਸਮੂਹ ਵਿਚਕਾਰ! ਆਰਥਿਕ ਅਸਮਾਨਤਾ ਦੇ ਕਾਲੇ ਧੱਬੇ, ਜਦੋਂ ਦੇਸ਼ ਦਾ ਸ਼ੋਸ਼ਿਤ ਵਰਗ ਆਪਣੇ ਨਾਲ ਹੁੰਦੀ ਇਸ ਆਰਥਿਕ ਬੇ-ਇਨਸਾਫ਼ੀ ਨੂੰ ਸਮਝ ਕੇ ਉਠ ਖੜ੍ਹਾ ਹੋਵੇਗਾ ਤੇ ਆਪਣਾ ਹੱਕ ਮੰਗੇਗਾ! ਇਸ ਸਮਾਜਿਕ ਪ੍ਰੀਵਰਤਨ ਨੂੰ ਹੀ ਇਨਕਲਾਬ ਕਿਹਾ ਜਾਂਦਾ ਹੈ। ਅਮਰੀਕਾ ਆਪਣੀ ਆਰਥਿਕਤਾ ਦੇ ਜਰ-ਜਰ ਹੋਣ ਬਾਵਜੂਦ ਵੀ ਸੰਸਾਰ 'ਤੇ ਠਾਣੇਦਾਰੀ ਦਬਦਬਾ ਥੋਪਣ ਦੀ ਕੋਸ਼ਿਸ਼ ਕਰਦਾ ਹੈ। 34.1 ਕਰੋੜ ਦੀ ਆਬਾਦੀ ਵਾਲੇ ਅਮਰੀਕਾ ਉਪਰ 34 ਖਰਬ ਡਾਲਰ ਕਰਜ਼ਾ ਹੈ ਤੇ ਉਹ ਆਰਥਿਕ ਪਤਨ ਦੀ ਕਗਾਰ 'ਤੇ ਖੜ੍ਹਾ ਹੈ।

## ਅਮਰ ਕਥਾਵਾਂ (ਬਾਲ ਕਹਾਣੀਆਂ)

# ਪੁਸਤਕਾਂ ਨਾਲ ਪਿਆਰ

-ਸੁਖਦੇਵ ਸਿੰਘ ਸ਼ਾਂਤ
ਸ਼ਰਲਟ (ਇੰਡੀਆਨਾ) ਯੂ.ਐੱਸ.ਏ.
ਫੋਨ ਨੰਬਰ : 001-317-406-0002
ਵਟਸਅਪ ਨੰਬਰ : +91-98149-01254
ਪੰਜਾਬ ਮੇਲ USA



ਭਗਤ ਪੂਰਨ ਸਿੰਘ ਜੀ ਨੂੰ ਅਖ਼ਬਾਰਾਂ, ਰਸਾਲੇ ਅਤੇ ਕਿਤਾਬਾਂ ਪੜ੍ਹਨ ਦਾ ਬੜਾ ਸ਼ੌਕ ਸੀ। ਉਹ ਚਾਹੁੰਦੇ ਸਨ ਕਿ ਸਾਰੇ ਲੋਕਾਂ ਵਿਚ ਇਹ ਸ਼ੌਕ ਪੈਦਾ ਹੋਵੇ। ਉਹ ਇਸ ਸ਼ੌਕ ਨੂੰ ਗਿਆਨ-ਪ੍ਰਾਪਤੀ ਦਾ ਸਾਧਨ ਮੰਨਦੇ ਸਨ। ਉਨ੍ਹਾਂ ਦੇ ਇਸ ਸ਼ੌਕ ਕਰ ਕੇ ਹੀ ਪਿੰਗਲਵਾੜਾ ਅੰਮ੍ਰਿਤਸਰ ਵੱਲੋਂ ਭਾਰੀ ਗਿਣਤੀ ਵਿਚ ਚੰਗਾ ਸਾਹਿਤ ਛਾਪ ਕੇ ਮੁਫਤ ਵੰਡਿਆ ਜਾਂਦਾ ਹੈ। ਪਿੰਗਲਵਾੜੇ ਦੀ ਆਪਣੀ ਇੱਕ ਵੱਡੀ ਲਾਇਬ੍ਰੇਰੀ ਵੀ ਹੈ। ਅੱਜਕੱਲ੍ਹ ਪਿੰਗਲਵਾੜੇ ਦੇ ਪ੍ਰਧਾਨ ਡਾ. ਇੰਦਰਜੀਤ ਕੌਰ ਜੀ ਵੀ ਇੱਕ ਉੱਚ-ਦਰਜੇ ਦੇ ਵਧੀਆ ਪਾਠਕ ਹਨ।

ਭਗਤ ਪੂਰਨ ਸਿੰਘ ਜੀ ਨੂੰ ਪੁਸਤਕਾਂ ਨਾਲ ਬੇਹੱਦ ਪਿਆਰ ਸੀ। ਇੱਕ ਵਾਰ ਚੰਡੀਗੜ੍ਹ ਵਿਖੇ ਪੁਸਤਕ-ਮੇਲਾ ਲੱਗਿਆ ਹੋਇਆ ਸੀ। ਭਗਤ ਜੀ ਨੂੰ ਪਤਾ ਲੱਗਿਆ। ਉਹ ਪੁਸਤਕ-ਮੇਲਾ ਦੇਖਣ ਗਏ। ਵੰਨ-ਸੁਵੰਨੀਆਂ ਪੁਸਤਕਾਂ ਦੇਖ-ਦੇਖ ਕੇ ਉਹ ਖੁਸ਼ ਹੋਈ ਜਾਣ। ਉਨ੍ਹਾਂ ਨੇ ਬਹੁਤ ਸਾਰੀਆਂ ਪੁਸਤਕਾਂ ਦੇ ਨਾਂਅ ਆਪਣੇ ਸਹਾਇਕ ਨੂੰ ਲਿਖਾਏ। ਫਿਰ ਉਹ ਪੁਸਤਕ-ਮੇਲੇ ਦੇ ਪ੍ਰਬੰਧਕ ਨੂੰ ਜਾ ਕੇ ਮਿਲੇ।

ਪੁਸਤਕਾਂ ਦੇਖ-ਦੇਖ ਕੇ ਉਨ੍ਹਾਂ ਨੇ ਇੱਕ ਲੰਮੀ ਸੂਚੀ ਤਿਆਰ ਕਰਵਾ ਲਈ ਸੀ। ਕਿਤਾਬਾਂ ਦੀ ਸੂਚੀ ਪ੍ਰਬੰਧਕ ਨੂੰ ਦੇ ਕੇ ਕਹਿਣ ਲੱਗੇ, "ਇਸ ਸੂਚੀ ਵਿਚ ਲਿਖੀਆਂ ਸਾਰੀਆਂ ਪੁਸਤਕਾਂ ਗੱਡੀ ਵਿਚ ਭਰ ਕੇ ਪਿੰਗਲਵਾੜੇ ਭੇਜ ਦਿਓ। ਕੁਝ ਪੁਸਤਕਾਂ ਅਸੀਂ ਆਪਣੀ ਲਾਇਬ੍ਰੇਰੀ ਵਿਚ ਰੱਖਾਂਗੇ। ਕੁਝ ਪੜ੍ਹਨ ਲਈ ਮੁਫ਼ਤ ਵੰਡ ਦਿਆਂਗੇ। ਤੁਸੀਂ ਆਪਣੀ ਬਣਦੀ ਰਕਮ ਲੈ ਲਵੋ।"

ਪੁਸਤਕ-ਮੇਲੇ ਦੇ ਪ੍ਰਬੰਧਕ ਲਈ ਇਹ ਇੱਕ ਅਚੰਭਾ ਸੀ। ਮਿੰਟਾਂ ਵਿਚ ਹੀ ਭਾਰੀ ਗਿਣਤੀ ਵਿਚ ਪੁਸਤਕਾਂ ਤਾਂ ਕਦੇ ਵਿਕੀਆਂ ਹੀ ਨਹੀਂ ਸਨ। ਉਸ ਨੇ ਭਗਤ ਪੂਰਨ ਸਿੰਘ ਜੀ ਦਾ ਪੁਸਤਕ-ਪ੍ਰੇਮ ਦੇਖ ਕੇ ਪੁਸਤਕਾਂ ਦੀ ਕੀਮਤ ਵਿਚ ਵੱਧ ਤੋਂ ਵੱਧ ਛੋਟ ਦਿਵਾ ਦਿੱਤੀ। ਕੁਝ ਪੁਸਤਕਾਂ ਦਾ ਆਪਣੇ ਵੱਲੋਂ ਵੀ ਪੁਸਤਕਾਂ ਦੇ ਇਸ ਲੰਗਰ ਵਿਚ ਹਿੱਸਾ ਪਾ ਦਿੱਤਾ।

ਭਗਤ ਪੂਰਨ ਸਿੰਘ ਜੀ ਕਿਹਾ ਕਰਦੇ ਸਨ ਕਿ ਕਿਸੇ ਵੀ ਭਾਸ਼ਾ ਦੀ ਤਰੱਕੀ ਉਸ ਵਿਚ ਵਧੀਆ ਪੁਸਤਕਾਂ ਛਪਣ ਨਾਲ ਹੀ ਹੋ ਸਕਦੀ ਹੈ। ਕਿਸੇ ਭਾਸ਼ਾ ਦੀਆਂ ਪੁਸਤਕਾਂ ਦੇ ਜਿੰਨੇ ਪਾਠਕ ਵਧਣਗੇ, ਓਨੀ ਹੀ ਉਹ ਭਾਸ਼ਾ ਅਮੀਰ ਹੋਵੇਗੀ। ਚੰਗੀਆਂ ਪੁਸਤਕਾਂ ਗਿਆਨ ਦਾ ਭੰਡਾਰ ਹੁੰਦੀਆਂ ਹਨ। ਸਿੱਖਿਆਦਾਇਕ ਪੁਸਤਕਾਂ ਨਾਲ ਮਿੱਤਰਤਾ ਸਦੀਵੀ ਤੇ ਸੱਚੀ ਹੁੰਦੀ ਹੈ। ਇਨ੍ਹਾਂ ਗੱਲਾਂ ਕਰ ਕੇ ਹੀ ਭਗਤ ਪੂਰਨ ਸਿੰਘ ਜੀ ਪੁਸਤਕਾਂ ਦੇ ਉਪਾਸ਼ਕ ਸਨ।

### ਚੰਬੇਲੀ ਦੇ ਫੁੱਲ ਦੀ ਪੱਤੀ

ਸਿੱਖ ਧਰਮ ਦੇ ਬਾਨੀ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਚਾਰ ਉਦਾਸੀਆਂ ਕੀਤੀਆਂ। ਉਨ੍ਹਾਂ ਉਦਾਸੀਆਂ ਨੂੰ ਅਸੀਂ ਯਾਤਰਾਵਾਂ ਵੀ ਕਹਿ ਸਕਦੇ ਹਾਂ। ਗੁਰੂ ਜੀ ਨੇ ਦੂਰ-ਦੂਰ ਤੱਕ ਜਾ ਕੇ ਬਹੁਤ ਲੋਕਾਂ ਨੂੰ ਸਿੱਧੇ ਰਸਤੇ ਪਾਇਆ। ਜਾਤ ਅਤੇ ਧਰਮਾਂ ਦੇ ਨਾਂ 'ਤੇ ਪਈਆਂ ਵੰਡੀਆਂ ਦੀਆਂ ਕੰਧਾਂ ਨੂੰ ਡੇਗਿਆ। ਲੋਕਾਂ ਨੂੰ ਵਹਿਮਾਂ-ਭਰਮਾਂ ਦੇ ਜਾਲ ਤੋਂ ਛੁਡਾਇਆ। ਵਾਦ-ਵਿਵਾਦ ਦੀ ਥਾਂ 'ਤੇ ਸੰਵਾਦ ਦਾ ਰਾਹ ਦੱਸਿਆ।

ਇਸੇ ਮੰਤਵ ਨਾਲ ਹੀ ਗੁਰੂ ਜੀ ਆਪਣੇ ਸਫ਼ਰਾਂ ਦੇ ਸਾਥੀ ਮਰਦਾਨਾ ਜੀ ਨੂੰ ਨਾਲ ਲੈ ਕੇ ਮੁਲਤਾਨ ਪਹੁੰਚੇ। ਪੰਜਾਬ ਦਾ ਇਹ ਸ਼ਹਿਰ ਪੀਰਾਂ-ਫ਼ਕੀਰਾਂ ਲਈ ਬੜਾ ਪ੍ਰਸਿੱਧ ਸੀ। ਇਸ ਸ਼ਹਿਰ ਨੂੰ ਬਾਬਾ ਸ਼ੇਖ ਫ਼ਰੀਦ ਜੀ ਦੀ ਵੀ ਚਰਨ-ਛੋਹ ਪ੍ਰਾਪਤ ਸੀ।

ਅਜੇ ਗੁਰੂ ਜੀ ਮੁਲਤਾਨ ਸ਼ਹਿਰ ਦੇ ਅੰਦਰ ਦਾਖਲ ਹੋਣ ਹੀ ਵਾਲੇ ਸਨ ਕਿ ਉੱਥੋਂ ਦੇ ਕੁਝ ਪੀਰਾਂ ਨੂੰ ਪਤਾ ਲੱਗ ਗਿਆ। ਉਨ੍ਹਾਂ ਨੇ ਦੁੱਧ ਦਾ ਇੱਕ ਛੰਨਾ ਨੱਕੋ-ਨੱਕ ਭਰ ਕੇ ਕਿਸੇ ਦੇ ਹੱਥ ਸਵਾਗਤ ਵਜੋਂ ਭੇਜਿਆ।

ਗੁਰੂ ਜੀ ਦੂਰ-ਅੰਦੇਸ਼ ਅਤੇ ਜਾਣੀ-ਜਾਣ ਸਨ। ਉਹ ਇੱਕਦਮ ਇਸ ਦੁੱਧ ਨਾਲ ਭਰੇ ਛੰਨੇ ਦਾ ਅਰਥ ਸਮਝ ਗਏ। ਪੀਰਾਂ ਵੱਲੋਂ ਗੁਰੂ ਜੀ ਨੂੰ ਇਸ ਨੱਕੋ-ਨੱਕ ਭਰੇ ਛੰਨੇ ਰਾਹੀਂ ਇੱਕ ਸੁਆਲ ਕੀਤਾ ਗਿਆ ਸੀ। ਉਹ ਸੁਆਲ ਸੀ : "ਮੁਲਤਾਨ ਪਹਿਲਾਂ ਵੀ ਪੀਰਾਂ-ਫ਼ਕੀਰਾਂ ਨਾਲ ਲਬਾਲਬ ਭਰਿਆ ਪਿਆ ਹੈ। ਤੁਸੀਂ ਕਿੱਥੇ ਰਹੋਗੇ ?"

ਗੁਰੂ ਜੀ ਨੇ ਚੰਬੇਲੀ ਦੇ ਇੱਕ ਫੁੱਲ ਦੀ ਪੱਤੀ ਲਈ। ਉਹ ਪੱਤੀ ਉਨ੍ਹਾਂ ਨੇ ਨੱਕੋ-ਨੱਕ ਭਰੇ ਛੰਨੇ ਵਿਚ ਦੁੱਧ 'ਤੇ ਟਿਕਾ ਦਿੱਤੀ। ਦੁੱਧ ਬਿਲਕੁਲ ਨਹੀਂ ਛਲਕਿਆ। ਇੱਕ ਵੀ ਬੂੰਦ ਦੁੱਧ ਦੀ ਬਾਹਰ ਨਹੀਂ ਡਿੱਗੀ।

ਪੀਰਾਂ ਵੱਲੋਂ ਭੇਜਿਆ ਬੰਦਾ ਵੀ ਵਿਦਵਾਨ ਸੀ। ਉਹ ਗੁਰੂ ਜੀ ਵੱਲੋਂ ਦਿੱਤੇ ਉੱਤਰ ਨੂੰ ਤੁਰੰਤ ਸਮਝ ਗਿਆ। ਗੁਰੂ ਜੀ ਦੇ ਉੱਤਰ ਦਾ ਭਾਵ ਸੀ : "ਅਸੀਂ ਮਹਿਮਾਨਾਂ ਵਾਂਗ ਆਏ ਹਾਂ। ਫੁੱਲ ਦੀ ਇਸ ਪੱਤੀ ਵਾਂਗ ਰਹਾਂਗੇ। ਤੁਹਾਨੂੰ ਕੋਈ ਤਕਲੀਫ਼ ਨਹੀਂ ਦਿਆਂਗੇ। ਫੁੱਲ ਦੀ ਸੁਗੰਧੀ ਵਾਂਗ ਅਸੀਂ ਗੁਣਾਂ ਦੀ ਅਤੇ ਪ੍ਰਮਾਤਮਾ ਦੇ ਨਾਮ ਦੀ ਸੁਗੰਧੀ ਮੁਲਤਾਨ ਵਿਚ ਬਿਖੇਰਾਂਗੇ।"

ਮੁਲਤਾਨ ਦੇ ਪੀਰ ਗੁਰੂ ਜੀ ਦੇ ਇਸ ਉੱਤਰ ਤੋਂ ਸੰਤੁਸ਼ਟ ਹੋਏ। ਉਨ੍ਹਾਂ ਨੇ ਖ਼ੁਦ ਅੱਗੇ ਆ ਕੇ ਗੁਰੂ ਜੀ ਅਤੇ ਉਨ੍ਹਾਂ ਦੇ ਸਾਥੀ ਮਰਦਾਨਾ ਜੀ ਦਾ ਭਰਪੂਰ ਸਵਾਗਤ ਕੀਤਾ।

### ਚੰਗੀ ਸੰਗਤ ਦਾ ਚੰਗਾ ਫਲ

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਦਰਬਾਰ ਵਿਚ ਇੱਕ ਸੂਬੇਦਾਰ ਦਰਸ਼ਨਾਂ ਲਈ ਆਇਆ। ਉਸ ਨੇ ਗੁਰੂ ਜੀ ਨੂੰ ਪ੍ਰਸ਼ਨ ਕੀਤਾ, "ਗੁਰੂ ਜੀ, ਜਿਸ ਸਿੱਖ 'ਤੇ ਆਪ ਜੀ ਮਿਹਰਵਾਨ ਹੁੰਦੇ ਹੋ, ਉਸ ਨੂੰ ਕੀ ਦਿੰਦੇ ਹੋ ?"

ਗੁਰੂ ਜੀ ਨੇ ਉੱਤਰ ਦਿੱਤਾ, "ਅਸੀਂ ਉਸ ਦੇ ਘਰ ਇੱਕ ਗੁਰਸਿੱਖ ਭੇਜ ਦਿੰਦੇ ਹਾਂ।"

ਸੂਬੇਦਾਰ ਨੂੰ ਉੱਤਰ ਸਮਝ ਨਹੀਂ ਆਇਆ। ਉਹ ਉੱਤਰ ਸੁਣ ਕੇ ਹੈਰਾਨ ਵੀ ਸੀ। ਉਸ ਨੇ ਫਿਰ ਪੁੱਛਿਆ, "ਗੁਰੂ ਜੀ ਜੇਕਰ ਉਸ ਸਿੱਖ 'ਤੇ ਹੋਰ ਜ਼ਿਆਦਾ ਮਿਹਰਵਾਨ ਹੋਵੋ ਤਾਂ ਕੀ ਦਿੰਦੇ ਹੋ ?"

ਗੁਰੂ ਜੀ ਨੇ ਉੱਤਰ ਦਿੱਤਾ, "ਅਸੀਂ ਉਸ ਦੇ ਘਰ ਦੋ ਗੁਰਸਿੱਖ ਭੇਜ ਦਿੰਦੇ ਹਾਂ।" ਸੂਬੇਦਾਰ ਨੇ ਫਿਰ ਪ੍ਰਸ਼ਨ ਦੁਹਰਾਇਆ, "ਗੁਰੂ ਜੀ ਜੇਕਰ ਆਪ ਜੀ ਬਹੁਤ ਹੀ ਜ਼ਿਆਦਾ ਮਿਹਰਵਾਨ ਹੋ ਜਾਵੋ, ਫਿਰ ਉਸ ਸਿੱਖ ਨੂੰ ਕੀ ਦਿੰਦੇ ਹੋ ?"

ਸੂਬੇਦਾਰ ਦੀ ਇੱਛਾ ਸੀ ਕਿ ਗੁਰੂ ਜੀ ਮਿਹਰਵਾਨ ਹੋ ਕੇ ਮਾਇਆ, ਮੋਹਰਾਂ, ਘੋੜੇ ਆਦਿ ਦੇਣ ਦੀ ਗੱਲ ਕਰਨ।

ਗੁਰੂ ਜੀ ਨੇ ਫਿਰ ਉਸੇ ਤਰ੍ਹਾਂ ਦਾ ਹੀ ਉੱਤਰ ਦਿੱਤਾ, "ਅਸੀਂ ਫਿਰ ਉਸ ਸਿੱਖ ਦੇ ਘਰ ਤਿੰਨ ਗੁਰਸਿੱਖ ਭੇਜ ਦਿੰਦੇ ਹਾਂ।"

ਸੂਬੇਦਾਰ ਵੀ ਬਾਰ-ਬਾਰ ਪੁੱਛਣੋਂ ਨਹੀਂ ਹਟਿਆ। ਗੁਰੂ ਜੀ ਵੀ ਗੁਰਸਿੱਖਾਂ ਦੀ ਗਿਣਤੀ ਵਿਚ ਵਾਧਾ ਕਰਦੇ ਗਏ। ਜਦੋਂ ਦਸ ਗੁਰਸਿੱਖ ਭੇਜਣ ਤੱਕ ਗੱਲ ਪਹੁੰਚ ਗਈ, ਤਾਂ ਸੂਬੇਦਾਰ ਝੁੰਜਲਾ ਗਿਆ।

ਸ਼ਸ਼ੋਪੰਜ ਵਿਚ ਪਏ ਸੂਬੇਦਾਰ ਨੇ ਗੁਰੂ ਜੀ ਨੂੰ ਪੁੱਛਿਆ, "ਏਨੇ ਗੁਰਸਿੱਖ ਉਸ ਦੇ ਘਰ ਜਾਣ ਨਾਲ ਉਸ ਸਿੱਖ ਨੂੰ ਕੀ ਹਾਸਲ ਹੋਵੇਗਾ ?"

ਗੁਰੂ ਜੀ ਨੇ ਉੱਤਰ ਦਿੱਤਾ, "ਜਿੰਨੇ ਗੁਰਸਿੱਖ ਉਸ ਸਿੱਖ ਦੇ ਘਰ ਜਾਣਗੇ, ਓਨੀ ਹੀ ਸਾਧ-ਸੰਗਤ ਵਧੇਰੇ ਹੋਵੇਗੀ। ਕੀਰਤਨ ਹੋਵੇਗਾ। ਕਥਾ ਹੋਵੇਗੀ। ਗੁਰਬਾਣੀ ਦੀਆਂ ਵਿਚਾਰਾਂ ਹੋਣਗੀਆਂ। ਪ੍ਰਮਾਤਮਾ ਦੀ ਸਿਫ਼ਤ-ਸਲਾਹ ਹੋਵੇਗੀ। ਉਸ ਦਾ ਘਰ ਧਰਮਸਾਲ ਬਣ ਜਾਵੇਗਾ। ਉਸ ਸਿੱਖ ਅਤੇ ਉਸ ਦੇ ਪਰਿਵਾਰ ਨੂੰ ਗੁਰਸਿੱਖਾਂ ਦੀ ਲੰਗਰ-ਪਾਣੀ ਨਾਲ ਸੇਵਾ ਕਰਨ ਦਾ ਸੁਭਾਗ ਵੀ ਮਿਲੇਗਾ। ਇਸ ਤਰ੍ਹਾਂ ਉਸ ਦੇ ਘਰ ਦੀ ਰੌਣਕ ਅਤੇ ਰਿਜ਼ਕ ਦੋਵੇਂ ਵਧਣਗੇ।"

ਸੂਬੇਦਾਰ ਨੂੰ ਸਾਰੀ ਗੱਲ ਸਮਝ ਆ ਗਈ। ਉਸ ਨੂੰ ਗਿਆਨ ਹੋ ਗਿਆ ਕਿ ਚੰਗੀ ਸੰਗਤ ਦਾ ਚੰਗਾ ਫਲ ਹੁੰਦਾ ਹੈ। ਮਿਹਰਵਾਨ ਹੋ ਕੇ ਗੁਰੂ ਜੀ ਵੱਲੋਂ ਗੁਰਸਿੱਖਾਂ ਨੂੰ ਭੇਜਣ ਵਾਲੀ ਡੂੰਘੀ ਗੱਲ ਦੀ ਉਸ ਸੂਬੇਦਾਰ ਨੂੰ ਸਮਝ ਆ ਗਈ। ਨੇਕ ਮਨੁੱਖਾਂ ਦੀ ਸੰਗਤ ਕਰਨ ਦਾ ਮੌਕਾ ਮਿਲਣ ਨਾਲ ਨੇਕੀ ਦਾ ਗੁਣ ਹੀ ਪ੍ਰਾਪਤ ਹੁੰਦਾ ਹੈ।

### ਗਰਮ ਜੁਰਾਬਾਂ

ਭਗਤ ਪੂਰਨ ਸਿੰਘ ਜੀ ਆਪਣੇ-ਆਪ ਨੂੰ 'ਮੰਗਤਾ' ਕਹਿ ਕੇ ਮਾਣ ਮਹਿਸੂਸ ਕਰਦੇ ਸਨ। ਉਹ ਆਪਣੇ ਕੋਲ ਹਰ ਵੇਲੇ ਇੱਕ ਲੋਹੇ ਦਾ ਬਾਟਾ ਅਤੇ ਇੱਕ ਪਿੱਤਲ ਦਾ ਟੱਲ ਰੱਖਦੇ ਸਨ। ਟੱਲ ਵਜਾ ਕੇ ਉਹ ਮੰਗਦੇ ਸਨ ਅਤੇ ਬਾਟੇ ਵਿਚ ਦਾਨ ਪੁਆਉਂਦੇ ਸਨ। ਉਹ ਇਹ ਮੰਗਣ ਦਾ ਕੰਮ ਅਪਾਹਜਾਂ, ਲੂਲ੍ਹਿਆਂ ਅਤੇ ਯਤੀਮਾਂ ਲਈ ਕਰਦੇ ਸਨ। ਮੰਗਣ ਦੇ ਇਸ ਕੰਮ ਵਿਚ ਚੈਨ ਮਸੀਹ ਜੀ ਵੀ ਉਨ੍ਹਾਂ ਦਾ ਸਾਥ ਦਿੰਦੇ ਸਨ।

ਸ਼ਾਮ ਨੂੰ ਸ਼ਹਿਰ ਦੇ ਇੱਕ ਪੁਲ 'ਤੇ ਬੜੀ ਆਵਾਜਾਈ ਹੁੰਦੀ ਸੀ। ਗੱਡੀਆਂ ਦੇ ਆਉਣ-ਜਾਣ ਕਰ ਕੇ ਉੱਥੇ ਖ਼ੂਬ ਰੌਣਕ ਹੁੰਦੀ ਸੀ। ਰਾਤ ਦੇ ਬਾਰ੍ਹਾਂ ਵਜੇ ਤੱਕ ਇਹ ਆਵਾਜਾਈ ਚੱਲਦੀ ਹੀ ਰਹਿੰਦੀ ਸੀ। ਲੋਕਾਂ ਦੀ ਗਹਿਮਾ-ਗਹਿਮੀ ਹੋਣ ਕਰ ਕੇ ਇਹ ਪੁਲ ਦਾਨ ਮੰਗਣ ਲਈ ਬੜੀ ਢੁਕਵੀਂ ਥਾਂ ਸੀ।

ਸਰਦੀ ਦੀ ਰੁੱਤ ਵਿਚ ਉੱਥੇ ਖੁੱਲ੍ਹੀ ਹਵਾ ਕਰ ਕੇ ਸਰੀਰ ਸੁੰਨ ਹੋ ਜਾਂਦੇ ਸਨ। ਹੱਥ-ਪੈਰ ਠੰਢ ਨਾਲ ਸੁੱਜ ਜਾਂਦੇ ਸਨ। ਭਗਤ ਪੂਰਨ ਸਿੰਘ ਜੀ ਤੋਂ ਚੈਨ ਮਸੀਹ ਜੀ ਦੀ ਇਹ ਹਾਲਤ ਦੇਖੀ ਨਾ ਗਈ। ਭਗਤ ਜੀ ਨੇ ਉਨ੍ਹਾਂ ਵਾਸਤੇ ਗਰਮ ਜੁਰਾਬਾਂ ਲੈ ਕੇ ਉਨ੍ਹਾਂ ਨੂੰ ਪਾਉਣ ਲਈ ਦਿੱਤੀਆਂ। ਦਸਤਾਨੇ ਵੀ ਲੈ ਦਿੱਤੇ, ਤਾਂ ਕਿ ਹੱਥਾਂ ਨੂੰ ਵੀ ਨਿੱਘ ਰਹੇ।

ਚੈਨ ਮਸੀਹ ਜੀ ਨੇ ਜਦੋਂ ਭਗਤ ਪੂਰਨ ਸਿੰਘ ਜੀ ਦੇ ਹੱਥ-ਪੈਰ ਨੰਗੇ ਦੇਖੇ, ਤਾਂ ਉਨ੍ਹਾਂ ਪੁੱਛਿਆ, "ਭਗਤ ਜੀ ਤੁਸੀਂ ਆਪਣੇ ਲਈ ਜੁਰਾਬਾਂ ਕਿਉਂ ਨਹੀਂ ਲਈਆਂ ? ਤੁਹਾਡੇ ਪੈਰ ਵੀ ਤਾਂ ਸੁੰਨ ਹੋ ਜਾਂਦੇ ਨੇ। ਮੈਨੂੰ ਤਾਂ ਤੁਸੀਂ ਦਸਤਾਨੇ ਵੀ ਲੈ ਦਿੱਤੇ ਨੇ।"

ਭਗਤ ਪੂਰਨ ਸਿੰਘ ਜੀ ਨੇ ਹੱਸ ਕੇ ਉੱਤਰ ਦਿੱਤਾ, "ਮੇਰਾ ਟੱਬਰ ਵੱਡਾ ਹੈ। ਮੈਂ ਟੱਬਰ ਦਾ ਮੁਖੀ ਹਾਂ। ਅਜੇ ਮੇਰੇ ਟੱਬਰ ਦੇ ਸਾਰੇ ਅਪਾਹਜਾਂ ਅਤੇ ਲੂਲ੍ਹਿਆਂ ਦੀਆਂ ਜ਼ਰੂਰੀ ਲੋੜਾਂ ਪੂਰੀਆਂ ਨਹੀਂ ਹੋਈਆਂ। ਇਸ ਲਈ ਅਜੇ ਮੈਂ ਦਸਤਾਨੇ-ਜੁਰਾਬਾਂ ਨਹੀਂ ਪਾ ਸਕਦਾ। ਨਾਲੇ ਅਮੀਰ ਲੋਕ ਪਾਟੇ ਕੱਪੜਿਆਂ ਵਾਲਿਆਂ ਅਤੇ ਨੰਗੇ ਪੈਰਾਂ ਵਾਲਿਆਂ 'ਤੇ ਤਰਸ ਕਰ ਕੇ ਵਧੇਰੇ ਦਾਨ ਦਿੰਦੇ ਨੇ। ਤੁਸੀਂ ਵੀ ਮੇਰੇ ਟੱਬਰ ਦੇ ਜੀਅ ਹੋ। ਇਸ ਲਈ ਮੈਂ ਤੁਹਾਨੂੰ ਇਹ ਚੀਜ਼ਾਂ ਲੈ ਕੇ ਦਿੱਤੀਆਂ ਨੇ।"

ਸੱਚਮੁੱਚ ਹੀ ਭਗਤ ਪੂਰਨ ਸਿੰਘ ਜੀ ਤਿਆਗ ਅਤੇ ਸੇਵਾ ਦੀ ਮੂਰਤ ਸਨ। ਦੁਖੀਆਂ, ਅਪਾਹਜਾਂ ਅਤੇ ਲੂਲ੍ਹਿਆਂ ਦੇ ਦੁੱਖ-ਦਰਦ ਨੂੰ ਉਹ ਆਪਣਾ ਦਰਦ ਸਮਝਦੇ ਸਨ। ਅੱਜ ਵੀ ਪਿੰਗਲਵਾੜਾ ਅੰਮ੍ਰਿਤਸਰ ਦੀ ਇਮਾਰਤ ਵਿਚ ਉਨ੍ਹਾਂ ਵੱਲੋਂ ਆਰੰਭ ਕੀਤੀ ਗਈ ਸੇਵਾ ਲਗਾਤਾਰ ਜਾਰੀ ਹੈ। ਉਨ੍ਹਾਂ ਦੀ ਜੀਵਨ-ਕਥਾ ਧਿਆਨ ਨਾਲ ਪੜ੍ਹਨ ਵਾਲੇ ਦੇ ਮਨ ਵਿਚ ਦਇਆ ਦਾ ਗੁਣ ਆਪ-ਮੁਹਾਰੇ ਹੀ ਦਾਖਲ ਹੋ ਜਾਂਦਾ ਹੈ। **-ਸਮਾਪਤ**

# "ਤਰਜ਼ਮਾਨੀ ਏ ਹਾਲਾਤ"

ਹਰਦੀਪ ਸਿੰਘ ਸੋਢੀ ਨਡਾਲਾ
ਫੀਨਿਕਸ
480-794-0325
sodhi1960@yahoo.com
ਪੰਜਾਬ ਮੇਲ USA



ਅੱਜ ਜੋ ਹਾਲਾਤ ਵਿਸ਼ਵ ਦੇ ਬਣੇ ਹੋਏ ਹਨ ਉਹ ਵੇਖਕੇ (ਓਸ਼ੋ ਰਜਨੀਸ਼) ਦੀ ਇਹ ਲਿਖਤ ਬਾਕਮਾਲ ਰਾਹ ਵਿਖਾਉਂਦੀ ਹੈ ਕਿ ਕਿਵੇਂ ਵਿਸ਼ਵ ਦੇ ਵੱਡੇ ਲੋਕ ਆਮ ਜਨਤਾ ਦਾ ਸ਼ੋਸਣ ਕਰਦੇ ਹਨ, ਉਨ੍ਹਾਂ ਨੂੰ ਕਿਵੇਂ ਗੁੰਮਰਾਹ ਕਰਕੇ ਪਹਿਲਾਂ ਉਨ੍ਹਾਂ ਦੀਆਂ ਵੋਟਾਂ ਬਟੋਰ ਕੇ ਸੱਤਾ 'ਤੇ ਕਾਬਜ਼ ਹੋਇਆ ਜਾਂਦਾ ਹੈ। ਫਿਰ ਉਨ੍ਹਾਂ ਨੂੰ ਲੁੱਟਿਆ, ਕੁੱਟਿਆ ਅਤੇ ਜਲੀਲ ਕੀਤਾ ਜਾਂਦਾ ਹੈ।

ਮਿਸਾਲ ਦੇ ਤੌਰ 'ਤੇ ਕਿਸੇ ਦੇਸ਼ ਜਾਂ ਸੂਬੇ 'ਤੇ (ਏ) ਰਾਜ ਕਰ ਰਿਹਾ ਹੁੰਦਾ ਹੈ, ਜੋ ਥੋੜ੍ਹਾ ਬਹੁਤ ਖਾ ਰਿਹਾ ਹੁੰਦਾ ਹੈ, ਥੋੜ੍ਹਾ ਖਰਚ ਰਿਹਾ ਹੁੰਦਾ ਹੈ, ਤਾਂ ਉਥੇ (ਬੀ) ਐਂਟਰੀ ਮਾਰਦਾ ਹੈ। ਕਹਿੰਦਾ ਹੈ, ਉਹੇ ਮੇਰੇ ਦੇਸ਼ ਦੇ ਭੋਲੇ-ਭਾਲੇ ਲੋਕੋ, ਮੇਰੀ ਉਂਗਲ ਫੜੋ ਤੁਹਾਨੂੰ ਸਹੀ ਮਾਰਗ ਦਿਖਾਵਾਂ! ਤਾਕਤ 'ਚ ਆਉਂਦੇ ਹੀ ਲੋਕਾਂ ਨੂੰ ਭੰਬੂਤਾਰੇ ਦਿਖਾਉਂਦਾ ਹੈ, ਲੋਕ ਦੋਵਾਂ ਤੋਂ ਦੁਖੀ ਹੋ ਕੇ ਤੀਜੇ ਨੂੰ ਰੱਬ ਸਮਝ ਕੇ ਆਪ ਲਿਆਉਂਦੇ ਹਨ, ਜਦੋਂ ਤੀਜੇ ਵੱਲੋਂ ਵੀ ਉਹੀ ਕਹਾਵਤ ਸੱਚ ਕੀਤੀ ਜਾਂਦੀ ਹੈ, ਆਪ ਫਾਥੜੀਏ ਤੈਨੂੰ ਕੌਣ ਛੁਡਾਵੇ, ਤਾਂ ਲੋਕਾਂ ਕੋਲ ਖੁਦਕੁਸ਼ੀਆਂ ਤੋਂ ਇਲਾਵਾ ਕੋਈ ਚਾਰਾ ਨਹੀਂ ਰਹਿ ਜਾਂਦਾ। ਜਿਨ੍ਹਾਂ ਖੁਦਕੁਸ਼ੀਆਂ ਦੀ ਗਾਥਾ (ਓਸ਼ੋ) ਨੇ ਪੰਜਾਹ ਸਾਲ ਪਹਿਲਾਂ ਲਿਖ ਦਿੱਤੀ ਸੀ, ਕਾਸ਼ ਅੱਜ ਓਸ਼ੋ ਹੁੰਦਾ ਅਤੇ ਆਪਣੀ ਲਿਖਤ ਨੂੰ ਸੱਚ ਹੋਇਆ ਵੇਖਦਾ, ਆਉ ਤੁਸੀਂ ਵੀ ਪੜ੍ਹ ਕੇ ਦੱਸੋ ਕਿ ਸੱਚਮੁੱਚ ਉਹੀ ਹੋ ਰਿਹਾ ਹੈ, ਹੁਣ ਜਾਂ ਕੋਈ ਫਰਕ ਹੈ ? ਓਸ਼ੋ ਲਿਖਦੇ ਹਨ :-



ਗਰੀਕ ਵਿਚ ਇੱਕ ਦਾਰਸ਼ਨਿਕ ਹੋਇਆ ਹੈ, ਪਾਈਰੋ। ਉਹ ਲੋਕਾਂ ਨੂੰ ਸਮਝਾਉਂਦਾ ਸੀ, ਜੀਵਨ ਬੇਕਾਰ ਹੈ ਅਤੇ ਆਤਮਹੱਤਿਆ ਇੱਕੋ-ਇੱਕ ਉਪਾਅ ਹੈ। ਮੋਟਾ-ਮੋਟਾ ਉਸਦੇ ਫਲਸਫੇ ਦਾ ਇਹ ਅਰਥ ਸੀ।

ਉਹ ਤਰਿਆਨਵੇਂ ਸਾਲ ਤੱਕ ਜਿਉਂਦਾ ਰਿਹਾ, ਉਸ ਨੇ ਆਪ ਆਤਮ ਹੱਤਿਆ ਨਹੀਂ ਕੀਤੀ ਅਤੇ ਬੜੇ ਮਜ਼ੇ ਨਾਲ ਜੀਵਿਆ।

ਬੁਢਾਪੇ ਵਿਚ ਉਸ ਤੋਂ ਕਿਸੇ ਨੇ ਪੁੱਛਿਆ ਕਿ ਪਾਈਰੋ ਤੂੰ ਜ਼ਿੰਦਗੀ ਭਰ ਲੋਕਾਂ ਨੂੰ ਇਹੀ ਸਮਝਾਉਂਦਾ ਰਿਹਾ ਹੈ ਕੀ ਜ਼ਿੰਦਗੀ ਬੇਕਾਰ ਹੈ ਤੇ ਆਤਮਹੱਤਿਆ ਇੱਕੋ-ਇੱਕ ਉਪਾਅ ਹੈ ਅਤੇ ਅਸੀਂ ਸੁਣਿਆ ਹੈ ਕਿ ਤੇਰੀ ਮੰਨ ਕੇ ਕਈ ਲੋਕਾਂ ਨੇ ਆਤਮਹੱਤਿਆ ਵੀ ਕਰ ਲਈ ਹੈ। ਪਰ ਤੂੰ ਕਿਉਂ ਨਹੀਂ ਕੀਤੀ ?

ਉਸ ਨੇ ਕਿਹਾ ਕਿ ਮੇਰੀ ਮਜਬੂਰੀ ਹੈ, ਲੋਕਾਂ ਨੂੰ ਸਮਝਾਉਣ ਲਈ ਮੈਨੂੰ ਰੁਕੇ ਰਹਿਣਾ ਪਿਆ, ਜਿਉਂਦੇ ਰਹਿਣਾ ਪਿਆ, ਨਹੀਂ ਤਾਂ ਲੋਕਾਂ ਨੂੰ ਸਮਝਾਉਂਦਾ ਕੌਣ!

ਪੰਡਤ ਅਜਿਹਾ ਹੀ ਹੈ। ਉਹ ਦੂਜਿਆਂ ਨੂੰ ਸਮਝਾਉਣ ਵਿਚ ਜ਼ਿੰਦਗੀ ਗੁਆ ਦਿੰਦਾ ਹੈ ਅਤੇ ਜੋ ਉਹ ਦੂਜੇ ਨੂੰ ਸਮਝਾ ਰਿਹਾ ਹੈ, ਉਸ ਨੂੰ ਕਦੇ ਆਪਣੀ ਜ਼ਿੰਦਗੀ ਵਿਚ ਨਹੀਂ ਉਤਾਰਦਾ।

ਉਹੀ ਕਸੌਟੀ ਹੈ, ਕਿਉਂਕਿ ਜਿਸ ਨੂੰ ਤੁਸੀਂ ਬਹੁਮੁੱਲਾ ਸਮਝਦੇ ਹੋ, ਦੂਜੇ ਦੇ ਲਈ, ਉਸ ਨੂੰ ਇੰਨਾ ਮੁੱਲਵਾਨ ਵੀ ਨਹੀਂ ਸਮਝਦੇ ਕਿ ਆਪਣੀ ਜ਼ਿੰਦਗੀ ਵਿਚ ਉਤਾਰ ਸਕੋ।

: ਓਸ਼ੋ।

# ਸਫ਼ਲਤਾਪੂਰਵਕ ਚੱਲ ਰਿਹਾ ਮੋਰਚਾ ਜੋ ਸਰਕਾਰ ਨੇ ਸਾਕਾ ਨੀਲਾ ਤਾਰਾ ਦੀ ਭੇਟ ਚਾੜ੍ਹ ਦਿੱਤਾ ਸੀ

## 4 ਅਗਸਤ ਧਰਮ ਯੁੱਧ ਮੋਰਚੇ 'ਤੇ ਵਿਸ਼ੇਸ਼ ਲੇਖ

ਸੁਖਵਿੰਦਰ ਸਿੰਘ ਮੁੱਲਾਂਪੁਰ
ਵ.ਅੱਪ : +91-99141-84794
ਪੰਜਾਬ ਮੇਲ USA





ਸਿੱਖ ਕੌਮ ਸੰਕਟਾਂ ਭਰੀ ਹੈ, ਇਸ 'ਤੇ ਸਮੇਂ-ਸਮੇਂ ਸੰਕਟ ਪੈਂਦੇ ਰਹੇ ਹਨ। ਇਸ ਦਲੇਰ ਕੌਮ ਨੇ ਸੰਘਰਸ਼ ਕਰਕੇ ਮੋਰਚੇ ਲਾਕੇ, ਸ਼ਹੀਦੀਆਂ ਪਾ ਕੇ, ਗ੍ਰਿਫਤਾਰੀਆਂ ਦੇ ਕੇ, ਜਬਰ-ਜ਼ੁਲਮ ਦਾ ਟਾਕਰਾ ਕਰਕੇ ਸਿੱਖ ਧਰਮ ਨੂੰ ਚੜ੍ਹਦੀ ਕਲਾ ਵਿਚ ਰੱਖਿਆ। ਸਿੱਖ ਕੌਮ ਨੂੰ ਜ਼ਾਲਮ ਸਰਕਾਰਾਂ ਨਾਲ ਨਿਪਟਣ ਲਈ ਕਈ ਮੋਰਚੇ ਲਾਉਣੇ ਪਏ, ਜਿਸ ਤਰ੍ਹਾਂ ਗੁਰੂ ਕੇ ਬਾਗ ਦਾ ਮੋਰਚਾ, ਚਾਬੀਆਂ ਦਾ ਮੋਰਚਾ, ਜੈਤੋ ਦਾ ਮੋਰਚਾ ਆਦਿ, ਇਸ ਤਰ੍ਹਾਂ ਹੀ ਸਮੇਂ ਦੇ ਸੰਕਟ ਨਾਲ ਨਿਪਟਣ ਲਈ ਧਰਮ ਯੁੱਧ ਮੋਰਚਾ ਲੱਗਿਆ।

13 ਅਪ੍ਰੈਲ 1978 ਨੂੰ ਵਿਸਾਖੀ ਵਾਲੇ ਦਿਨ ਨਿਰੰਕਾਰੀਆਂ ਨਾਲ ਹੋਏ ਟਾਕਰੇ ਵਿਚ 13 ਸਿੰਘ ਸ਼ਹੀਦ ਹੋਣ ਤੋਂ ਬਾਅਦ ਸੰਤ ਜਰਨੈਲ ਸਿੰਘ ਭਿੰਡਰਾਂ ਵਾਲੇ ਚਰਚਾ ਵਿਚ ਆ ਗਏ ਸਨ। ਉਸ ਟਾਇਮ ਤੋਂ ਹੀ ਸਿੱਖ ਕੌਮ ਨੇ ਸੰਤ ਭਿੰਡਰਾਂ ਵਾਲਿਆਂ ਨੂੰ ਸਿੱਖ ਕੌਮ ਦੀ ਨੁਮਾਇੰਦਗੀ ਕਰਨ ਵਾਲਾ ਨਿਧੱੜਕ ਆਗੂ ਮੰਨਣਾ ਸ਼ੁਰੂ ਕਰ ਦਿੱਤਾ ਸੀ।

18 ਜੁਲਾਈ 1982 ਨੂੰ ਦਮਦਮੀ ਟਕਸਾਲ ਦੇ ਤਿੰਨ ਵਿਆਕਤੀ ਇੱਕ ਥਾਣੇਦਾਰ ਦੇ ਕਤਲ ਕੇਸ ਦੇ ਸਬੰਧ ਵਿਚ ਗ੍ਰਿਫ਼ਤਾਰ ਕਰ ਲਏ। 19 ਜੁਲਾਈ ਨੂੰ ਭਾਈ ਅਮਰੀਕ ਸਿੰਘ ਬਾਬਾ ਠਾਰਾ ਸਿੰਘ ਅਤੇ ਇਕ ਹੋਰ ਸਿੰਘ ਉਨ੍ਹਾਂ ਦੀ ਜ਼ਮਾਨਤ ਕਰਵਾਉਣ ਲਈ ਅੰਮ੍ਰਿਤਸਰ ਕੋਰਟ ਵਿਚ ਗਏ। ਉੱਥੇ ਭਾਈ ਅਮਰੀਕ ਸਿੰਘ ਨੂੰ ਜੋਗਿੰਦਰ ਸ਼ਾਂਤ ਦੇ ਕਤਲ ਕੇਸ ਵਿਚ ਅਤੇ ਬਾਬਾ ਠਾਰਾ ਸਿੰਘ ਨੂੰ 29 ਨਵੰਬਰ 1981 ਨੂੰ ਮਹਿਤ ਚੌਕ ਵਿਖੇ ਹੋਏ ਬੰਬ ਧਮਾਕੇ ਦੇ ਦੋਸ਼ ਵਿਚ ਗ੍ਰਿਫ਼ਤਾਰ ਕਰਕੇ ਕੇਸ ਪਾ ਦਿੱਤੇ ਅਤੇ ਅੰਨ੍ਹਾ ਤਸ਼ੱਦਦ ਕੀਤਾ।

ਸੰਤ ਜਰਨੈਲ ਸਿੰਘ ਜੀ ਨੇ ਉਸ ਸ਼ਾਮ ਹੀ ਸਮੇਂ ਦੀ ਨਜ਼ਾਕਤ ਨੂੰ ਪਛਾਣਦੇ ਹੋਏ ਮਹਿਤਾ ਚੌਕ ਛੱਡ ਕੇ ਦਰਬਾਰ ਸਾਹਿਬ ਸ੍ਰੀ ਅੰਮ੍ਰਿਤਸਰ ਗੁਰੂ ਨਾਨਕ ਨਿਵਾਸ ਵਿਚ ਰਹਿਣਾ ਆਰੰਭ ਕਰ ਦਿੱਤਾ। ਉਸ ਦਿਨ ਹੀ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਅਰਦਾਸ ਕਰਕੇ ਸਿੰਘਾਂ ਦੀ ਰਿਹਾਈ ਲਈ ਮੋਰਚਾ ਆਰੰਭ ਕਰ ਦਿੱਤਾ। ਪਹਿਲੇ ਦਿਨ 51 ਸਿੰਘਾਂ ਨੇ ਗ੍ਰਿਫ਼ਤਾਰੀ ਦਿੱਤੀ। ਰੋਜ਼ਾਨਾ ਜੱਥੇ ਗ੍ਰਿਫ਼ਤਾਰੀ ਦੇਣ ਲੱਗੇ। ਸੰਤ ਜੀ ਨੇ ਕਿਹਾ ਮੈਂ 25 ਜੁਲਾਈ ਨੂੰ ਕੌਮ ਨੂੰ ਨਵਾਂ ਪ੍ਰੋਗਰਾਮ ਦੇਵਾਂਗਾ।

25 ਜੁਲਾਈ ਨੂੰ ਸ੍ਰ. ਰਣਧੀਰ ਸਿੰਘ ਚੀਮਾ, ਡਾ. ਗੁਰਨਾਮ ਸਿੰਘ ਤੀਰ, ਹਰਜਿੰਦਰ ਸਿੰਘ ਦਿਲਗੀਰ, ਪ੍ਰੋ. ਮਹਿੰਦਰ ਸਿੰਘ, ਜਤਿੰਦਰ ਸਿੰਘ ਘੁੰਮਣ ਆਦਿ ਨੇ ਮੋਰਚੇ ਦੀ ਅਗਲੀ ਰੂਪ-ਰੇਖਾ ਤਿਆਰ ਕਰਕੇ, ਜੋ ਸੰਤ ਜੀ ਨੇ ਸੰਗਤਾਂ ਨੂੰ ਦੇਣੀ ਸੀ। ਉਸ ਨੂੰ ਪਾਸ ਕਰਵਾਉਣ ਲਈ ਹਰਿਮੰਦਰ ਸਿੰਘ ਸੰਧੂ ਕੋਲ ਸੰਤ ਜਰਨੈਲ ਸਿੰਘ ਜੀ ਪਾਸ ਭੇਜ ਦਿੱਤੀ। ਉਸ ਟਾਇਮ ਜੱਥੇਦਾਰ ਗੁਰਚਰਨ ਸਿੰਘ ਟੋਹੜਾ ਅਤੇ ਸ. ਭਾਨ ਸਿੰਘ ਸੰਤ ਜੀ ਕੋਲ ਚਲੇ ਗਏ। ਉਨ੍ਹਾਂ ਸੰਤ ਜਰਨੈਲ ਸਿੰਘ ਜੀ ਨੂੰ ਯਕੀਨ ਦਿਵਾਇਆ ਕਿ ਕੱਲ੍ਹ ਸਾਡੀ ਸ਼੍ਰੋਮਣੀ ਅਕਾਲੀ ਦਲ ਦੀ ਫਤਿਹਗੜ੍ਹ ਸਾਹਿਬ ਵਿਚ ਹੋਣ ਵਾਲੀ ਮੀਟਿੰਗ ਵਿਚ ਤੁਹਾਡੇ ਮੋਰਚੇ ਨੂੰ ਅਪਣਾ ਲਿਆ ਜਾਵੇਗਾ। ਗੁਰਚਰਨ ਸਿੰਘ ਟੋਹੜਾ 'ਤੇ ਯਕੀਨ ਕਰਕੇ ਸੰਤ ਜੀ ਨੇ ਤਿਆਰ ਕੀਤਾ ਐਲਾਨ ਰੋਕ ਲਿਆ ਅਤੇ ਐਲਾਨ ਕਰ ਦਿੱਤਾ ਕਿ ਮੋਰਚਾ ਕਾਮਯਾਬੀ ਤੱਕ ਚੱਲਦਾ ਰਹੇਗਾ।

ਸ਼੍ਰੋਮਣੀ ਅਕਾਲੀ ਦਲ ਦੇ ਸਿੱਖ ਰਾਜਨੀਤਿਕ ਲੀਡਰਾਂ ਨੂੰ ਆਪਣਾ ਭਵਿੱਖ ਡੁੱਬਦਾ ਨਜ਼ਰ ਆਇਆ। ਉਨ੍ਹਾਂ ਕਿਹਾ ਕਿ ਸਿੱਖਾਂ ਨੇ ਸੰਤ ਭਿੰਡਰਾਂ ਵਾਲਿਆਂ ਦੇ ਮੋਰਚੇ ਵਿਚ ਰੁੱਚੀ ਵਧਾ ਲੈਣੀ ਹੈ, ਸਾਡੀ ਪੁੱਛ-ਪ੍ਰਤੀਤ ਖ਼ਤਮ ਹੋ ਜਾਣੀ ਹੈ। ਰਾਜਨੀਤਿਕ ਲੀਡਰ ਪਹਿਲਾਂ ਆਪਣਾ ਸਿਆਸੀ ਭਵਿੱਖ ਦੇਖਦੇ ਹਨ, ਬਾਕੀ ਬਾਅਦ ਵਿਚ ਦੇਖਿਆ ਜਾਂਦਾ ਹੈ। ਸੰਤ ਹਰਚੰਦ ਸਿੰਘ ਲੌਂਗੋਵਾਲ ਅਕਾਲੀ ਦਲ ਦੇ ਪ੍ਰਧਾਨ ਸਨ। ਸੰਤ ਲੌਂਗੋਵਾਲ ਨੇ ਪਹਿਲਾਂ ਹੀ ਆਪਣੀਆਂ 15 ਮੰਗਾਂ ਸਰਕਾਰ ਨੂੰ ਲਿਖ ਕੇ ਦਿੱਤੀਆਂ ਹੋਈਆਂ ਸਨ। ਉਹ ਮੰਗਾਂ 30 ਸਤੰਬਰ 1981 ਤੱਕ ਨਾ ਮੰਨੇ ਜਾਣ ਤੋਂ ਬਾਅਦ ਮੋਰਚਾ ਲਾਉਣ ਦਾ ਐਲਾਨ ਕੀਤਾ ਹੋਇਆ ਸੀ। ਪਰ ਲਾਲਾ ਜਗਤ ਨਰਾਇਣ ਦੇ ਕਤਲ ਕੇਸ ਵਿਚ ਸੰਤ ਭਿੰਡਰਾਂ ਵਾਲਿਆਂ ਨੂੰ ਸਰਕਾਰ ਨੇ ਗ੍ਰਿਫ਼ਤਾਰ ਕੀਤੇ ਜਾਣ ਕਰਕੇ ਮੰਗਾਂ ਨਾ ਮੰਨਣ ਦੀ ਸੂਰਤ ਵਿਚ ਮੋਰਚਾ ਲਾਉਣ ਦਾ ਕੰਮ ਵਿਚ ਹੀ ਰਹਿ ਗਿਆ ਸੀ। ਹੁਣ ਅਕਾਲੀ ਦਲ ਨੇ ਆਪਣੀਆਂ ਉਹ ਮੰਗਾਂ ਮੰਨਵਾਉਣ ਲਈ ਸਿਆਸੀ ਚਾਲ ਖੇਡਦੇ ਹੋਏ 26 ਜੁਲਾਈ ਨੂੰ ਕਾਹਲੀ ਨਾਲ ਅਕਾਲੀ ਦਲ ਦੀ ਕਾਰਜਕਰਨੀ ਦੀ ਮੀਟਿੰਗ ਫਤਿਹਗੜ੍ਹ ਸਾਹਿਬ ਸੱਦ ਲਈ, ਤਾਂ ਕਿ ਸੰਤ ਭਿੰਡਰਾਂ ਵਾਲਿਆਂ ਦੇ ਮੋਰਚੇ ਨੂੰ ਆਪਣੀਆਂ ਮੰਗਾਂ ਵਾਲੇ ਮੋਰਚੇ ਦੀ ਲਪੇਟ ਵਿਚ ਲੈ ਸਕਣ। ਮੀਟਿੰਗ ਵਿਚ ਨਹਿਰ ਰੋਕੂ ਮੋਰਚਾ ਜੋ ਪਟਿਆਲੇ ਜ਼ਿਲ੍ਹੇ ਵਿਚ ਕਪੂਰੀ ਦੇ ਅਸਥਾਨ 'ਤੇ ਧੀਮੀ ਰਫ਼ਤਾਰ ਨਾਲ ਚੱਲ ਰਿਹਾ ਸੀ, ਉਸ ਨੂੰ ਠੱਪ ਕਰਕੇ ਸੰਤ ਜਰਨੈਲ ਸਿੰਘ ਭਿੰਡਰਾਂ ਵਾਲਿਆਂ ਦੇ ਮੋਰਚੇ ਵਿਚ ਸ਼ਾਮਲ ਹੋਣ ਦਾ ਐਲਾਨ ਕਰ ਦਿੱਤਾ। ਸੰਤ ਜਰਨੈਲ ਸਿੰਘ ਭਿੰਡਰਾਂ ਵਾਲੇ ਜੋ ਰਾਜਨੀਤੀ ਤੋਂ ਅਤੇ ਰਾਜਨੀਤੀਕ ਚਾਲਾਂ ਤੋਂ ਕੋਹਾਂ ਦੂਰ ਸਨ, ਉਨ੍ਹਾਂ ਆਪਣੇ ਮੋਰਚੇ ਦੀ ਕਮਾਨ ਸੰਤ ਹਰਚੰਦ ਸਿੰਘ ਲੌਂਗੋਵਾਲ ਨੂੰ ਦੇ ਦਿੱਤੀ ਅਤੇ ਐਲਾਨ ਕਰ ਦਿੱਤਾ ਕਿ ਮੈਂ ਆਪਣਾ ਮੋਰਚਾ ਸੰਤ ਹਰਚੰਦ ਸਿੰਘ ਲੌਂਗੋਵਾਲ ਵਲੋਂ ਲਗਾਏ ਮੋਰਚੇ ਵਿਚ ਸ਼ਾਮਲ ਕਰ ਦਿੱਤਾ ਹੈ। ਇਸ ਮੋਰਚੇ ਦਾ ਨਾਮ 'ਧਰਮ ਯੁੱਧ ਮੋਰਚਾ' ਰੱਖ ਕੇ ਸੰਤ ਹਰਚੰਦ ਸਿੰਘ ਲੌਂਗੋਵਾਲ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ ਦੀ ਡਿਕਟੇਟਰਸ਼ਿਪ ਹੇਠ ਸ੍ਰੀ ਅਕਾਲ ਤਖ਼ਤ ਸਾਹਿਬ ਅੰਮ੍ਰਿਤਸਰ ਤੋਂ 4 ਅਗਸਤ 1982 ਨੂੰ ਮੋਰਚਾ ਆਰੰਭ ਕਰਨ ਦਾ ਐਲਾਨ ਕਰ ਦਿੱਤਾ।

ਜਦੋਂ ਸਾਰੀ ਲੀਡਰਸ਼ਿਪ ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਨੂੰ ਨਾਲ ਲੈ ਕੇ ਇੱਕ ਮੰਚ 'ਤੇ ਇਕੱਠੀ ਹੋਈ, ਤਾਂ ਸਿੱਖ ਸੰਗਤਾਂ ਵਿਚ ਇੱਕ ਦਮ ਸਰਕਾਰ ਦੇ ਜਬਰ ਤੇ ਜ਼ੁਲਮ ਵਿਰੁੱਧ ਰੋਸ ਭਰ ਗਿਆ। ਸੰਗਤਾਂ ਵਲੋਂ ਮੋਰਚੇ ਵਿਚ ਗ੍ਰਿਫ਼ਤਾਰੀਆਂ ਦੇਣ ਦਾ ਉਤਸ਼ਾਹ ਅਤੇ ਜੋਸ਼ ਠਾਠਾਂ ਮਾਰ ਰਿਹਾ ਸੀ। ਸਿੱਖ ਸੰਗਤਾਂ ਨੇ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਵੱਲ ਵਹੀਰਾਂ ਘੱਤ ਦਿੱਤੀਆਂ। ਸਿੱਖ ਲਹਿਰ ਬਣੀ ਦੇਖ ਕੇ ਅਖੰਡ ਕੀਰਤਨੀ ਜੱਥੇ ਅਤੇ ਚੀਫ ਖਾਲਸਾ ਦੀਵਾਨ ਨੇ ਵੀ ਧਰਮ ਯੁੱਧ ਮੋਰਚੇ ਵਿਚ ਸ਼ਾਮਲ ਹੋਣ ਦਾ ਐਲਾਨ ਕਰ ਦਿੱਤਾ। 23 ਦਸੰਬਰ ਨੂੰ ਦਰਬਾਰ ਸਾਹਿਬ ਵਿਚ ਹੋਈ ਸਾਬਕਾ ਫ਼ੌਜੀਆਂ ਦੀ ਕਨਵੈਨਸ਼ਨ ਵਿਚ ਵੀ ਬਹੁਤ ਜ਼ਿਆਦਾ ਇਕੱਠ ਹੋਇਆ। ਸਰਕਾਰ ਦੇ ਡਰਾਵਿਆਂ ਦੀ ਕੋਈ ਪ੍ਰਵਾਹ ਨਾ ਕਰਦੇ ਹੋਏ ਸਾਬਕਾ ਫ਼ੌਜੀ ਵੀ ਧਰਮ ਯੁੱਧ ਮੋਰਚੇ ਵਿਚ ਸ਼ਾਮਲ ਹੋ ਗਏ। ਜੱਥੇਦਾਰ ਜਗਦੇਵ ਸਿੰਘ ਤਲਵੰਡੀ ਵੀ ਸਾਢੇ ਸਤਾਰਾਂ ਮਹੀਨੇ ਤੋਂ ਦਿੱਲੀ ਵਿਚ ਮੋਰਚਾ ਚੱਲਾ ਰਹੇ ਸਨ, ਉਹ ਵੀ ਆਪਣਾ ਮੋਰਚਾ ਬੰਦ ਕਰਕੇ ਧਰਮ ਯੁੱਧ ਮੋਰਚੇ ਵਿਚ ਸ਼ਾਮਲ ਹੋ ਗਏ।

4 ਅਗਸਤ 1982 ਨੂੰ ਪਹਿਲਾ 500 ਸਿੰਘਾਂ ਦਾ ਜੱਥਾ ਗ੍ਰਿਫ਼ਤਾਰੀ ਦੇਣ ਲਈ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਅਰਦਾਸ ਕਰਕੇ ਰਵਾਨਾ ਹੋਇਆ। ਸਿੱਖ ਜੱਥਿਆਂ ਦੀ ਗ੍ਰਿਫਤਾਰੀ ਦਾ ਸਿਲਸਿਲਾ ਇੰਨਾ ਜ਼ੋਰ ਫੜ ਗਿਆ ਸੀ ਕਿ ਸਰਕਾਰ ਨੇ ਮੋਰਚਾ ਫੇਲ੍ਹ ਕਰਨ ਖਾਤਰ 26-27 ਅਗਸਤ ਦੀ ਰਾਤ ਨੂੰ 1000 ਦੇ ਕਰੀਬ ਸਿੱਖ ਲੀਡਰਾਂ ਨੂੰ ਗ੍ਰਿਫ਼ਤਾਰ ਕਰ ਲਿਆ ਪਰ ਇਸ ਗ੍ਰਿਫ਼ਤਾਰੀਆਂ ਦੇਣ ਵਾਲੀ ਚਾਲ 'ਤੇ ਕੋਈ ਅਸਰ ਨਾ ਪਿਆ। ਧਰਮ ਯੁੱਧ ਮੋਰਚੇ ਵਿਚ ਗ੍ਰਿਫ਼ਤਾਰੀਆਂ ਦੇਣ ਲਈ ਸੰਤ ਹਰਚੰਦ ਸਿੰਘ ਲੌਂਗੋਵਾਲ ਕੋਲ ਨਾਮ ਲਿਖਵਾਉਣ ਵਾਲਿਆਂ ਦੀਆਂ ਲੰਬੀਆਂ-ਲੰਬੀਆਂ ਕਤਾਰਾਂ ਲੱਗ ਜਾਂਦੀਆਂ ਸਨ। 16 ਅਕਤੂਬਰ ਦੀ ਦੀਵਾਲੀ ਨੂੰ ਮੁੱਖ ਰੱਖਦਿਆਂ ਸੰਤ ਹਰਚੰਦ ਸਿੰਘ ਲੌਂਗੋਵਾਲ ਨੇ 11 ਤੋਂ 16 ਅਕਤੂਬਰ ਤੱਕ ਮੋਰਚੇ ਵਿਚ ਤੇਜ਼ੀ ਲਿਆਉਣ ਲਈ ਦਿਨ-ਰਾਤ ਜੱਥੇ ਭੇਜਣੇ ਸ਼ੁਰੂ ਕਰ ਦਿੱਤੇ। ਦਿਵਾਲੀ ਦੇ ਤਿਉਹਾਰ ਨੂੰ ਵੀ ਕਾਲੇ ਦਿਨ ਵਜੋਂ ਮਨਾਉਣ ਦਾ ਐਲਾਨ ਕਰ ਦਿੱਤਾ।

15 ਤਾਰੀਕ ਨੂੰ ਇੰਦਰਾ ਗਾਂਧੀ ਨੇ ਮੋਰਚੇ ਪ੍ਰਤੀ ਝੂਠਾ ਪ੍ਰਚਾਰ ਕਰਕੇ ਕੁਝ ਅਕਾਲੀ ਲੀਡਰ ਜੇਲ੍ਹਾਂ ਵਿਚੋਂ ਧੱਕੇ ਨਾਲ ਬਾਹਰ ਕੱਢ ਦਿੱਤੇ। ਵਿਦੇਸ਼ਾਂ ਦੀਆਂ ਅਖ਼ਬਾਰਾਂ ਵਿਚ ਇਹ ਖ਼ਬਰਾਂ ਦਾ ਜ਼ੋਰ ਫੜਿਆ ਹੋਇਆ ਸੀ ਕਿ ਭਾਰਤ ਵਿਚ ਸਿੱਖਾਂ (ਘੱਟ-ਗਿਣਤੀ) ਨੂੰ ਤੰਗ ਪਰੇਸ਼ਾਨ ਕੀਤਾ ਜਾ ਰਿਹਾ ਹੈ। ਉਨ੍ਹਾਂ ਦੀ ਕੋਈ ਮੰਗ ਵੀ ਨਹੀਂ ਮੰਨੀ ਜਾ ਰਹੀ। 19 ਨਵੰਬਰ ਤੋਂ 4 ਦਸੰਬਰ ਤੱਕ ਭਾਰਤ ਵਿਚ ਹੋ ਰਹੀਆਂ ਏਸ਼ੀਅਨ ਖੇਡਾ ਵਿਚ ਇੰਦਰਾ ਗਾਂਧੀ ਇਸ ਗੱਲ ਤੋਂ ਡਰਦੀ ਸੀ ਕਿ ਕਿਤੇ ਸਿੱਖ ਕੌਮ ਦਾ ਮਸਲਾ ਏਸ਼ੀਅਨ ਖੇਡਾਂ ਵਿਚ ਨਾ ਉਠ ਖੜ੍ਹੇ।

ਧਰਮ ਯੁੱਧ ਮੋਰਚਾ ਸ਼ੁਰੂ ਹੋਣ ਤੋਂ ਲਗਭਗ ਛੇ ਮਹੀਨੇ ਅੰਦਰ 70,000 ਸਿੱਖਾਂ ਨੇ ਗ੍ਰਿਫ਼ਤਾਰੀਆਂ ਦੇ ਦਿੱਤੀਆਂ। 100 ਤੋਂ ਵੱਧ ਸਿੱਖ ਸ਼ਹੀਦ ਹੋ ਗਏ ਸਨ। ਸਮੇਂ-ਸਮੇਂ ਨਾਲ ਸਰਕਾਰ ਵੱਲੋ ਭੇਜੇ ਹੋਏ ਨੁਮਾਇੰਦੇ ਸਰਦਾਰ ਸਵਰਨ ਸਿੰਘ, ਫਾਰੂਕ ਅਬਦੁੱਲਾ, ਐੱਲ.ਕੇ. ਅਡਵਾਨੀ, ਮਧੂ ਦੰਡਵਤੇ, ਅਮਰਿੰਦਰ ਸਿੰਘ, ਹਰਕ੍ਰਿਸ਼ਨ ਸਿੰਘ ਸੁਰਜੀਤ ਆਦਿ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਅਤੇ ਧਰਮ ਯੁੱਧ ਮੋਰਚੇ ਦੇ ਡਿਕਟੇਟਰ ਸੰਤ ਹਰਚੰਦ ਸਿੰਘ ਲੌਂਗੋਵਾਲ, ਗੁਰਚਰਨ ਸਿੰਘ ਟੋਹੜਾ, ਪ੍ਰਕਾਸ਼ ਸਿੰਘ ਬਾਦਲ, ਸੁਰਜੀਤ ਸਿੰਘ ਬਰਨਾਲਾ, ਬਲਵੰਤ ਸਿੰਘ ਆਦਿ ਨਾਲ ਮੀਟਿੰਗਾਂ ਕਰਦੇ ਰਹੇ। ਉਹ ਮੰਗਾਂ ਮੰਨ ਲੈਣ ਦਾ ਵਿਸ਼ਵਾਸ ਦਿਵਾ ਕੇ ਚਲੇ ਜਾਂਦੇ ਪਰ ਇੰਦਰਾ ਗਾਂਧੀ ਦੇ ਦਿਲ ਵਿਚ ਬੇਈਮਾਨੀ ਹੋਣ ਕਰਕੇ ਕੋਈ ਵੀ ਮੰਗ ਸਿਰੇ ਨਾ ਚੜ੍ਹ ਸਕੀ। ਇੱਕ ਵਾਰ ਤਾਂ ਇਸ ਤਰ੍ਹਾਂ ਹੋਇਆ ਕਿ ਇੰਦਰਾ ਗਾਂਧੀ ਨੇ ਅਕਾਲੀ ਦਲ ਨੂੰ ਇਹ ਕਹਿ ਕੇ ਲਾਰਾ ਲਾ ਦਿੱਤਾ ਕਿ ਵਿਰੋਧੀ ਧਿਰ ਤੁਹਾਡੀਆਂ ਮੰਗਾਂ ਤੋਂ ਜਾਣੂੰ ਹੋਣਾ ਚਾਹੁੰਦੀ ਹੈ।

ਜੂਨ 1984 ਨੂੰ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਨੇ ਦਰਬਾਰ ਸਾਹਿਬ 'ਤੇ ਆਪ੍ਰੇਸ਼ਨ ਬਲਿਊ ਸਟਾਰ ਕਰਵਾ ਦਿੱਤਾ। ਇਸ ਵਿਚ ਸਿੱਖਾਂ ਦੇ ਹੱਕ ਜੋ ਮੰਗਾਂ ਦੇ ਰੂਪ ਵਿਚ ਧਰਮ ਯੁੱਧ ਮੋਰਚਾ ਲਾ ਕੇ ਮੰਗ ਰਹੇ ਸਨ, ਉਹ ਟੈਂਕਾਂ ਨਾਲ ਹੋਏ ਹਮਲੇ ਵਿਚ ਬਰੂਦ ਦੇ ਗੋਲਿਆਂ ਵਿਚ ਸਾੜ ਕੇ ਸੁਆਹ ਕਰ ਦਿੱਤੇ। ਧਰਮ ਯੁੱਧ ਮੋਰਚਾ ਅਪ੍ਰੇਸ਼ਨ ਬਲਿਊ ਸਟਾਰ ਦੀ ਭੇਟ ਚੜ੍ਹ ਗਿਆ ਸੀ। ਇਹ ਸਿੱਖ ਕੌਮ 'ਤੇ ਪਏ ਵੱਡੇ ਘੱਲੂਘਾਰਿਆਂ 'ਚੋਂ ਤੀਜਾ ਘੱਲੂਘਾਰਾ ਸੀ।

25 ਜੁਲਾਈ ਨੂੰ ਸ੍ਰ. ਰਣਧੀਰ ਸਿੰਘ ਚੀਮਾ, ਡਾ. ਗੁਰਨਾਮ ਸਿੰਘ ਤੀਰ, ਹਰਜਿੰਦਰ ਸਿੰਘ ਦਿਲਗੀਰ, ਪ੍ਰੋ. ਮਹਿੰਦਰ ਸਿੰਘ, ਜਤਿੰਦਰ ਸਿੰਘ ਘੁੰਮਣ ਆਦਿ ਨੇ ਮੋਰਚੇ ਦੀ ਅਗਲੀ ਰੂਪ-ਰੇਖਾ ਤਿਆਰ ਕਰਕੇ, ਜੋ ਸੰਤ ਜੀ ਨੇ ਸੰਗਤਾਂ ਨੂੰ ਦੇਣੀ ਸੀ। ਉਸ ਨੂੰ ਪਾਸ ਕਰਵਾਉਣ ਲਈ ਹਰਿਮੰਦਰ ਸਿੰਘ ਸੰਧੂ ਕੋਲ ਸੰਤ ਜਰਨੈਲ ਸਿੰਘ ਜੀ ਪਾਸ ਭੇਜ ਦਿੱਤੀ। ਉਸ ਟਾਇਮ ਜੱਥੇਦਾਰ ਗੁਰਚਰਨ ਸਿੰਘ ਟੋਹੜਾ ਅਤੇ ਸ. ਭਾਨ ਸਿੰਘ ਸੰਤ ਜੀ ਕੋਲ ਚਲੇ ਗਏ। ਉਨ੍ਹਾਂ ਸੰਤ ਜਰਨੈਲ ਸਿੰਘ ਜੀ ਨੂੰ ਯਕੀਨ ਦਿਵਾਇਆ ਕਿ ਕੱਲ੍ਹ ਸਾਡੀ ਸ਼੍ਰੋਮਣੀ ਅਕਾਲੀ ਦਲ ਦੀ ਫਤਿਹਗੜ੍ਹ ਸਾਹਿਬ ਵਿਚ ਹੋਣ ਵਾਲੀ ਮੀਟਿੰਗ ਵਿਚ ਤੁਹਾਡੇ ਮੋਰਚੇ ਨੂੰ ਅਪਣਾ ਲਿਆ ਜਾਵੇਗਾ।

# ਆਰਟੀਫੀਸ਼ੀਅਲ ਇੰਟੈਲੀਜੈਂਸ ਸਾਖਰਤਾ ਅਤੇ ਹੁਨਰ ਵੱਖੋ-ਵੱਖਰੇ ਰਸਤੇ ਨਹੀਂ

-ਵਿਜੈ ਗਰਗ
ਰਿਟਾਇਰਡ ਪ੍ਰਿੰਸੀਪਲ, ਐਜੂਕੇਸ਼ਨਲ ਕਾਲਮਨਵੀਸ, ਮਲੋਟ (ਪੰਜਾਬ)
ਪੰਜਾਬ ਮੇਲ USA





ਭਾਰਤ ਆਪਣੀ ਤਕਨੀਕੀ ਯਾਤਰਾ ਦੇ ਇੱਕ ਮਹੱਤਵਪੂਰਨ ਪਲ 'ਤੇ ਹੈ। 2022 ਤੋਂ, ਜਨਰੇਟਿਵ ਏ.ਆਈ. ਨੇ ਤੇਜ਼ੀ ਨਾਲ ਤਰੱਕੀ ਕੀਤੀ ਹੈ, ਨਵੀਨਤਾ ਨੂੰ ਤੇਜ਼ ਕੀਤਾ ਹੈ ਅਤੇ ਗੁੰਝਲਦਾਰ ਚੁਣੌਤੀਆਂ ਨਾਲ ਨਜਿੱਠਣ ਲਈ ਨਵੀਆਂ ਸੰਭਾਵਨਾਵਾਂ ਨੂੰ ਖੋਲ੍ਹਿਆ ਹੈ। ਤਕਨੀਕੀ ਤਰੱਕੀ ਦੀ ਇਹ ਲਹਿਰ ਭਾਰਤ ਦੀਆਂ ਵਿਕਾਸ ਤਰਜੀਹਾਂ ਨਾਲ ਨੇੜਿਓਂ ਮੇਲ ਖਾਂਦੀ ਹੈ, ਮੁੱਖ ਖੇਤਰਾਂ ਵਿਚ ਪਰਿਵਰਤਨਸ਼ੀਲ ਪ੍ਰਭਾਵ ਲਈ ਮੌਕੇ ਖੋਲ੍ਹਦੀ ਹੈ। ਸ਼ੁਰੂਆਤੀ ਵਰਤੋਂ ਦੇ ਮਾਮਲੇ ਪਹਿਲਾਂ ਹੀ ਉੱਭਰ ਰਹੇ ਹਨ, ਸਿੱਖਿਆ ਵਿਚ ਵਿਅਕਤੀਗਤ ਸਿੱਖਣ ਦੇ ਹੱਲਾਂ ਤੋਂ ਲੈ ਕੇ, ਖੇਤੀਬਾੜੀ ਵਿਚ ਬਿਹਤਰ ਫਸਲ ਪ੍ਰਬੰਧਨ ਲਈ ਭਵਿੱਖਬਾਣੀ ਵਿਸ਼ਲੇਸ਼ਣ ਅਤੇ ਸਿਹਤ ਸੰਭਾਲ ਵਿਚ ਵਧੀਆਂ ਡਾਇਗਨੌਸਟਿਕਸ ਅਤੇ ਪਹੁੰਚ ਤੱਕ।

ਜਿਵੇਂ ਕਿ ਏ.ਆਈ. ਹੱਲ ਰੋਜ਼ਾਨਾ ਡਿਜੀਟਲ ਗੱਲਬਾਤ ਦਾ ਅਨਿੱਖੜਵਾਂ ਅੰਗ ਬਣਦੇ ਜਾ ਰਹੇ ਹਨ, ਸਵਾਲ ਹੁਣ ਸਿਰਫ਼ ਏ.ਆਈ. ਟੂਲਸ ਤੱਕ ਪਹੁੰਚ ਦਾ ਨਹੀਂ ਹੈ; ਇਹ ਨਾਗਰਿਕਾਂ ਦੀ ਉਨ੍ਹਾਂ ਨਾਲ ਪ੍ਰਭਾਵਸ਼ਾਲੀ ਢੰਗ ਨਾਲ ਅਤੇ ਜ਼ਿੰਮੇਵਾਰ ਉਪਭੋਗਤਾਵਾਂ ਵਜੋਂ ਜੁੜਨ ਦੀ ਸਮਰੱਥਾ ਬਾਰੇ ਹੈ। ਇਸ ਮੌਕੇ ਨੂੰ ਸੱਚਮੁੱਚ ਵਰਤਣ ਲਈ, ਏ.ਆਈ. ਸਾਖਰਤਾ ਵਿਚ ਨਿਵੇਸ਼ ਕਰਨਾ ਇੱਕ ਰਾਸ਼ਟਰੀ ਜ਼ਰੂਰੀ ਹੈ, ਜੋ ਹਰੇਕ ਨਾਗਰਿਕ ਨੂੰ ਏ.ਆਈ.-ਸੰਚਾਲਿਤ ਦੁਨੀਆਂ ਵਿਚ ਨੈਵੀਗੇਟ ਕਰਨ ਅਤੇ ਭਵਿੱਖ ਨੂੰ ਸਰਗਰਮੀ ਨਾਲ ਆਕਾਰ ਦੇਣ ਲਈ ਸਸ਼ਕਤ ਬਣਾਉਣ ਦਾ ਰਾਹ ਪੱਧਰਾ ਕਰਦਾ ਹੈ।

ਭਾਰਤ ਦੀ ਏ.ਆਈ. ਕੰਪਿਊਟ ਸਮਰੱਥਾ ਨੇ ਜਾਣਬੁੱਝ ਕੇ ਨਿਵੇਸ਼ ਰਾਹੀਂ ਇੱਕ ਨਾਟਕੀ ਛਾਲ ਮਾਰੀ ਹੈ, ਜੋ ਹੁਣ ਕਈ ਪ੍ਰਦਾਤਾਵਾਂ ਦੇ ਪੈਨਲਮੈਂਟ ਤੋਂ ਬਾਅਦ 34,333 ਜੀ.ਪੀ.ਯੂ. (ਗ੍ਰਾਫਿਕਸ ਪ੍ਰੋਸੈਸਿੰਗ ਯੂਨਿਟ) 'ਤੇ ਪਹੁੰਚ ਗਈ ਹੈ। ਇਹ ਪੈਮਾਨਾ ਦੇਸ਼ ਨੂੰ ਵਿਸ਼ਵ ਪੱਧਰੀ ਏ.ਆਈ. ਖੋਜ ਅਤੇ ਨਵੀਨਤਾ ਦਾ ਸਮਰਥਨ ਕਰਨ, ਸੰਪ੍ਰਭੂ ਮਾਡਲਾਂ ਨੂੰ ਵਿਕਸਤ ਕਰਨ ਅਤੇ ਅਸਲ-ਸੰਸਾਰ ਦੀਆਂ ਚੁਣੌਤੀਆਂ ਨੂੰ ਹੱਲ ਕਰਨ ਵਾਲੇ ਪ੍ਰਭਾਵਸ਼ਾਲੀ ਏ.ਆਈ. ਹੱਲਾਂ ਦਾ ਸਮਰਥਨ ਕਰਨ ਲਈ ਸਥਿਤੀ ਦਿੰਦਾ ਹੈ। ਸਵਦੇਸ਼ੀ ਏ.ਆਈ. ਮਾਡਲ ਵਿਕਾਸ ਨੂੰ ਉਤਸ਼ਾਹਿਤ ਕਰਨ ਲਈ, ਸੰਸਥਾਵਾਂ ਨੂੰ ਬੁਨਿਆਦੀ ਏ.ਆਈ. ਮਾਡਲ ਬਣਾਉਣ ਅਤੇ ਤੈਨਾਤ ਕਰਨ ਲਈ ਚੁਣਿਆ ਗਿਆ ਹੈ। ਪਹਿਲਕਦਮੀਆਂ ਰਾਹੀਂ ਡੇਟਾ ਗੁਣਵੱਤਾ ਅਤੇ ਉਪਲਬਧਤਾ ਨੂੰ ਵੀ ਵਧਾਇਆ ਜਾ ਰਿਹਾ ਹੈ।

ਇਸ ਤੋਂ ਇਲਾਵਾ, ਭਾਰਤ ਦਾ ਪ੍ਰਤਿਭਾ ਪੂਲ ਪਹਿਲਾਂ ਹੀ ਵਿਸ਼ਵ ਪੱਧਰ 'ਤੇ ਪ੍ਰਭਾਵ ਪਾ ਰਿਹਾ ਹੈ। ਸਟੈਨਫੋਰਡ ਏ.ਆਈ. ਇੰਡੈਕਸ ਰਿਪੋਰਟ 2025 ਦੇ ਅਨੁਸਾਰ, ਭਾਰਤ 2016 ਤੋਂ 2024 ਤੱਕ 252% ਵਾਧੇ ਦੇ ਨਾਲ ਏ.ਆਈ. ਹੁਨਰ ਦੇ ਪ੍ਰਵੇਸ਼ ਵਿਚ ਦੁਨੀਆਂ ਭਰ ਵਿਚ ਦੂਜੇ ਸਥਾਨ 'ਤੇ ਰਿਹਾ ਅਤੇ ਸਾਲ-ਦਰ-ਸਾਲ ਏ.ਆਈ. ਪ੍ਰਤਿਭਾ ਭਰਤੀ ਦਰਾਂ ਵਿਚ ਦੁਨੀਆਂ ਦੀ ਅਗਵਾਈ ਕੀਤੀ ਹੈ। ਇਸ ਦੇ ਨਾਲ, ਮਿਸ਼ਨ ਇੱਕ ਮਜ਼ਬੂਤ ਪ੍ਰਤਿਭਾ ਪਾਈਪਲਾਈਨ ਨੂੰ ਪਾਲਣ-ਪੋਸ਼ਣ 'ਤੇ ਕੇਂਦ੍ਰਿਤ ਹੈ। ਖਾਸ ਤੌਰ 'ਤੇ, ਇੰਡੀਆ ਏ.ਆਈ. ਡੇਟਾ ਲੈਬਜ਼ ਦੀ ਸ਼ੁਰੂਆਤ ਰਾਹੀਂ ਟੀਅਰ 2 ਅਤੇ ਟੀਅਰ 3 ਸ਼ਹਿਰਾਂ ਵਿਚ ਨੌਜਵਾਨਾਂ ਵਿਚ ਏ.ਆਈ. ਹੁਨਰ ਨੂੰ ਮਜ਼ਬੂਤ ਕੀਤਾ ਜਾ ਰਿਹਾ ਹੈ, ਜੋ ਡੇਟਾ ਅਤੇ ਏ.ਆਈ. ਵਿਚ ਬੁਨਿਆਦੀ ਕੋਰਸ ਪ੍ਰਦਾਨ ਕਰੇਗਾ।

ਇਸ ਗਤੀ ਨੂੰ ਕਾਇਮ ਰੱਖਣ ਲਈ ਇੱਕ ਵਿਸ਼ਾਲ ਨੀਂਹ ਬਣਾਉਣ ਦੀ ਲੋੜ ਹੈ। ਇਹ ਯਕੀਨੀ ਬਣਾਉਣ ਲਈ ਕਿ ਹਰ ਨਾਗਰਿਕ, ਨਾ ਸਿਰਫ਼ ਖੋਜਕਰਤਾ ਅਤੇ ਵਿਕਾਸਕਾਰ, ਇੱਕ ਏ.ਆਈ.-ਸੰਚਾਲਿਤ ਭਵਿੱਖ ਵਿਚ ਅਰਥਪੂਰਨ ਹਿੱਸਾ ਲੈ ਸਕਣ, ਸਾਰਿਆਂ ਲਈ ਬੁਨਿਆਦੀ ਏ.ਆਈ. ਸਾਖਰਤਾ ਇੱਕ ਰਣਨੀਤਕ ਰਾਸ਼ਟਰੀ ਤਰਜੀਹ ਬਣ ਗਈ ਹੈ। ਇਹ ਖਾਸ ਤੌਰ 'ਤੇ ਨੌਜਵਾਨ ਸਿਖਿਆਰਥੀਆਂ, ਸਾਡੇ ਭਵਿੱਖ ਦੇ ਨਾਗਰਿਕਾਂ ਲਈ ਮਹੱਤਵਪੂਰਨ ਹੈ, ਜੋ ਇੱਕ ਅਜਿਹੀ ਦੁਨੀਆਂ ਵਿਚ ਵੱਡੇ ਹੋ ਰਹੇ ਹਨ, ਜਿੱਥੇ ਏ.ਆਈ. ਪਹਿਲਾਂ ਹੀ ਆਪਣੇ ਰੋਜ਼ਾਨਾ ਅਨੁਭਵਾਂ ਨੂੰ ਆਕਾਰ ਦੇ ਰਿਹਾ ਹੈ।

ਇਸ ਗਤੀ ਨੂੰ ਕਾਇਮ ਰੱਖਣ ਲਈ ਇੱਕ ਵਿਸ਼ਾਲ ਨੀਂਹ ਬਣਾਉਣ ਦੀ ਲੋੜ ਹੈ। ਇਹ ਯਕੀਨੀ ਬਣਾਉਣ ਲਈ ਕਿ ਹਰ ਨਾਗਰਿਕ, ਨਾ ਸਿਰਫ਼ ਖੋਜਕਰਤਾ ਅਤੇ ਵਿਕਾਸਕਾਰ, ਇੱਕ ਏ.ਆਈ.-ਸੰਚਾਲਿਤ ਭਵਿੱਖ ਵਿਚ ਅਰਥਪੂਰਨ ਹਿੱਸਾ ਲੈ ਸਕਣ, ਸਾਰਿਆਂ ਲਈ ਬੁਨਿਆਦੀ ਏ.ਆਈ. ਸਾਖਰਤਾ ਇੱਕ ਰਣਨੀਤਕ ਰਾਸ਼ਟਰੀ ਤਰਜੀਹ ਬਣ ਗਈ ਹੈ। ਇਹ ਖਾਸ ਤੌਰ 'ਤੇ ਨੌਜਵਾਨ ਸਿਖਿਆਰਥੀਆਂ, ਸਾਡੇ ਭਵਿੱਖ ਦੇ ਨਾਗਰਿਕਾਂ ਲਈ ਮਹੱਤਵਪੂਰਨ ਹੈ, ਜੋ ਇੱਕ ਅਜਿਹੀ ਦੁਨੀਆਂ ਵਿਚ ਵੱਡੇ ਹੋ ਰਹੇ ਹਨ, ਜਿੱਥੇ ਏ.ਆਈ. ਪਹਿਲਾਂ ਹੀ ਆਪਣੇ ਰੋਜ਼ਾਨਾ ਅਨੁਭਵਾਂ ਨੂੰ ਆਕਾਰ ਦੇ ਰਿਹਾ ਹੈ।

ਅੱਜ ਦੇ ਬੱਚੇ ਪਹਿਲਾਂ ਹੀ ਏ.ਆਈ. ਦੁਆਰਾ ਡੂੰਘੇ ਰੂਪ ਵਿਚ ਬਣਾਏ ਗਏ ਵਾਤਾਵਰਣ ਵਿਚ ਡੁੱਬੇ ਹੋਏ ਹਨ। 14-16 ਸਾਲ ਦੀ ਉਮਰ ਦੇ 80% ਤੋਂ ਵੱਧ ਪੇਂਡੂ ਭਾਰਤੀ ਬੱਚੇ ਨਿਯਮਿਤ ਤੌਰ 'ਤੇ ਸਮਾਰਟਫੋਨ ਦੀ ਵਰਤੋਂ ਕਰਦੇ ਹਨ, ਸਿਫਾਰਸ਼ ਇੰਜਣਾਂ, ਆਟੋਕੰਪਲੀਟ ਟੂਲਸ ਅਤੇ ਚੈਟਬੋਟਸ ਨਾਲ ਅਕਸਰ ਗੱਲਬਾਤ ਕਰਦੇ ਹਨ, ਇਹ ਅਹਿਸਾਸ ਕੀਤੇ ਬਿਨਾਂ ਕਿ ਇਹ ਐਲਗੋਰਿਦਮ ਉਨ੍ਹਾਂ ਦੀਆਂ ਚੋਣਾਂ, ਵਿਚਾਰਾਂ ਜਾਂ ਵਿਵਹਾਰ ਨੂੰ ਕਿਵੇਂ ਆਕਾਰ ਦਿੰਦੇ ਹਨ।

ਇਹ ਚੁੱਪ ਇਮਰਸ਼ਨ ਵਾਅਦਾ ਅਤੇ ਖ਼ਤਰਾ ਦੋਵੇਂ ਪੇਸ਼ ਕਰਦਾ ਹੈ। ਏ.ਆਈ.-ਸੰਚਾਲਿਤ ਪਲੇਟਫਾਰਮ ਵਿਅਕਤੀਗਤ ਸਿਖਲਾਈ ਅਤੇ ਅਨੁਕੂਲ ਫੀਡਬੈਕ ਪ੍ਰਦਾਨ ਕਰ ਸਕਦੇ ਹਨ, ਜੋ ਕਿ ਸਿਖਿਆਰਥੀਆਂ ਲਈ ਹੋਰ ਪਹੁੰਚ ਤੋਂ ਬਾਹਰ ਹੋ ਸਕਦੇ ਹਨ। ਇਸ ਦੇ ਨਾਲ ਹੀ, ਏ.ਆਈ. ਨਾਲ ਆਲੋਚਨਾਤਮਕ ਤੌਰ 'ਤੇ ਜੁੜਨ ਲਈ ਸਾਧਨਾਂ ਤੋਂ ਬਿਨਾਂ, ਸਿਖਿਆਰਥੀ, ਖਾਸ ਕਰਕੇ ਘੱਟ ਆਮਦਨ ਵਾਲੇ ਵਰਗਾਂ ਦੇ, ਗਲਤ ਜਾਣਕਾਰੀ, ਗੋਪਨੀਯਤਾ ਜ਼ੋਖਮਾਂ ਅਤੇ ਐਲਗੋਰਿਦਮਿਕ ਪੱਖਪਾਤ ਲਈ ਵਧੇਰੇ ਕਮਜ਼ੋਰ ਹੁੰਦੇ ਹਨ।

ਏਜੰਸੀ, ਇਕੁਇਟੀ ਅਤੇ ਸਸ਼ਕਤੀਕਰਨ 'ਤੇ ਏ.ਆਈ. ਦਾ ਪ੍ਰਭਾਵ ਇਸ ਗੱਲ 'ਤੇ ਨਿਰਭਰ ਕਰੇਗਾ ਕਿ ਵਿਅਕਤੀ ਇਸ ਤਕਨਾਲੋਜੀ ਨੂੰ ਸਮਝਣ ਅਤੇ ਨੈਵੀਗੇਟ ਕਰਨ ਲਈ ਕਿੰਨੀ ਚੰਗੀ ਤਰ੍ਹਾਂ ਤਿਆਰ ਹਨ। ਬੁਨਿਆਦੀ ਸਾਖਰਤਾ ਤੋਂ ਬਿਨਾਂ, ਨੌਜਵਾਨ ਇੱਕ ਸਮਾਵੇਸ਼ੀ ਅਤੇ ਨਵੀਨਤਾਕਾਰੀ ਡਿਜੀਟਲ ਭਵਿੱਖ ਵਿਚ ਸਰਗਰਮ ਯੋਗਦਾਨ ਪਾਉਣ ਦੀ ਬਜਾਏ ਪੈਸਿਵ ਖਪਤਕਾਰ ਬਣੇ ਰਹਿਣ ਦਾ ਜ਼ੋਖਮ ਲੈਂਦੇ ਹਨ। ਜਿਵੇਂ ਕਿ ਭਾਰਤ ਏ.ਆਈ. ਵਿਚ ਆਪਣੀ ਅਗਵਾਈ ਨੂੰ ਤੇਜ਼ ਕਰ ਰਿਹਾ ਹੈ, ਵੱਡੇ ਪੱਧਰ 'ਤੇ ਬੁਨਿਆਦੀ ਏ.ਆਈ. ਸਾਖਰਤਾ ਬਣਾਉਣਾ ਜ਼ਰੂਰੀ ਹੈ। ਏ.ਆਈ. ਸਾਖਰਤਾ ਉਸ ਗਿਆਨ ਅਤੇ ਅਭਿਆਸਾਂ ਨੂੰ ਦਰਸਾਉਂਦੀ ਹੈ, ਜੋ ਵਿਦਿਆਰਥੀਆਂ, ਅਧਿਆਪਕਾਂ ਅਤੇ ਮਾਪਿਆਂ ਨੂੰ ਇਹ ਸਮਝਣ ਵਿਚ ਮਦਦ ਕਰਦੇ ਹਨ ਕਿ ਏ.ਆਈ. ਕੀ ਹੈ, ਇਹ ਉਨ੍ਹਾਂ ਦੇ ਡਿਜੀਟਲ ਜੀਵਨ ਨੂੰ ਕਿਵੇਂ ਆਕਾਰ ਦਿੰਦਾ ਹੈ ਅਤੇ ਇਸਨੂੰ ਸੁਰੱਖਿਅਤ ਅਤੇ ਸੋਚ-ਸਮਝ ਕੇ ਕਿਵੇਂ ਵਰਤਣਾ ਹੈ।

ਏ.ਆਈ. ਸਮਰਥ ਭਾਰਤ ਦਾ ਪਹਿਲਾ ਵੱਡੇ ਪੱਧਰ ਦਾ ਏ.ਆਈ. ਸਾਖਰਤਾ ਪ੍ਰੋਗਰਾਮ ਹੈ, ਜੋ ਭਾਰਤ ਦੇ ਪਛੜੇ ਭਾਈਚਾਰਿਆਂ ਲਈ ਤਿਆਰ ਕੀਤਾ ਗਿਆ ਹੈ। ਇਸ ਪਹਿਲਕਦਮੀ ਦਾ ਉਦੇਸ਼ ਸਰਕਾਰੀ ਅਤੇ ਕਿਫਾਇਤੀ ਪ੍ਰਾਈਵੇਟ ਸਕੂਲਾਂ ਦੇ 50 ਲੱਖ ਵਿਦਿਆਰਥੀਆਂ, ਮਾਪਿਆਂ ਅਤੇ ਸਿੱਖਿਅਕਾਂ ਨੂੰ ਅਰਥਪੂਰਨ ਅਤੇ ਜ਼ਿੰਮੇਵਾਰ ਏ.ਆਈ. ਸ਼ਮੂਲੀਅਤ ਲਈ ਜ਼ਰੂਰੀ ਗਿਆਨ ਅਤੇ ਅਭਿਆਸਾਂ ਨਾਲ ਸਸ਼ਕਤ ਬਣਾਉਣਾ ਹੈ।

**ਪਾਠਕ੍ਰਮ ਏਕੀਕਰਨ:** ਸੀ.ਐੱਸ.ਐੱਫ. ਅਤੇ ਆਈ.ਆਈ.ਟੀ. ਮਦਰਾਸ ਦੀ ਭਾਈਵਾਲੀ ਵਿਚ ਵਿਕਸਿਤ ਕੀਤਾ ਗਿਆ, ਏ.ਆਈ. ਸਮਰਥ ਏ.ਆਈ. ਸਾਖਰਤਾ ਪਾਠਕ੍ਰਮ ਭਾਰਤ ਦੇ ਕਲਾਸਰੂਮਾਂ ਲਈ ਤਿਆਰ ਕੀਤਾ ਗਿਆ ਹੈ ਅਤੇ ਰਾਜਾਂ ਲਈ ਜਨਤਕ ਭਲਾਈ ਵਜੋਂ ਉਪਲਬਧ ਹੈ ਅਤੇ ਮੌਜੂਦਾ ਸਕੂਲ ਰੁਟੀਨ ਅਤੇ ਵਿਸ਼ਾ ਖੇਤਰਾਂ ਵਿੱਚ ਲਚਕਦਾਰ ਏਕੀਕਰਨ ਲਈ ਤਿਆਰ ਕੀਤਾ ਗਿਆ ਹੈ।

**ਪ੍ਰਸੰਗਿਕ ਸਮੱਗਰੀ:** ਭਾਰਤ ਭਰ ਦੇ ਵਿਦਿਆਰਥੀਆਂ, ਅਧਿਆਪਕਾਂ ਅਤੇ ਮਾਪਿਆਂ ਲਈ ਏ.ਆਈ. ਸਾਖਰਤਾ ਨੂੰ ਪਹੁੰਚਯੋਗ, ਦਿਲਚਸਪ ਅਤੇ ਸਮਝਣਯੋਗ ਬਣਾਉਣ ਲਈ ਪ੍ਰਸੰਗਿਕ ਤੌਰ 'ਤੇ ਸੰਬੰਧਿਤ ਸਿਖਲਾਈ ਸਮੱਗਰੀ ਦੇ ਬਹੁ-ਭਾਸ਼ਾਈ ਭੰਡਾਰ ਵਜੋਂ ਡਿਜ਼ਾਈਨ ਕੀਤਾ ਗਿਆ ਹੈ। ਸਮੱਗਰੀ ਸਟੈਕ ਵਿਚ ਪਾਠਕ੍ਰਮ-ਅਨੁਕੂਲ ਵੀਡੀਓ, ਕਲਾਸ ਵਿਚ ਸਿੱਖਿਆ ਸਮੱਗਰੀ, ਪਾਠ ਯੋਜਨਾਵਾਂ ਅਤੇ ਭਾਰਤ ਵਿਚ ਵਿਭਿੰਨ ਸਿੱਖਣ ਵਾਤਾਵਰਣਾਂ ਦੇ ਅਨੁਸਾਰ ਤਿਆਰ ਕੀਤੇ ਗਏ ਮੁਲਾਂਕਣ ਸ਼ਾਮਲ ਹੋਣਗੇ।

**ਸਕੇਲੇਬਲ ਡਿਲੀਵਰੀ:** ਪੂਰੇ ਭਾਰਤ ਵਿਚ ਭੂਗੋਲਿਕ ਖੇਤਰਾਂ ਵਿਚ ਸਿਖਿਆਰਥੀਆਂ ਤੱਕ ਪਹੁੰਚਣ ਲਈ ਆਨਲਾਈਨ ਪਲੇਟਫਾਰਮਾਂ ਅਤੇ ਕੈਸਕੇਡਿਡ ਅਧਿਆਪਕ ਸਿਖਲਾਈ ਰਾਹੀਂ ਪ੍ਰਸਾਰਿਤ। ਇਕੱਠੇ ਮਿਲ ਕੇ, ਇਨ੍ਹਾਂ ਰਣਨੀਤੀਆਂ ਦਾ ਉਦੇਸ਼ ਸਕੂਲ ਸਿੱਖਿਆ ਦੇ ਤਾਣੇ-ਬਾਣੇ ਵਿਚ ਏ.ਆਈ. ਸਾਖਰਤਾ ਨੂੰ ਸ਼ਾਮਲ ਕਰਨਾ ਹੈ, ਇੱਕ ਅਜਿਹੀ ਪੀੜ੍ਹੀ ਦਾ ਪਾਲਣ-ਪੋਸ਼ਣ ਕਰਨਾ ਜੋ ਉਤਸੁਕਤਾ, ਵਿਸ਼ਵਾਸ ਅਤੇ ਸੁਰੱਖਿਆ ਨਾਲ ਤਕਨਾਲੋਜੀ ਵੱਲ ਪਹੁੰਚਦੀ ਹੈ।

**ਏ.ਆਈ. ਸਾਖਰਤਾ ਵਿਚ ਇਹ ਸ਼ੁਰੂਆਤੀ ਨੀਂਹ ਅਗਲੇ ਕਦਮ ਨੂੰ ਸਮਰੱਥ ਬਣਾਉਣ ਲਈ ਮਹੱਤਵਪੂਰਨ ਹੈ:** ਏ.ਆਈ.-ਸੰਚਾਲਿਤ ਦੁਨੀਆਂ ਵਿਚ ਪ੍ਰਫੁੱਲਤ ਹੋਣ ਲਈ ਸਿਖਿਆਰਥੀਆਂ ਨੂੰ ਵਿਹਾਰਕ ਹੁਨਰਾਂ ਨਾਲ ਲੈਸ ਕਰਨਾ। ਇਸ ਆਧਾਰ 'ਤੇ, ਸਰਕਾਰ ਇੰਡੀਆ ਏ.ਆਈ. ਮਿਸ਼ਨ ਦੇ 'ਭਵਿੱਖ ਦੇ ਹੁਨਰ' ਥੰਮ੍ਹ ਦੇ ਤਹਿਤ ਨਿਸ਼ਾਨਾਬੱਧ ਪਹਿਲਕਦਮੀਆਂ ਰਾਹੀਂ ਏ.ਆਈ. ਵਿਚ ਹੁਨਰ ਨੂੰ ਅੱਗੇ ਵਧਾ ਰਹੀ ਹੈ। ਪੈਮਾਨੇ ਅਤੇ ਸਮਾਵੇਸ਼ ਲਈ ਤਿਆਰ ਕੀਤਾ ਗਿਆ, ਇਹ ਪਹਿਲਕਦਮੀ ਇਹ ਯਕੀਨੀ ਬਣਾ ਰਹੀ ਹੈ ਕਿ ਉੱਚ-ਗੁਣਵੱਤਾ, ਹੱਥੀਂ ਏ.ਆਈ. ਅਤੇ ਡੇਟਾ ਹੁਨਰ ਦੇਸ਼ ਭਰ ਦੇ ਸਿਖਿਆਰਥੀਆਂ ਤੱਕ ਪਹੁੰਚਦੇ ਹਨ, ਟੀਅਰ 2 ਅਤੇ ਟੀਅਰ 3 ਸਥਾਨਾਂ 'ਤੇ ਧਿਆਨ ਕੇਂਦ੍ਰਤ ਕਰਦੇ ਹੋਏ।

ਜਿਵੇਂ ਕਿ ਭਾਰਤ ਇੰਡੀਆ ਏ.ਆਈ. ਮਿਸ਼ਨ ਰਾਹੀਂ ਆਪਣੀਆਂ ਏ.ਆਈ. ਸਮਰੱਥਾਵਾਂ ਨੂੰ ਅੱਗੇ ਵਧਾ ਰਿਹਾ ਹੈ, ਜਿਸ ਵਿਚ ਬੁਨਿਆਦੀ ਢਾਂਚੇ ਦੇ ਨਿਵੇਸ਼, ਹੁਨਰ ਪ੍ਰੋਗਰਾਮ, ਉੱਚ-ਗੁਣਵੱਤਾ ਵਾਲੇ ਡੇਟਾਸੈਟਾਂ ਤੱਕ ਬਿਹਤਰ ਪਹੁੰਚ, ਅਤੇ ਮਹੱਤਵਪੂਰਨ ਖੇਤਰਾਂ ਵਿਚ ਏ.ਆਈ. ਹੱਲਾਂ ਦਾ ਵਿਕਾਸ ਸ਼ਾਮਲ ਹੈ, ਅਗਲਾ ਮੋਰਚਾ ਇਹ ਯਕੀਨੀ ਬਣਾਉਣਾ ਹੈ ਕਿ ਹਰੇਕ ਨਾਗਰਿਕ ਨੂੰ ਏ.ਆਈ. ਨਾਲ ਅਰਥਪੂਰਨ ਅਤੇ ਜ਼ਿੰਮੇਵਾਰੀ ਨਾਲ ਜੁੜਨ ਲਈ ਸਸ਼ਕਤ ਬਣਾਇਆ ਜਾਵੇ।

ਇਸਦਾ ਮਤਲਬ ਹੈ ਕਿ ਇਹ ਮੰਨਣਾ ਕਿ ਏ.ਆਈ. ਸਾਖਰਤਾ ਅਤੇ ਹੁਨਰ ਵੱਖੋ-ਵੱਖਰੇ ਰਸਤੇ ਨਹੀਂ ਹਨ, ਸਗੋਂ ਇੱਕ ਨਿਰੰਤਰਤਾ ਦਾ ਹਿੱਸਾ ਹਨ: ਸਾਖਰਤਾ ਜਾਗਰੂਕਤਾ, ਸੂਚਿਤ ਵਰਤੋਂ ਅਤੇ ਆਲੋਚਨਾਤਮਕ ਸੋਚ ਨੂੰ ਸਮਰੱਥ ਬਣਾਉਂਦੀ ਹੈ; ਹੁਨਰ ਪੇਸ਼ੇਵਰ ਵਰਤੋਂ ਲਈ ਡੂੰਘੀ ਮੁਹਾਰਤ ਦਾ ਨਿਰਮਾਣ ਕਰਦਾ ਹੈ।

*ਏਜੰਸੀ, ਇਕੁਇਟੀ ਅਤੇ ਸਸ਼ਕਤੀਕਰਨ 'ਤੇ ਏ.ਆਈ. ਦਾ ਪ੍ਰਭਾਵ ਇਸ ਗੱਲ 'ਤੇ ਨਿਰਭਰ ਕਰੇਗਾ ਕਿ ਵਿਅਕਤੀ ਇਸ ਤਕਨਾਲੋਜੀ ਨੂੰ ਸਮਝਣ ਅਤੇ ਨੈਵੀਗੇਟ ਕਰਨ ਲਈ ਕਿੰਨੀ ਚੰਗੀ ਤਰ੍ਹਾਂ ਤਿਆਰ ਹਨ। ਬੁਨਿਆਦੀ ਸਾਖਰਤਾ ਤੋਂ ਬਿਨਾਂ, ਨੌਜਵਾਨ ਇੱਕ ਸਮਾਵੇਸ਼ੀ ਅਤੇ ਨਵੀਨਤਾਕਾਰੀ ਡਿਜੀਟਲ ਭਵਿੱਖ ਵਿਚ ਸਰਗਰਮ ਯੋਗਦਾਨ ਪਾਉਣ ਦੀ ਬਜਾਏ ਪੈਸਿਵ ਖਪਤਕਾਰ ਬਣੇ ਰਹਿਣ ਦਾ ਜ਼ੋਖਮ ਲੈਂਦੇ ਹਨ। ਜਿਵੇਂ ਕਿ ਭਾਰਤ ਏ.ਆਈ. ਵਿਚ ਆਪਣੀ ਅਗਵਾਈ ਨੂੰ ਤੇਜ਼ ਕਰ ਰਿਹਾ ਹੈ, ਵੱਡੇ ਪੱਧਰ 'ਤੇ ਬੁਨਿਆਦੀ ਏ.ਆਈ. ਸਾਖਰਤਾ ਬਣਾਉਣਾ ਜ਼ਰੂਰੀ ਹੈ। ਏ.ਆਈ. ਸਾਖਰਤਾ ਉਸ ਗਿਆਨ ਅਤੇ ਅਭਿਆਸਾਂ ਨੂੰ ਦਰਸਾਉਂਦੀ ਹੈ, ਜੋ ਵਿਦਿਆਰਥੀਆਂ, ਅਧਿਆਪਕਾਂ ਅਤੇ ਮਾਪਿਆਂ ਨੂੰ ਇਹ ਸਮਝਣ ਵਿਚ ਮਦਦ ਕਰਦੇ ਹਨ ਕਿ ਏ.ਆਈ. ਕੀ ਹੈ, ਇਹ ਉਨ੍ਹਾਂ ਦੇ ਡਿਜੀਟਲ ਜੀਵਨ ਨੂੰ ਕਿਵੇਂ ਆਕਾਰ ਦਿੰਦਾ ਹੈ ਅਤੇ ਇਸਨੂੰ ਸੁਰੱਖਿਅਤ ਅਤੇ ਸੋਚ-ਸਮਝ ਕੇ ਕਿਵੇਂ ਵਰਤਣਾ ਹੈ।*

# ਸਾਧਵੀ ਬਣਨ ਦਾ ਨਵਾਂ ਰੁਝਾਨ: ਕੁਰਬਾਨੀ ਦੀ ਆੜ ਹੇਠ ਖੁਸ਼ੀ ਦਾ ਇੱਕ ਬ੍ਰਾਂਡ?





ਪ੍ਰਿਯੰਕਾ ਸੌਰਭ
ਹਰਿਆਣਾ
ਮੋਬਾਇਲ : 70153-75570
(ਗੱਲਬਾਤ + ਵਟਸਐਪ)
ਪੰਜਾਬ ਮੇਲ USA


**ਪੁਰਾਣੇ ਸਮੇਂ ਵਿਚ, ਸਾਧਵੀ ਬਣਨਾ ਇੱਕ ਹਿੰਮਤ ਦਾ ਕੰਮ ਸੀ। ਜਦੋਂ ਇੱਕ ਔਰਤ ਆਪਣੇ ਆਪ ਨੂੰ ਦੁਨੀਆਂ ਤੋਂ ਵੱਖ ਕਰਦੀ ਸੀ, ਤਾਂ ਉਸਨੂੰ ਹਰ ਕਦਮ 'ਤੇ ਸਮਾਜ ਦਾ ਸਾਹਮਣਾ ਕਰਨਾ ਪੈਂਦਾ ਸੀ। ਅੱਜ, ਜਦੋਂ ਕੋਈ ਕਹਿੰਦਾ ਹੈ - ਮੈਂ ਹੁਣ ਇੱਕ ਸਾਧਵੀ ਹਾਂ, ਤਾਂ ਉਸਦੀ ਸਾਰੀ ਸਮਾਜਿਕ ਆਲੋਚਨਾ ਚੁੱਪ ਹੋ ਜਾਂਦੀ ਹੈ। ਕਿਉਂਕਿ ਅਸੀਂ ਸਵੀਕਾਰ ਕਰ ਲਿਆ ਹੈ ਕਿ ਜੋ ਔਰਤ ਭਗਵਾ ਪਹਿਨਦੀ ਹੈ, ਆਪਣੇ ਸਿਰ 'ਤੇ ਪਰਦਾ ਰੱਖਦੀ ਹੈ, ਅਤੇ ਸੰਸਕ੍ਰਿਤ ਭਾਸ਼ਾ ਵਿਚ ਬੋਲਦੀ ਹੈ - ਉਹ ਹੁਣ ਇੱਕ "ਦੇਵੀ" ਹੈ ਅਤੇ ਉਸ ਤੋਂ ਸਵਾਲ ਨਹੀਂ ਕੀਤਾ ਜਾ ਸਕਦਾ।**

ਬਚਪਨ ਵਿਚ, ਅਸੀਂ ਸੁਣਦੇ ਸੀ ਕਿ ਇੱਕ ਸਾਧਵੀ ਉਹ ਹੁੰਦੀ ਹੈ, ਜੋ ਦੁਨਿਆਵੀ ਮੋਹ, ਭਰਮ, ਸ਼ਿੰਗਾਰ, ਆਕਰਸ਼ਣ ਅਤੇ ਦੁਨਿਆਵੀ ਜ਼ਿੰਮੇਵਾਰੀਆਂ ਤੋਂ ਉੱਪਰ ਉੱਠ ਜਾਂਦੀ ਹੈ। ਉਹ ਉਹ ਹੁੰਦੀ ਹੈ, ਜੋ ਆਪਣੇ ਆਪ ਨੂੰ ਧਿਆਨ, ਸਾਧਨਾ ਅਤੇ ਆਤਮਾ ਦੀ ਸ਼ੁੱਧਤਾ ਲਈ ਸਮਰਪਿਤ ਕਰਦੀ ਹੈ। ਅੱਜ ਦੇ ਸੰਸਾਰ ਵਿਚ, ਜਦੋਂ ਅਸੀਂ 'ਸਾਧਵੀ' ਸ਼ਬਦ ਸੁਣਦੇ ਹਾਂ, ਤਾਂ ਅਸੀਂ ਇੱਕ ਧਿਆਨੀ ਔਰਤ ਦੀ ਕਲਪਨਾ ਨਹੀਂ ਕਰਦੇ, ਸਗੋਂ ਇੱਕ 'ਆਧੁਨਿਕ ਸਾਧਵੀ' ਦੀ ਕਲਪਨਾ ਕਰਦੇ ਹਾਂ, ਜੋ ਡਿਜ਼ਾਈਨਰ ਭਗਵੇਂ ਕੱਪੜੇ ਪਹਿਨੀ ਹੋਈ ਹੈ, ਚਮਕਦਾਰ ਰੌਸ਼ਨੀਆਂ ਹੇਠ ਇੱਕ ਸਟੇਜ 'ਤੇ ਉਪਦੇਸ਼ ਦਿੰਦੀ ਹੈ, ਸੋਸ਼ਲ ਮੀਡੀਆ 'ਤੇ ਹਜ਼ਾਰਾਂ ਫਾਲੋਅਰਜ਼ ਦੇ ਨਾਲ, ਉੱਭਰਦੀ ਹੈ।

ਹੁਣ ਸਾਧਵੀ ਬਣਨ ਦਾ ਮਤਲਬ ਸਵੈ-ਬਲੀਦਾਨ ਨਹੀਂ ਹੈ, ਸਗੋਂ ਇੱਕ ਨਵੀਂ ਜੀਵਨ ਸ਼ੈਲੀ ਨਾਲ ਜੁੜਿਆ ਹੋਇਆ ਹੈ, ਜਿਸ ਵਿਚ ਸੁੱਖਾਂ ਨੂੰ ਤਿਆਗਣ ਦਾ ਦਾਅਵਾ ਹੈ, ਪਰ ਖੁਸ਼ੀ ਅਤੇ ਪ੍ਰਸਿੱਧੀ ਦਾ ਆਨੰਦ ਜਾਰੀ ਹੈ। ਹੁਣ ਕੁਰਬਾਨੀ ਦੇ ਨਾਮ 'ਤੇ ਇੱਕ ਸੁਰੱਖਿਅਤ ਬ੍ਰਾਂਡਿੰਗ ਕੀਤੀ ਜਾਂਦੀ ਹੈ, ਜਿਸ ਵਿਚ ਇੱਕ ਔਰਤ ਆਪਣੇ ਆਪ ਨੂੰ ਘਰ, ਪਰਿਵਾਰ, ਵਿਆਹ ਅਤੇ ਸਮਾਜਿਕ ਜ਼ਿੰਮੇਵਾਰੀਆਂ ਤੋਂ ਵੱਖ ਕਰਕੇ ਇੱਕ ਅਧਿਆਤਮਕ ਆਭਾ ਪੈਦਾ ਕਰਦੀ ਹੈ, ਜਿਸ ਵਿਚ ਚਮਕ-ਦਮਕ, ਭੀੜ, ਦਾਨ, ਦੇਸ਼-ਵਿਦੇਸ਼ ਦੀਆਂ ਯਾਤਰਾਵਾਂ ਹਨ, ਪਰ ਸਵੈ-ਸੰਜਮ ਅਤੇ ਸਵੈ-ਪ੍ਰਤੀਬਿੰਬ ਨਾਲ ਕੋਈ ਡੂੰਘਾ ਸਬੰਧ ਨਹੀਂ ਹੈ।

ਇਹ ਰੁਝਾਨ ਅਧਿਆਤਮਕ ਜਾਗ੍ਰਿਤੀ ਨਹੀਂ ਹੈ, ਸਗੋਂ ਇੱਕ ਰਣਨੀਤਕ ਛੁਟਕਾਰਾ ਹੈ, ਜਿੱਥੇ ਔਰਤਾਂ ਦੁਨੀਆਂ ਤੋਂ ਭੱਜਦੀਆਂ ਨਹੀਂ ਹਨ, ਸਗੋਂ ਆਪਣੀ ਸਹੂਲਤ ਅਤੇ ਉਮੀਦਾਂ ਦੇ ਅਨੁਸਾਰ ਇਸਨੂੰ ਆਪਣੇ ਤਰੀਕੇ ਨਾਲ ਮੁੜ ਆਕਾਰ ਦਿੰਦੀਆਂ ਹਨ। ਉਹ ਕਹਿੰਦੀਆਂ ਹਨ - ਅਸੀਂ ਸਭ ਕੁਝ ਤਿਆਗ ਦਿੱਤਾ ਹੈ, ਪਰ ਅਸਲ ਵਿਚ ਉਨ੍ਹਾਂ ਨੇ ਸਿਰਫ਼ ਉਸ ਚੀਜ਼ ਨੂੰ ਤਿਆਗ ਦਿੱਤਾ, ਜੋ ਉਨ੍ਹਾਂ ਨੂੰ ਪਰੇਸ਼ਾਨ ਕਰਦੀ ਸੀ - ਜ਼ਿੰਮੇਵਾਰੀ, ਉਮੀਦ, ਜਵਾਬਦੇਹੀ ਅਤੇ ਰਿਸ਼ਤਿਆਂ ਦਾ ਬੋਝ। ਪਰ ਉਨ੍ਹਾਂ ਨੇ ਆਪਣਾ 'ਮੈਂ' ਨਹੀਂ ਤਿਆਗਿਆ, ਆਪਣੀ 'ਮਹੱਤਤਾ' ਨਹੀਂ ਤਿਆਗੀ।

ਅੱਜ ਦੀਆਂ ਬਹੁਤ ਸਾਰੀਆਂ ਅਖੌਤੀ ਸਾਧਵੀਆਂ ਜਨਤਕ ਪਲੇਟਫਾਰਮਾਂ 'ਤੇ ਪ੍ਰਚਾਰ ਕਰਦੀਆਂ ਹਨ ਕਿ ਭੋਗ ਇੱਕ ਭਰਮ ਹੈ, ਘਰੇਲੂ ਜੀਵਨ ਇੱਕ ਬੰਧਨ ਹੈ, ਇੱਕ ਔਰਤ ਦਾ ਅਸਲੀ ਰੂਪ ਉਹ ਹੈ, ਜੋ ਅੰਦਰੋਂ ਚੁੱਪ ਹੈ ਅਤੇ ਬਾਹਰ ਸਮਰਪਣ ਹੈ। ਪਰ ਜਦੋਂ ਉਹੀ ਸਾਧਵੀ ਫਿਲਟਰਾਂ ਨਾਲ ਇੰਸਟਾਗ੍ਰਾਮ 'ਤੇ ਵੀਡੀਓ ਅਪਲੋਡ ਕਰਦੀ ਹੈ, ਜਦੋਂ ਉਹ ਹਰ ਸਮਾਗਮ ਦਾ ਇਸ਼ਤਿਹਾਰ ਦਿੰਦੀ ਹੈ, ਜਦੋਂ ਉਸਦੇ ਸਮਾਗਮਾਂ ਵਿਚ ਵਿਸ਼ੇਸ਼ ਪਾਸ ਅਤੇ ਵੀ.ਆਈ.ਪੀ. ਗੈਲਰੀਆਂ ਹੁੰਦੀਆਂ ਹਨ, ਤਾਂ ਸਵਾਲ ਉੱਠਦਾ ਹੈ ਕਿ ਕੀ ਇਹ ਅਧਿਆਤਮਿਕਤਾ ਹੈ ਜਾਂ ਸਿਰਫ਼ ਇੱਕ ਸਫਲ ਜਨਤਕ ਸੰਪਰਕ ਯੋਜਨਾ ਹੈ?

ਪੁਰਾਣੇ ਸਮੇਂ ਵਿਚ, ਸਾਧਵੀ ਬਣਨਾ ਇੱਕ ਹਿੰਮਤ ਦਾ ਕੰਮ ਸੀ। ਜਦੋਂ ਇੱਕ ਔਰਤ ਆਪਣੇ ਆਪ ਨੂੰ ਦੁਨੀਆਂ ਤੋਂ ਵੱਖ ਕਰਦੀ ਸੀ, ਤਾਂ ਉਸਨੂੰ ਹਰ ਕਦਮ 'ਤੇ ਸਮਾਜ ਦਾ ਸਾਹਮਣਾ ਕਰਨਾ ਪੈਂਦਾ ਸੀ। ਅੱਜ, ਜਦੋਂ ਕੋਈ ਕਹਿੰਦਾ ਹੈ - ਮੈਂ ਹੁਣ ਇੱਕ ਸਾਧਵੀ ਹਾਂ, ਤਾਂ ਉਸਦੀ ਸਾਰੀ ਸਮਾਜਿਕ ਆਲੋਚਨਾ ਚੁੱਪ ਹੋ ਜਾਂਦੀ ਹੈ। ਕਿਉਂਕਿ ਅਸੀਂ ਸਵੀਕਾਰ ਕਰ ਲਿਆ ਹੈ ਕਿ ਜੋ ਔਰਤ ਭਗਵਾ ਪਹਿਨਦੀ ਹੈ, ਆਪਣੇ ਸਿਰ 'ਤੇ ਪਰਦਾ ਰੱਖਦੀ ਹੈ, ਅਤੇ ਸੰਸਕ੍ਰਿਤ ਭਾਸ਼ਾ ਵਿਚ ਬੋਲਦੀ ਹੈ - ਉਹ ਹੁਣ ਇੱਕ "ਦੇਵੀ" ਹੈ ਅਤੇ ਉਸ ਤੋਂ ਸਵਾਲ ਨਹੀਂ ਕੀਤਾ ਜਾ ਸਕਦਾ।

ਇਸ ਰੁਝਾਨ ਵਿਚ ਸਭ ਤੋਂ ਵੱਡਾ ਖ਼ਤਰਾ ਇਹ ਹੈ ਕਿ ਇਹ ਔਰਤਾਂ ਨੂੰ ਇੱਕ ਨਵਾਂ ਬਚਣ ਦਾ ਰਸਤਾ ਦੇ ਰਿਹਾ ਹੈ - ਸਵੈ-ਵਿਕਾਸ ਦੇ ਨਾਮ 'ਤੇ ਸਵੈ-ਅਹੰਕਾਰ ਦਾ ਰਸਤਾ। ਉਹ ਨਾ ਤਾਂ ਘਰ ਦੀ ਜ਼ਿੰਮੇਵਾਰੀ ਲੈਣਾ ਚਾਹੁੰਦੀਆਂ ਹਨ, ਨਾ ਹੀ ਉਹ ਕੰਮ ਵਾਲੀ ਥਾਂ 'ਤੇ ਮੁਕਾਬਲਾ ਕਰਨਾ ਚਾਹੁੰਦੀਆਂ ਹਨ, ਨਾ ਹੀ ਉਹ ਪਰਿਵਾਰ, ਸਮਾਜ ਜਾਂ ਰਾਜਨੀਤੀ ਨਾਲ ਟਕਰਾਅ ਕਰਨਾ ਚਾਹੁੰਦੀਆਂ ਹਨ। ਉਹ ਇੱਕ ਅਜਿਹਾ ਖੇਤਰ ਚਾਹੁੰਦੇ ਹਨ, ਜਿੱਥੇ ਉਨ੍ਹਾਂ ਦੀ ਪੂਜਾ ਕੀਤੀ ਜਾਵੇ ਪਰ ਜਾਂਚ ਨਾ ਕੀਤੀ ਜਾਵੇ। ਸਾਧਵੀ ਬਣਨਾ ਉਸ 'ਪਵਿੱਤਰ ਮੂਰਤੀ' ਦਾ ਇੱਕ ਮਾਧਿਅਮ ਬਣ ਗਿਆ ਹੈ, ਜੋ ਨਾ ਤਾਂ ਕਿਸੇ ਨੂੰ ਸਵਾਲ ਕਰਦਾ ਹੈ, ਨਾ ਹੀ ਕਿਸੇ ਨੂੰ ਜਵਾਬ ਦੇਣ ਲਈ ਮਜਬੂਰ ਕਰਦਾ ਹੈ।

ਜਦੋਂ ਇੱਕ ਆਮ ਔਰਤ ਮਾਨਸਿਕ ਥਕਾਵਟ ਨਾਲ ਜੂਝਦੀ ਹੈ, ਤਾਂ ਉਸਨੂੰ "ਆਰਾਮ ਕਰੋ", "ਆਪਣੇ ਆਪ ਨੂੰ ਸਮਾਂ ਦਿਓ" ਆਦਿ ਕਹਿ ਕੇ ਚੁੱਪ ਕਰਾ ਦਿੱਤਾ ਜਾਂਦਾ ਹੈ। ਪਰ ਜਦੋਂ ਕੋਈ ਕਹਿੰਦਾ ਹੈ ਕਿ "ਮੈਂ ਹੁਣ ਸਾਧਵੀ ਹਾਂ", ਤਾਂ ਉਸਦੀ ਥਕਾਵਟ ਇੱਕ ਅਧਿਆਤਮਿਕ ਮਹਾਂਕਾਵਿ ਵਿਚ ਬਦਲ ਜਾਂਦੀ ਹੈ। ਉਸਨੂੰ ਇੱਕ ਪਲੇਟਫਾਰਮ, ਮੀਡੀਆ ਸਹਾਇਤਾ ਅਤੇ ਪੈਰੋਕਾਰਾਂ ਦੀ ਭੀੜ ਮਿਲਦੀ ਹੈ।

ਇਹ ਸਾਧਵੀ ਹੁਣ ਮਾਈਕ 'ਤੇ ਬੋਲਦੀ ਹੈ - "ਮੈਂ ਸਭ ਕੁਝ ਤਿਆਗ ਦਿੱਤਾ", ਪਰ ਉਸ ਨੂੰ ਤਿਆਗਣ ਤੋਂ ਬਾਅਦ ਜੋ ਮੈਨੂੰ ਮਿਲਿਆ - ਉਹ ਕੋਈ ਆਮ ਘਰੇਲੂ ਔਰਤ ਕਦੇ ਨਹੀਂ ਪ੍ਰਾਪਤ ਕਰ ਸਕਦੀ। ਉਹ ਉਪਦੇਸ਼ ਦਿੰਦੀ ਹੈ, ਪਰ ਕਦੇ ਵੀ ਔਰਤਾਂ ਦੇ ਅਧਿਕਾਰਾਂ, ਸਮਾਜਿਕ ਨਿਆਂ, ਜਾਂ ਆਰਥਿਕ ਸਮਾਨਤਾ ਬਾਰੇ ਗੱਲ ਨਹੀਂ ਕਰਦੀ, ਕਿਉਂਕਿ ਇਹ ਵਿਸ਼ੇ ਉਸਦੇ ਸਵੈ-ਨਿਰਮਿਤ ਅਧਿਆਤਮਕ ਖੇਤਰ ਨੂੰ ਅਸਹਿਜ ਬਣਾ ਸਕਦੇ ਹਨ। ਉਹ ਕਿਸੇ ਵੀ ਸਰਕਾਰ ਨਾਲ ਟਕਰਾਅ ਨਹੀਂ ਕਰਦੀ, ਕਿਸੇ ਵੀ ਅਸਮਾਨਤਾ 'ਤੇ ਨਹੀਂ ਬੋਲਦੀ, ਉਹ ਸਿਰਫ਼ ਧਿਆਨ, ਮਨ, ਆਤਮਾ ਅਤੇ ਜੀਵਨ ਦੇ ਚੱਕਰ ਨੂੰ ਸਿਰਜਦੀ ਰਹਿੰਦੀ ਹੈ।

ਇਸਨੂੰ ਅਸੀਂ "ਸੁਧਰਿਆ ਹੋਇਆ ਆਨੰਦ" ਕਹਿ ਸਕਦੇ ਹਾਂ। ਇਹ ਇੱਕ ਅਜਿਹਾ ਆਨੰਦ ਹੈ, ਜੋ ਸਿੱਧੇ ਤੌਰ 'ਤੇ ਭੌਤਿਕ ਚੀਜ਼ਾਂ ਵਿਚ ਨਹੀਂ, ਸਗੋਂ ਧਿਆਨ, ਸ਼ਕਤੀ, ਮਾਨਤਾ ਅਤੇ ਪ੍ਰਤਿਸ਼ਠਾ ਰਾਹੀਂ ਪ੍ਰਾਪਤ ਹੁੰਦਾ ਹੈ। ਇਹ ਕਾਮ ਨਹੀਂ ਹੈ, ਪਰ ਯਕੀਨੀ ਤੌਰ 'ਤੇ 'ਪ੍ਰਸਿੱਧੀ ਦੀ ਭੁੱਖ' ਹੈ। ਇਸ ਵਿਚ ਕੋਈ ਸ਼ਿੰਗਾਰ ਨਹੀਂ ਹੈ, ਪਰ ਯਕੀਨੀ ਤੌਰ 'ਤੇ ਸਵੈ-ਪ੍ਰਦਰਸ਼ਨ ਦੀ ਇੱਛਾ ਹੈ। ਇਸ ਵਿਚ ਕੋਈ ਨਿੱਜੀ ਜ਼ਿੰਮੇਵਾਰੀ ਨਹੀਂ ਹੈ, ਪਰ ਯਕੀਨੀ ਤੌਰ 'ਤੇ ਸਮੂਹਿਕ ਨਿਯੰਤਰਣ ਦਾ ਪਰਛਾਵਾਂ ਹੈ। ਸਮਾਜ, ਖਾਸ ਕਰਕੇ ਮਰਦ-ਪ੍ਰਧਾਨ ਮਾਨਸਿਕਤਾ, ਇਸ ਭੂਮਿਕਾ ਨੂੰ ਬਹੁਤ ਸਵੀਕਾਰਯੋਗ ਸਮਝਦੀ ਹੈ। ਇਹ ਅਜਿਹੀ ਔਰਤ ਨਹੀਂ ਚਾਹੁੰਦਾ ਜੋ ਸਵਾਲ ਕਰੇ, ਸੋਚੇ ਅਤੇ ਸੰਘਰਸ਼ ਕਰੇ। ਇਹ ਇੱਕ 'ਆਗਿਆਕਾਰੀ ਸਾਧਵੀ' ਚਾਹੁੰਦਾ ਹੈ, ਜੋ ਧਰਮ ਦੇ ਪਰਦੇ ਹੇਠ ਚੁੱਪ ਰਹੇ ਅਤੇ 'ਸ਼ਾਂਤਮਈ ਅਧਿਆਤਮਿਕਤਾ' ਦਾ ਚਿਹਰਾ ਬਣੇ ਰਹੇ। ਅਜਿਹੀ ਸਥਿਤੀ ਵਿਚ, ਸਾਧਵੀ ਬਣਨਾ ਇੱਕ ਸੁਰੱਖਿਅਤ ਪਲੇਟਫਾਰਮ ਬਣ ਜਾਂਦਾ ਹੈ, ਜੋ ਨਾ ਸਿਰਫ਼ ਔਰਤ ਨੂੰ ਉਸਦੇ ਅੰਦਰੂਨੀ ਸਵਾਲਾਂ ਤੋਂ ਬਚਾਉਂਦਾ ਹੈ, ਸਗੋਂ ਸਮਾਜ ਦੀਆਂ ਉਮੀਦਾਂ ਨੂੰ ਵੀ ਪੂਰਾ ਕਰਦਾ ਹੈ।

ਇਸ ਲਈ, ਅੱਜ ਦੀਆਂ ਬਹੁਤ ਸਾਰੀਆਂ ਸਾਧਵੀਆਂ ਅਸਲ ਵਿਚ 'ਤਿਆਗੀ' ਨਹੀਂ ਹਨ, ਸਗੋਂ ਜ਼ਿੰਦਗੀ ਤੋਂ ਥੱਕੀਆਂ ਹੋਈਆਂ, ਰਿਸ਼ਤਿਆਂ ਤੋਂ ਟੁੱਟੀਆਂ, ਸਮਾਜ ਤੋਂ ਅਸੰਤੁਸ਼ਟ ਹਨ ਅਤੇ ਇਸ ਅਸੰਤੁਸ਼ਟੀ ਨੂੰ 'ਰੱਬ ਦੀ ਭਾਲ' ਵਿਚ ਛੁਪਾਉਂਦੀਆਂ ਹਨ। ਉਹ ਚਾਹੁੰਦੀਆਂ ਹਨ ਕਿ ਕੋਈ ਉਨ੍ਹਾਂ ਨੂੰ ਕੁਝ ਨਾ ਕਹੇ, ਕਿਸੇ ਨੂੰ ਕੋਈ ਉਮੀਦ ਨਾ ਹੋਵੇ, ਪਰ ਹਰ ਕੋਈ ਉਨ੍ਹਾਂ ਦਾ ਸਤਿਕਾਰ ਕਰੇ, ਹਰ ਕੋਈ ਉਨ੍ਹਾਂ ਦੀ ਗੱਲ ਸੁਣੇ, ਹਰ ਕੋਈ ਉਨ੍ਹਾਂ 'ਤੇ ਵਿਸ਼ਵਾਸ ਕਰੇ। ਇਹ ਅਧਿਆਤਮਿਕਤਾ ਨਹੀਂ, ਸਗੋਂ 'ਸਮਾਜਿਕ ਚਲਾਕੀ' ਹੈ।

ਇਸ ਆਧੁਨਿਕ ਅਧਿਆਤਮਿਕਤਾ ਵਿਚ, ਕੁਰਬਾਨੀ ਦੀ ਥਾਂ ਸਟੇਜ, ਤਪੱਸਿਆ ਦੀ ਥਾਂ ਲਾਈਮਲਾਈਟ ਅਤੇ ਸ਼ਾਂਤੀ ਦੀ ਥਾਂ ਡਿਜੀਟਲ ਗਲੈਮਰ ਹੈ। ਇਹ ਇੱਕ ਅਜਿਹੀ ਅਧਿਆਤਮਿਕਤਾ ਹੈ, ਜਿੱਥੇ ਮੁਕਤੀ ਅਜੇ ਵੀ ਟੀਚਾ ਹੈ, ਪਰ ਇਹ ਰਸਤਾ ਹੁਣ ਯੂਟਿਊਬ ਚੈਨਲਾਂ, ਇੰਸਟਾਗ੍ਰਾਮ ਲਾਈਵ ਅਤੇ ਆਨਲਾਈਨ ਕੋਰਸਾਂ ਰਾਹੀਂ ਪਾਰ ਕੀਤਾ ਜਾਂਦਾ ਹੈ।

ਇਸ ਲਈ, ਸਾਨੂੰ ਇਹ ਸਮਝਣਾ ਪਵੇਗਾ ਕਿ ਤਿਆਗ ਸਿਰਫ਼ ਕੱਪੜਿਆਂ, ਵਾਲਾਂ ਜਾਂ ਬੋਲੀ ਨਾਲ ਹੀ ਸਾਬਤ ਨਹੀਂ ਹੁੰਦਾ। ਇਹ ਮਨ, ਆਚਰਣ ਅਤੇ ਇਰਾਦੇ ਨਾਲ ਸਬੰਧਤ ਹੈ। ਜਿੰਨਾ ਚਿਰ ਸਾਧਵੀ ਬਣਨ ਦੀ ਪ੍ਰਕਿਰਿਆ ਸਵੈ-ਨਿਰੀਖਣ ਦੀ ਨਹੀਂ, ਸਗੋਂ ਸਵੈ-ਪ੍ਰਦਰਸ਼ਨ ਦੀ ਰਹਿੰਦੀ ਹੈ, ਇਹ ਸਾਧਵੀ ਸੱਭਿਆਚਾਰ ਅਸਲ ਸਾਧਨਾ ਨੂੰ ਨਿਗਲਦਾ ਰਹੇਗਾ।

ਇਹ ਕੋਈ ਵਿਰੋਧ ਨਹੀਂ ਹੈ, ਸਗੋਂ ਇੱਕ ਨਿਮਰਤਾ ਸਹਿਤ ਬੇਨਤੀ ਹੈ - ਜੇਕਰ ਔਰਤਾਂ ਸਾਧਵੀਆਂ ਬਣਦੀਆਂ ਹਨ, ਤਾਂ ਉਨ੍ਹਾਂ ਨੂੰ ਸੱਚਮੁੱਚ ਸਾਧਨਾ ਕਰਨੀ ਚਾਹੀਦੀ ਹੈ। ਉਨ੍ਹਾਂ ਨੂੰ ਸਟੇਜ ਤੋਂ ਹੇਠਾਂ ਆ ਕੇ ਉਨ੍ਹਾਂ ਵਿਸ਼ਿਆਂ 'ਤੇ ਬੋਲਣਾ ਚਾਹੀਦਾ ਹੈ, ਜਿਨ੍ਹਾਂ ਤੋਂ ਸਮਾਜ ਡਰਦਾ ਹੈ। ਉਨ੍ਹਾਂ ਨੂੰ ਸਿਰਫ਼ ਧਿਆਨ ਹੀ ਨਹੀਂ ਕਰਨਾ ਚਾਹੀਦਾ, ਸਗੋਂ ਚਿੰਤਨ ਅਤੇ ਅੰਦੋਲਨ ਦਾ ਰਸਤਾ ਵੀ ਅਪਣਾਉਣਾ ਚਾਹੀਦਾ ਹੈ। ਕਿਉਂਕਿ ਜੇਕਰ ਹਰ ਔਰਤ ਸਾਧਵੀ ਬਣਨ ਤੋਂ ਬਾਅਦ ਚੁੱਪ ਹੋ ਜਾਂਦੀ ਹੈ, ਤਾਂ ਉਹ ਬਦਲਾਅ ਕੌਣ ਲਿਆਏਗਾ?

ਕੁਰਬਾਨੀ ਕੋਈ ਦਿਖਾਈ ਦੇਣ ਵਾਲੀ ਚੀਜ਼ ਨਹੀਂ ਹੈ, ਕੁਰਬਾਨੀ ਉਹ ਚੀਜ਼ ਹੈ, ਜੋ ਅੰਦਰੋਂ ਕੀਤੀ ਜਾਂਦੀ ਹੈ ਅਤੇ ਆਨੰਦ ਸਿਰਫ਼ ਇੰਦਰੀਆਂ ਰਾਹੀਂ ਹੀ ਨਹੀਂ ਆਉਂਦਾ, ਇਹ ਪ੍ਰਸ਼ੰਸਾ, ਹੰਕਾਰ ਅਤੇ ਪਛਾਣ ਰਾਹੀਂ ਵੀ ਆਉਂਦਾ ਹੈ।

ਜਦੋਂ ਤੱਕ ਅਸੀਂ ਇਸ ਨਵੇਂ 'ਸਾਧਵੀ ਰੁਝਾਨ' ਨੂੰ ਨਹੀਂ ਸਮਝਦੇ, ਅਧਿਆਤਮਿਕਤਾ ਇੱਕ ਉਦਯੋਗ, ਇੱਕ ਸ਼ੈਲੀ, ਇੱਕ ਮਾਰਕੀਟਿੰਗ ਮਾਡਲ ਬਣੀ ਰਹੇਗੀ, ਜਿਸ ਵਿਚ ਕੋਈ ਵੀ ਹਰ ਪਲੇਟਫਾਰਮ 'ਤੇ ਦੁਨਿਆਵੀ ਸੁੱਖਾਂ ਦੇ ਤਿਆਗ ਦੇ ਕੱਪੜੇ ਪਹਿਨ ਕੇ ਮੁਸਕਰਾਉਂਦਾ ਰਹੇਗਾ।

ਅਨਿਲ ਧੀਰ
ਬਰੈਂਟਪਨ, ਕੈਨੇਡਾ
647-853-5800
healthmedia1@hotmail.com
(Punjab Mail USA)



# ਸੈਲਫ-ਕੇਅਰ ਜ਼ਰੂਰੀ ਹੋ ਗਈ ਹੈ ਵਿਸ਼ਵ ਲਈ

***"ਅੰਤਰਰਾਸ਼ਟਰੀ ਸੈਲਫ-ਕੇਅਰ ਦਿਵਸ 2025 ਦਾ ਥੀਮ ਹੈ - ਸੇਲਫ-ਕੇਅਰ ਹੈਲਦੀ ਭਵਿੱਖ ਹੈ। ਖੁਦ ਦੀ ਦੇਖਭਾਲ ਹੀ ਪਰਿਵਾਰ ਦੀ ਖੁਸ਼ੀ ਅਤੇ ਸਿਹਤਮੰਦ ਜੀਵਨ ਦੀ ਕੁੰਜੀ ਹੈ" ਵਿਸ਼ਵ ਭਰ 'ਚ ਤੇਜ਼ੀ ਨਾਲ ਵੱਧ ਰਹੀਆਂ ਬਿਮਾਰੀਆਂ ਤੋਂ ਬਚਾਅ ਲਈ ਹੈਲਦੀ ਮਨ ਅਤੇ ਸਰੀਰ ਲਈ ਦੂਜਿਆਂ ਦੀ ਦੇਖਭਾਲ ਦੇ ਨਾਲ-ਨਾਲ ਆਪਣੇ ਆਪ ਦੀ ਕੇਅਰ ਵੀ ਜ਼ਰੂਰੀ ਹੋ ਗਈ ਹੈ। ਅੱਜ ਦੇ ਦਿਨ ਹਰ ਆਦਮੀ ਨੂੰ ਹਰ ਪੱਧਰ 'ਤੇ ਸੈਲਫ-ਕੇਅਰ ਦਾ ਪ੍ਰੋਮਿਸ ਕਰਨ ਦੀ ਲੋੜ ਹੈ"- ਡਾ. ਅਨਿਲ ਧੀਰ***

24 ਜੁਲਾਈ, 2025 ਨੂੰ ਅੰਤਰਰਾਸ਼ਟਰੀ ਪੱਧਰ 'ਤੇ ਸੈਲਫ-ਕੇਅਰ ਦਿਵਸ ਮਨਾਇਆ ਗਿਆ। ਸੈਲਫ-ਕੇਅਰ ਜ਼ਿੰਦਗੀ ਭਰ ਦੀ ਆਦਤ ਅਤੇ ਸੱਭਿਆਚਾਰ ਹੈ। ਇਹ ਇਨਸਾਨ ਦਾ ਅਭਿਆਸ ਹੈ, ਜੋ ਮੌਜੂਦਾ ਗਿਆਨ ਅਤੇ ਜਾਣਕਾਰੀ ਦੇ ਆਧਾਰ 'ਤੇ ਆਪਣੀ ਸਿਹਤ ਦੀ ਦੇਖਭਾਲ ਕਰਨ ਲਈ ਸਹੀ ਫੈਸਲੇ ਲੈਂਦਾ ਹੈ। ਇਹ ਵਿਗਿਆਨੀਆਂ ਅਤੇ ਹਰ ਖੇਤਰ ਦੇ ਮਾਹਿਰਾਂ ਦੀ ਸਾਂਝੀ ਨਾਲ ਮੁਮਕਿਨ ਹੁੰਦਾ ਹੈ। ਵਿਸ਼ਵ ਭਰ 'ਚ ਇਸ ਦਿਨ ਸਰਕਾਰੀ-ਗੈਰ-ਸਰਕਾਰੀ ਪੱਧਰ 'ਤੇ ਲੋਕਾਂ ਨੂੰ ਸਰੀਰਕ, ਮਾਨਸਿਕ ਤੇ ਭਾਵਨਾਤਮਕ ਤੌਰ 'ਤੇ ਫਿੱਟ ਰਹਿਣ ਲਈ ਜਾਗਰੂਕ ਕੀਤਾ ਜਾਂਦਾ ਹੈ।

## ਆਪਣਾ, ਪਰਿਵਾਰ ਤੇ ਮਿੱਤਰਾਂ ਦਾ ਰੱਖੋ ਖਿਆਲ:

- ਨਵੀਂ ਇੱਕ ਸਟੱਡੀ ਮੁਤਾਬਿਕ ਦਿਲ ਦਾ ਦੌਰਾ ਅਤੇ ਸਟ੍ਰੋਕ ਵਰਗੀਆਂ ਬਿਮਾਰੀਆਂ ਤੋਂ ਬਚਣ ਲਈ ਘਰ ਅੰਦਰ ਹੀ 3-8 ਪੌਂਡ ਦੇ ਡੰਬਲ ਡੇਲੀ ਇਸਤੇਮਾਲ ਕਰਨ ਨਾਲ ਹੱਡੀਆਂ ਮਜ਼ਬੂਤ ਅਤੇ ਬਾਡੀ-ਬੈਲੇਂਸ ਬਣਿਆ ਰਹਿੰਦਾ ਹੈ।
- ਸਟ੍ਰੈੱਸ ਘੱਟ ਕਰਨ ਲਈ ਸਮੇਂ ਦੇ ਮੁਤਾਬਕ ਦਿਨ 'ਚ 25 ਮਿੰਟ ਜੰਕ ਮੇਲ ਚੈੱਕ ਕਰਨ ਤੇ ਗਾਰਬੇਜ ਕਰਨ ਦੇ ਨਾਲ, ਘਰ ਦੇ ਦਰਵਾਜ਼ੇ, ਕਿਚਨ ਤੇ ਕਮਰੇ ਦਾ ਡਰਾਜ, ਫਰਿੱਜ, ਵਿੰਡੋਜ਼ ਦੇ ਨੋਬ-ਹੈਂਡਲ ਸਿਰਕਾ ਜਾਂ ਸੈਨੀਟਾਈਜ਼ਰ ਨਾਲ ਕਲੀਨ ਕਰੋ।
- ਜੋਬਜ਼ ਦੀ ਰੋਟੇਸ਼ਨ ਸ਼ਿਫਟਾਂ ਕਰਕੇ ਨੀਂਦ ਘੱਟ ਜਾਂ ਨਾ ਆਉਣ ਦੀ ਵੱਧ ਵੱਧ ਰਹੀ ਸਮੱਸਿਆ ਕਾਰਨ ਛੁੱਟੀ ਦਾ ਦਿਨ ਵੀ ਖਰਾਬ ਹੋ ਜਾਂਦਾ ਹੈ। ਦੇਰ ਰਾਤ ਹੈਵੀ-ਡਿਨਰ 'ਤੇ ਜਾਗਣ ਦੀ ਆਦਤ ਵੀ ਬਦਲਣ ਦੀ ਲੋੜ ਹੈ। 7-8 ਘੰਟੇ ਦੀ ਲਈ ਖੁਰਾਕ 'ਚ ਘੱਟ ਕੈਲੋਰੀ ਪਦਾਰਥ, ਸਾਈਟਰਸ ਫਲ, ਗਰਮ ਪਾਣੀ, ਦੁੱਧ ਤੇ ਸਪਲੀਮੈਂਟ ਵਿਟਾਮਿਨ-ਸੀ, ਕੈਲਸ਼ੀਅਮ ਅਤੇ ਮੈਗਨੀਸ਼ੀਅਮ ਆਪਣੇ ਫੈਮਿਲੀ ਡਾਕਟਰ ਦੀ ਸਲਾਹ ਨਾਲ ਸ਼ੁਰੂ ਕਰ ਦਿਓ।
- ਦਿਨ ਭਰ ਦੀ ਤਾਜ਼ਗੀ, ਐਨਰਜੀ ਅਤੇ ਬਾਡੀ ਦਾ ਤਾਪਮਾਨ ਬਰਕਰਾਰ ਰੱਖਣ ਲਈ ਆਪਣੇ ਸਰੀਰ ਮੁਤਾਬਕ ਕੋਸਾ ਤੇ ਆਖਰੀ 1 ਮਿੰਟ ਠੰਢਾ ਸ਼ਾਵਰ ਲਵੋ।




- ਗਰਮ ਮੌਸਮ 'ਚ ਡੀਹਾਈਡ੍ਰੇਸ਼ਨ, ਕਬਜ਼, ਚੱਕਰ ਆਉਣੇ, ਸਿਰ-ਪੀੜ ਦੀ ਹਾਲਤ 'ਚ ਪਾਣੀ ਦੇ 7-9 ਗਿਲਾਸ ਅਤੇ ਕੰਮ ਦੌਰਾਣ ਆਪਣੀ ਪਾਣੀ ਦੀ ਬੋਤਲ ਖਾਲੀ ਨਾ ਹੋਣ ਦਿਓ। ਛੋਟੇ ਬੱਚਿਆਂ ਨੂੰ ਪਾਣੀ ਪਿਲਾਉਣ ਦੀ ਜ਼ਿੰਮੇਵਾਰੀ ਮਾਂ-ਬਾਪ ਦੀ ਹੈ।
- ਸਵੇਰੇ ਜਾਗਦੇ ਹੀ ਬਿਨਾ ਕੁੱਲਾ ਕੀਤੇ ਰਾਤ ਦਾ ਤਾਂਬੇ ਦੇ ਭਾਂਡੇ 'ਚ ਰੱਖਿਆ ਪਾਣੀ ਇਸਤੇਮਾਲ ਕਰਨ ਨਾਲ ਹਾਜ਼ਮਾ ਠੀਕ ਰਹਿੰਦਾ ਹੈ। ਕਸਰਤ ਅਤੇ ਸੈਰ ਸ਼ੁਰੂ ਕਰਨ ਤੋਂ ਪਹਿਲਾਂ ਗ੍ਰੀਨ-ਟੀ ਜਾਂ ਬਿਨਾਂ ਦੁੱਧ ਬਲੈਕ ਟੀ ਪੀਣ ਨਾਲ ਸਰੀਰ ਨੂੰ ਐਨਰਜੀ ਮਿਲਦੀ ਹੈ। ਵਧੇ ਹੋਏ ਕੋਲੈਸਟਰੋਲ ਵਾਲੇ ਫਾਇਦਾ ਲੈ ਸਕਦੇ ਹਨ।
- ਰਸੋਈ ਵਿਚੋਂ ਕੁੱਕੀ, ਮਿਠਾਈ, ਕੇਕ ਰੱਸ ਚੱਕ ਦਿਓ। ਹਮੇਸ਼ਾ ਸਨੈਕਸ, ਫਲਾਂ 'ਚ ਕੇਲਾ, ਰੋਸਟਿਡ ਚਿੱਕ-ਪੀ (ਛੋਲੇ), ਪੰਪਕਿਨ ਤੇ ਸਨਫਲਾਵਰ ਸੀਡਜ਼, ਮਿਕਸ ਨਟਸ ਨੂੰ ਰੂਟੀਨ 'ਚ ਸ਼ਾਮਲ ਕਰੋ।




- ਸਿਰ-ਪੀੜ, ਧੁੰਦਲੀ ਨਜ਼ਰ ਤੇ ਖੁਸ਼ਕ ਅੱਖਾਂ ਦੀ ਹਾਲਤ 'ਚ ਲੈਪਟਾਪ ਅੱਗੇ ਕੰਮ ਕਰਨ ਵਾਲੇ ਹਰ ਇੱਕ ਘੰਟੇ ਦੇ ਅੰਤਰ 'ਤੇ 20 ਸੈਕੰਡ ਲਈ ਆਪਣੀਆਂ ਅੱਖਾਂ ਨੂੰ ਬੰਦ ਕਰਕੇ ਬ੍ਰੇਕ ਯਾਨਿ ਆਰਾਮ ਦੇਣ। ਨਜ਼ਰ ਦਾ ਚਸ਼ਮਾ ਵਰਤਣ ਵਾਲੇ ਚੰਗੀ ਕੁਆਲਿਟੀ ਦੇ ਗਲਾਸਿਸ ਇਸਤੇਮਾਲ ਕਰਕੇ ਆਪਣੇ ਨੂੰ ਭੱਵਿਖ 'ਚ ਹੋਣ ਵਾਲੇ ਅੱਖਾਂ ਦੇ ਰੋਗਾਂ ਤੋਂ ਬਚਾਅ ਕਰਨ।
- ਸਾਹ ਦੀ ਬਿਮਾਰੀ ਅਤੇ ਫੇਫੜਿਆਂ ਨੂੰ ਤਾਕਤ ਦੇਣ ਲਈ ਡੇਲੀ 15 ਮਿੰਟ ਲੰਬਾ ਸਾਹ ਲੈਣ ਤੇ ਛੱਡਣ ਦਾ ਅਭਿਆਸ ਜ਼ਰੂਰ ਕਰੋ। ਪਹਿਲਾਂ ਸੱਜੇ ਨਥੁਨੇ ਨੂੰ ਅੰਗੂਠੇ ਨਾਲ ਅਤੇ ਫਿਰ ਖੱਬੇ ਨਥੁਨੇ ਨੂੰ ਅੰਗੂਠੇ ਨਾਲ ਕਵਰ ਕਰਕੇ ਸਾਹ ਲਵੋ ਤੇ ਛੱਡੋ।
- ਸਰੀਰ ਅਤੇ ਮਨ ਨੂੰ ਹਮੇਸ਼ਾ ਤੰਦਰੁਸਤ ਰੱਖਣ ਲਈ ਸੀਜ਼ਨ ਦੇ ਮੁਤਾਬਿਕ ਤਾਜ਼ੇ ਫਲ-ਸਬਜ਼ੀਆਂ ਦੀ ਵਰਤੋਂ ਕਰੋ।
- ਇੱਕਲਾਪਨ ਦੂਰ ਕਰਨ ਲਈ ਹੋ ਸਕੇ, ਤਾਂ ਐਕਟੀਵਿਟੀ ਕੋਰਸ ਜਾਂ ਕਲੱਬ ਜੁਆਇਨ ਕਰੋ।

ਨੋਟ: ਜੰਕ-ਫੂਡ ਦੀ ਵਰਤੋਂ ਘੱਟ ਤੋਂ ਘੱਟ ਕਰੋ। ਤੇਜ਼ ਮਿਰਚ-ਮਸਾਲੇਦਾਰ ਖੁਰਾਕ ਤੋਂ ਹਮੇਸ਼ਾ ਦੂਰ ਰਹੋ। ਘਰ ਜਾਂ ਘਰ ਤੋਂ ਬਾਹਰ ਕੁੱਝ ਵੀ ਖਾਣ-ਪੀਣ ਤੋਂ ਪਹਿਲਾਂ ਆਪਣੇ ਹੱਥਾਂ ਨੂੰ ਚੰਗੀ ਤਰ੍ਹਾਂ ਕਲੀਨ ਜ਼ਰੂਰ ਕਰੋ। ਕਿਸੇ ਵੀ ਬਿਮਾਰੀ ਦੇ ਲੱਛਣ ਪੈਦਾ ਹੁੰਦੇ ਹੀ ਬਿਨਾਂ ਦੇਰ ਕੀਤੇ ਆਪਣੇ ਫੈਮਿਲੀ ਡਾਕਟਰ ਦੀ ਸਲਾਹ ਨਾਲ ਇਲਾਜ ਕਰਾਓ।



# "ਸਕ੍ਰੌਲ ਸੱਭਿਆਚਾਰ ਅਤੇ ਅੰਧਵਿਸ਼ਵਾਸ: ਤਕਨਾਲੋਜੀ ਦੇ ਯੁੱਗ ਵਿਚ ਮਾਨਸਿਕ ਗੁਲਾਮੀ"

-ਡਾ. ਸਤਿਆਵਾਨ 'ਸੌਰਭ'
ਹਰਿਆਣਾ
94665-26148, 01255281381



ਪੰਜਾਬ ਮੇਲ USA

**ਸੋਸ਼ਲ ਮੀਡੀਆ 'ਤੇ ਅਖੌਤੀ 'ਪ੍ਰਭਾਵਕ' ਹੁਣ ਜ਼ਿੰਦਗੀ ਦੇ ਹਰ ਖੇਤਰ ਵਿਚ ਸਲਾਹ ਦੇ ਰਹੇ ਹਨ – ਸਿਹਤ, ਸਿੱਖਿਆ, ਰਿਸ਼ਤੇ, ਇੱਥੋਂ ਤੱਕ ਕਿ ਅਧਿਆਤਮਿਕਤਾ ਵੀ। ਪਰ ਉਨ੍ਹਾਂ ਦਾ ਗਿਆਨ ਸਤਹੀ ਹੈ, ਅਤੇ ਉਦੇਸ਼? ਵਿਚਾਰ ਅਤੇ ਪਸੰਦ। ਜੋ ਲੋਕ ਆਪਣੀ ਮਾਨਸਿਕ ਸਿਹਤ ਦਾ ਪ੍ਰਬੰਧਨ ਨਹੀਂ ਜਾਣਦੇ ਉਹ 'ਮਾਨਸਿਕ ਸਿਹਤ ਮਾਹਰ' ਬਣ ਗਏ ਹਨ। ਸਕਰੋਲ ਸੱਭਿਆਚਾਰ ਨੇ ਸਾਡੀ ਸੋਚ ਨੂੰ ਖੰਡਿਤ ਕਰ ਦਿੱਤਾ ਹੈ। ਇੱਕ ਪਾਸੇ 'ਮਾਈਂਡਫੁਲਨੈੱਸ' ਦੀ ਗੱਲ ਹੋ ਰਹੀ ਹੈ, ਦੂਜੇ ਪਾਸੇ ਅਸੀਂ ਆਪਣੇ ਆਪ ਤੋਂ ਵੱਖ ਹੋ ਰਹੇ ਹਾਂ।**



ਅੱਜ ਤਕਨਾਲੋਜੀ ਅਤੇ ਜਾਣਕਾਰੀ ਦਾ ਯੁੱਗ ਹੈ। ਹਰ ਹੱਥ ਵਿਚ ਮੋਬਾਈਲ ਹੈ, ਹਰ ਜੇਬ ਵਿਚ ਇੰਟਰਨੈੱਟ ਹੈ। ਪਰ ਕੀ ਅਸੀਂ ਸੱਚਮੁੱਚ ਵਧੇਰੇ ਜਾਗਰੂਕ ਹੋ ਗਏ ਹਾਂ, ਜਾਂ ਕੀ ਅਸੀਂ ਸਿਰਫ਼ ਸਕ੍ਰੀਨ 'ਤੇ ਖਿਸਕਦੀਆਂ ਉਂਗਲਾਂ ਦੇ ਗੁਲਾਮ ਬਣ ਗਏ ਹਾਂ?

ਲੋਕ ਇਸ਼ਤਿਹਾਰਾਂ, ਵੀਡੀਓਜ਼, ਮੀਮਜ਼, ਰੀਲਾਂ ਅਤੇ ਚਾਲਾਂ ਦੀ ਇੱਕ ਬੇਅੰਤ ਦੁਨੀਆਂ ਵਿਚ ਮਗਨ ਹਨ। "ਸਕ੍ਰੌਲ ਸੱਭਿਆਚਾਰ" ਨੇ ਸਾਡਾ ਧਿਆਨ ਖਿੱਚਣ ਦਾ ਸਮਾਂ ਘਟਾ ਦਿੱਤਾ ਹੈ। ਜਿਹੜੀਆਂ ਚੀਜ਼ਾਂ ਪਹਿਲਾਂ ਡੂੰਘਾਈ ਨਾਲ ਸਮਝੀਆਂ ਜਾਂਦੀਆਂ ਸਨ, ਹੁਣ ਉਹ 30-ਸਕਿੰਟ ਦੀਆਂ ਛੋਟੀਆਂ ਫਿਲਮਾਂ ਅਤੇ 280-ਅੱਖਰਾਂ ਦੀਆਂ ਪੋਸਟਾਂ ਤੱਕ ਸੀਮਤ ਹੋ ਗਈਆਂ ਹਨ।

ਸਾਡੇ ਦਿਮਾਗ ਸਤਹੀ ਜਾਣਕਾਰੀ ਨਾਲ ਭਰੇ ਹੋਏ ਹਨ, ਪਰ ਗਿਆਨ ਦੀ ਡੂੰਘਾਈ ਗੁਆਚ ਗਈ ਹੈ। ਇੱਕ ਸਮਾਂ ਸੀ, ਜਦੋਂ ਅਸੀਂ ਅਖ਼ਬਾਰ ਵਿਚ ਲੰਬੇ ਲੇਖ ਪੜ੍ਹਦੇ ਸੀ, ਉਨ੍ਹਾਂ 'ਤੇ ਚਰਚਾ ਕਰਦੇ ਸੀ, ਉਨ੍ਹਾਂ 'ਤੇ ਵਿਚਾਰ ਕਰਦੇ ਸੀ। ਹੁਣ ਅਸੀਂ "ਸਕ੍ਰੌਲ" ਕਰਦੇ ਹਾਂ – ਬਿਨਾਂ ਰੁਕੇ, ਬਿਨਾਂ ਸੋਚੇ। ਨਤੀਜਾ?

ਮਾਨਸਿਕ ਥਕਾਵਟ, ਇਕੱਲਤਾ, ਦਿਖਾਵੇ ਦੀ ਮੁਕਾਬਲੇਬਾਜ਼ੀ ਅਤੇ ਡਿਜੀਟਲ ਉਦਾਸੀ। ਲੋਕ ਮੁਸਕਰਾਉਂਦੇ ਹੋਏ ਸੈਲਫੀ ਪੋਸਟ ਕਰਦੇ ਹਨ ਪਰ ਅੰਦਰੋਂ ਟੁੱਟੇ ਹੋਏ ਹਨ। 'ਹੈਸ਼ਟੈਗ ਖੁਸ਼' ਦੇ ਪਿੱਛੇ ਇੱਕ ਡੂੰਘਾ ਖਾਲੀਪਨ ਛੁਪਿਆ ਹੋਇਆ ਹੈ।

ਸੋਸ਼ਲ ਮੀਡੀਆ 'ਤੇ ਅਖੌਤੀ 'ਪ੍ਰਭਾਵਕ' ਹੁਣ ਜ਼ਿੰਦਗੀ ਦੇ ਹਰ ਖੇਤਰ ਵਿਚ ਸਲਾਹ ਦੇ ਰਹੇ ਹਨ - ਸਿਹਤ, ਸਿੱਖਿਆ, ਰਿਸ਼ਤੇ, ਇੱਥੋਂ ਤੱਕ ਕਿ ਅਧਿਆਤਮਿਕਤਾ ਵੀ। ਪਰ ਉਨ੍ਹਾਂ ਦਾ ਗਿਆਨ ਸਤਹੀ ਹੈ, ਅਤੇ ਉਦੇਸ਼? ਵਿਚਾਰ ਅਤੇ ਪਸੰਦ। ਜੋ ਲੋਕ ਆਪਣੀ ਮਾਨਸਿਕ ਸਿਹਤ ਦਾ ਪ੍ਰਬੰਧਨ ਨਹੀਂ ਜਾਣਦੇ ਉਹ 'ਮਾਨਸਿਕ ਸਿਹਤ ਮਾਹਰ' ਬਣ ਗਏ ਹਨ। ਸਕਰੋਲ ਸੱਭਿਆਚਾਰ ਨੇ ਸਾਡੀ ਸੋਚ ਨੂੰ ਖੰਡਿਤ ਕਰ ਦਿੱਤਾ ਹੈ। ਇੱਕ ਪਾਸੇ 'ਮਾਈਂਡਫੁਲਨੈੱਸ' ਦੀ ਗੱਲ ਹੋ ਰਹੀ ਹੈ, ਦੂਜੇ ਪਾਸੇ ਅਸੀਂ ਆਪਣੇ ਆਪ ਤੋਂ ਵੱਖ ਹੋ ਰਹੇ ਹਾਂ।

ਲੋਕ ਸੋਸ਼ਲ ਮੀਡੀਆ 'ਤੇ ਸਕਰੋਲਿੰਗ ਕਰਨ ਵਿਚ ਘੰਟੇ ਬਰਬਾਦ ਕਰਦੇ ਹਨ ਪਰ ਅਸਲ ਗੱਲਬਾਤ ਦੀ ਸ਼ਕਤੀ ਗੁਆ ਚੁੱਕੇ ਹਨ। ਇੱਕ ਕਲਿੱਕ ਹਜ਼ਾਰਾਂ ਰਾਏ ਲਿਆਉਂਦਾ ਹੈ, ਪਰ ਉਨ੍ਹਾਂ ਦੀ ਵੈਧਤਾ ਦੀ ਪੁਸ਼ਟੀ ਕੌਣ ਕਰ ਸਕਦਾ ਹੈ?

ਤਕਨੀਕੀ ਯੁੱਗ ਵਿਚ, ਇਹ ਉਮੀਦ ਕੀਤੀ ਜਾਂਦੀ ਸੀ ਕਿ ਅੰਧਵਿਸ਼ਵਾਸ ਖਤਮ ਹੋ ਜਾਣਗੇ। ਪਰ ਹੁਣ ਇਹ 'ਡਿਜੀਟਲ ਭੂਤ' ਬਣ ਗਏ ਹਨ। ਵਟਸਐਪ 'ਤੇ: "ਰਾਤ ਨੂੰ ਇਹ ਮੰਤਰ ਜ਼ਰੂਰ ਪੜ੍ਹੋ..." ਫੇਸਬੁੱਕ 'ਤੇ: "ਇਹ ਫੋਟੋ 5 ਲੋਕਾਂ ਨੂੰ ਭੇਜੋ, ਨਹੀਂ ਤਾਂ ਬਦਕਿਸਮਤੀ ਆਵੇਗੀ" ਯੂਟਿਊਬ 'ਤੇ: "ਪਿਤ੍ਰ ਦੋਸ਼ ਨੂੰ ਦੂਰ ਕਰਨ ਦਾ ਚਮਤਕਾਰੀ ਉਪਾਅ"

ਕੀ ਇਹ ਡਿਜੀਟਲ ਇੰਡੀਆ ਹੈ? ਜਾਂ ਅੰਧਵਿਸ਼ਵਾਸ ਦਾ ਇੱਕ ਨਵਾਂ ਕਿਲ੍ਹਾ?

ਪੜ੍ਹੇ-ਲਿਖੇ ਲੋਕ ਵੀ ਵਿਗਿਆਨਕ ਸੋਚ ਦੀ ਬਜਾਏ "ਮਹਾਦੇਵ ਚਾਚਾ" ਦੇ ਵੀਡੀਓਜ਼ ਤੋਂ ਹੱਲ ਲੱਭ ਰਹੇ ਹਨ। ਲੋਕ ਜ਼ਿੰਦਗੀ ਦੀ ਅਨਿਸ਼ਚਿਤਤਾ ਤੋਂ ਡਰਦੇ ਹਨ। ਇਸ ਡਰ ਵਿਚ, ਉਹ ਅੰਧਵਿਸ਼ਵਾਸ ਦਾ ਸਹਾਰਾ ਲੈਂਦੇ ਹਨ, ਜੋ ਉਨ੍ਹਾਂ ਨੂੰ ਭਾਵਨਾਤਮਕ ਸੁਰੱਖਿਆ ਦਾ ਭਰਮ ਦਿੰਦਾ ਹੈ।

ਇੰਟਰਨੈੱਟ 'ਤੇ ਜਾਣਕਾਰੀ ਤਾਂ ਹੈ, ਪਰ ਇਸਨੂੰ ਛਾਂਟਣ ਦੀ ਯੋਗਤਾ ਨਹੀਂ ਸਿਖਾਈ ਗਈ। ਨਤੀਜੇ ਵਜੋਂ, ਝੂਠ ਵੀ ਸੱਚ ਜਾਪਦਾ ਹੈ।

ਹਰ ਕੋਈ ਪ੍ਰੇਰਕ ਬੁਲਾਰੇ, ਜੀਵਨ ਕੋਚ, ਜੋਤਸ਼ੀ ਬਣ ਗਿਆ ਹੈ। ਬਿਨਾਂ ਕਿਸੇ ਪ੍ਰਮਾਣਿਕਤਾ ਦੇ। ਉਨ੍ਹਾਂ ਦਾ ਉਦੇਸ਼ ਟ੍ਰੈਫਿਕ ਅਤੇ ਪੈਸਾ ਹੈ। ਬਚਪਨ ਵਿਚ, ਜੇ ਅਸੀਂ ਸਵਾਲ ਪੁੱਛਦੇ ਹਾਂ, ਤਾਂ ਸਾਨੂੰ ਝਿੜਕਿਆ ਜਾਂਦਾ ਹੈ - 'ਵਿਸ਼ਵਾਸ ਰੱਖੋ'। ਇਹ ਸੋਚ ਸਾਨੂੰ ਵੱਡੇ ਹੁੰਦੇ ਹੀ ਗੁੰਮਰਾਹਕੁੰਨ ਸਮੱਗਰੀ ਨੂੰ ਜਜ਼ਬ ਕਰਨ ਦੇ ਯੋਗ ਬਣਾਉਂਦੀ ਹੈ।

ਇੱਕ ਰਿਪੋਰਟ ਦੇ ਅਨੁਸਾਰ, ਔਸਤਨ, ਇੱਕ ਭਾਰਤੀ ਨੌਜਵਾਨ ਹਰ ਰੋਜ਼ ਸੋਸ਼ਲ ਮੀਡੀਆ 'ਤੇ 4-6 ਘੰਟੇ ਬਿਤਾਉਂਦਾ ਹੈ। ਇਸ ਸਮੇਂ ਦੌਰਾਨ ਉਹ ਕਿੰਨੀ ਵਾਰ ਆਪਣੇ ਆਪ ਨਾਲ ਜੁੜਦਾ ਹੈ?



ਸਕ੍ਰੌਲ ਕਰਦੇ ਸਮੇਂ, ਅਸੀਂ ਦੂਜਿਆਂ ਦੇ ਜੀਵਨ ਦੀਆਂ ਝਲਕੀਆਂ ਦੇਖਦੇ ਹਾਂ - ਉਨ੍ਹਾਂ ਦੀਆਂ ਪਾਰਟੀਆਂ, ਛੁੱਟੀਆਂ, ਖੁਸ਼ੀ ਦੀਆਂ ਤਸਵੀਰਾਂ - ਅਤੇ ਆਪਣੀ ਜ਼ਿੰਦਗੀ ਤੋਂ ਅਸੰਤੁਸ਼ਟ ਹੋ ਜਾਂਦੇ ਹਾਂ। ਇਹ ਤੁਲਨਾ ਅੰਦਰੂਨੀ ਬੇਚੈਨੀ ਅਤੇ ਉਦਾਸੀ ਨੂੰ ਜਨਮ ਦਿੰਦੀ ਹੈ। ਅਸੀਂ ਜ਼ਿੰਦਗੀ ਨੂੰ ਇੱਕ ਰੀਲ ਵਿਚ ਬਦਲ ਦਿੱਤਾ ਹੈ। ਜੋ ਦਿਖਾਈ ਦਿੰਦਾ ਹੈ ਉਹ ਵਿਕਦਾ ਹੈ - ਇਹ ਸੋਚ ਆਤਮਾ ਨੂੰ ਖੋਖਲਾ ਕਰ ਰਹੀ ਹੈ।

ਨੀਂਦ ਦੀ ਕਮੀ, ਧਿਆਨ ਭਟਕਾਉਣਾ, ਸਮਾਜਿਕ ਚਿੰਤਾ, ਸਵੈ-ਸ਼ੱਕ, ਆਤਮ ਹੱਤਿਆ ਦੀਆਂ ਪ੍ਰਵਿਰਤੀਆਂ - ਇਹ ਸਾਰੇ ਸਕ੍ਰੌਲ ਸੱਭਿਆਚਾਰ ਦੇ ਮਾਨਸਿਕ ਨਤੀਜੇ ਹਨ। ਕਈ ਅਧਿਐਨਾਂ ਤੋਂ ਪਤਾ ਲੱਗਾ ਹੈ ਕਿ ਇੰਸਟਾਗ੍ਰਾਮ, ਟਿੱਕਟੌਕ ਅਤੇ ਫੇਸਬੁੱਕ ਦੀ ਬਹੁਤ ਜ਼ਿਆਦਾ ਵਰਤੋਂ ਕਿਸ਼ੋਰਾਂ ਅਤੇ ਨੌਜਵਾਨਾਂ ਵਿਚ ਸਵੈ-ਸ਼ੱਕ ਅਤੇ ਉਦਾਸੀ ਨੂੰ ਵਧਾਉਂਦੀ ਹੈ।

ਟੀ.ਵੀ. ਚੈਨਲ ਹੁਣ 'ਰਹੱਸਮਈ ਮੰਦਿਰ', 'ਭੂਤ ਹਵੇਲੀ', 'ਜੋਤਿਸ਼ ਸਮਾਧਾਨ' ਵਰਗੇ ਪ੍ਰੋਗਰਾਮਾਂ ਤੋਂ ਵੀ ਟੀ.ਆਰ.ਪੀ ਪ੍ਰਾਪਤ ਕਰਦੇ ਹਨ। ਇਸ਼ਤਿਹਾਰਬਾਜ਼ੀ ਕੰਪਨੀਆਂ 'ਰਾਹੂ-ਕੇਤੂ ਦੋਸ਼' ਵਰਗੇ ਸ਼ਬਦਾਂ ਨਾਲ ਲੋਕਾਂ ਨੂੰ ਡਰਾ ਕੇ ਉਤਪਾਦ ਵੀ ਵੇਚਦੀਆਂ ਹਨ। ਜਦੋਂ ਸੰਸਥਾਵਾਂ ਖੁਦ ਵਿਗਿਆਨਕ ਪਹੁੰਚ ਦੇ ਵਿਰੁੱਧ ਕੰਮ ਕਰਦੀਆਂ ਹਨ, ਤਾਂ ਜਨਤਾ ਕਿਵੇਂ ਜਾਗਰੂਕ ਹੋ ਸਕਦੀ ਹੈ?

ਹਰ ਰੋਜ਼ 1 ਘੰਟਾ ਮੋਬਾਈਲ-ਮੁਕਤ ਬਿਤਾਓ। ਹਫ਼ਤੇ ਵਿਚ 1 ਦਿਨ ਡਿਜੀਟਲ ਡੀਟੌਕਸ ਕਰੋ। ਰਾਤ ਨੂੰ ਸੌਣ ਤੋਂ ਪਹਿਲਾਂ 1 ਘੰਟਾ ਸਕ੍ਰੀਨ ਵੱਲ ਨਾ ਦੇਖੋ। ਅਧੂਰੀ ਜਾਣਕਾਰੀ ਦੇ ਆਧਾਰ 'ਤੇ ਰਾਏ ਨਾ ਬਣਾਓ। ਹਰ ਚੀਜ਼ 'ਤੇ ਸ਼ੱਕ ਨਾ ਕਰੋ, ਪਰ ਹਰ ਚੀਜ਼ ਬਾਰੇ ਸੋਚੋ। ਬੱਚਿਆਂ ਨੂੰ ਸਵਾਲ ਪੁੱਛਣ ਲਈ ਉਤਸ਼ਾਹਿਤ ਕਰੋ। ਵਿਗਿਆਨ, ਤਰਕ ਅਤੇ ਤੱਥਾਂ 'ਤੇ ਆਧਾਰਿਤ ਸਿੱਖਿਆ ਪ੍ਰਣਾਲੀ ਅਪਣਾਓ।

ਸਕੂਲਾਂ ਵਿਚ 'ਜਾਣਕਾਰੀ ਦੀ ਜਾਂਚ ਕਿਵੇਂ ਕਰੀਏ' ਵਰਗੇ ਕੋਰਸ ਹੋਣੇ ਚਾਹੀਦੇ ਹਨ। 'ਤੱਥਾਂ ਦੀ ਜਾਂਚ' ਇੱਕ ਸਮਾਜਿਕ ਆਦਤ ਬਣ ਜਾਣੀ ਚਾਹੀਦੀ ਹੈ। ਯੂਟਿਊਬ 'ਤੇ ਦਿਖਾਈ ਦੇਣ ਵਾਲੀ ਹਰ ਚੀਜ਼ 'ਤੇ ਵਿਸ਼ਵਾਸ ਨਾ ਕਰੋ। ਧਰਮ ਨੂੰ ਆਤਮਾ ਨਾਲ ਜੋੜੋ, ਡਰ ਨਾਲ ਨਹੀਂ। ਵਿਸ਼ਵਾਸ ਦਾ ਅਰਥ ਹੈ ਸਮਝ, ਅੰਨ੍ਹੀ ਪਾਲਣਾ ਨਹੀਂ। ਅਖੌਤੀ ਚਮਤਕਾਰੀ ਹੱਲਾਂ ਦੀ ਜਾਂਚ ਕਰੋ।

ਤਕਨਾਲੋਜੀ ਨੇ ਸਾਨੂੰ ਜੋੜਨ ਦਾ ਦਾਅਵਾ ਕੀਤਾ, ਪਰ ਅੱਜ ਅਸੀਂ ਹਰ ਚੀਜ਼ ਤੋਂ ਵੱਖ ਹੋ ਗਏ ਹਾਂ - ਆਪਣੇ ਆਪ ਤੋਂ, ਅਤੇ ਸਮਾਜ ਤੋਂ। ਅਸੀਂ ਸਕ੍ਰੀਨ 'ਤੇ ਹਾਂ, ਪਰ ਜ਼ਿੰਦਗੀ ਤੋਂ ਬਾਹਰ ਹਾਂ। ਅਸੀਂ ਕਲਿੱਕ ਕਰਦੇ ਹਾਂ ਪਰ ਮਹਿਸੂਸ ਨਹੀਂ ਕਰਦੇ।

ਸੋਸ਼ਲ ਮੀਡੀਆ ਦੇ ਇਸ ਸ਼ੋਰ ਵਿਚ, ਆਤਮ-ਨਿਰੀਖਣ ਦੀ ਆਵਾਜ਼ ਕਿਤੇ ਗੁਆਚ ਗਈ ਹੈ। ਅੱਜ, ਸਭ ਤੋਂ ਵੱਡੀ ਲੋੜ ਡਿਜੀਟਲ ਡੀਟੌਕਸ ਅਤੇ ਮਾਨਸਿਕ ਵਿਚਾਰਧਾਰਕ ਪੁਨਰਜਾਗਰਣ ਦੀ ਹੈ। ਨਹੀਂ ਤਾਂ, ਇਹ ਸਕਰੋਲ ਸੱਭਿਆਚਾਰ ਅਤੇ ਅੰਧਵਿਸ਼ਵਾਸ ਇਕੱਠੇ ਸਾਨੂੰ ਉਸ ਹਨੇਰੇ ਯੁੱਗ ਵਿਚ ਲੈ ਜਾਣਗੇ, ਜਿੱਥੇ ਰੌਸ਼ਨੀ ਹੋਵੇਗੀ - ਸਿਰਫ ਸਕ੍ਰੀਨ ਤੋਂ ਨਿਕਲ ਰਹੀ ਹੋਵੇਗੀ - ਪਰ ਅੰਦਰ ਪੂਰਨ ਹਨੇਰਾ ਹੋਵੇਗਾ।

ਗਿਆਨ ਕਦੇ ਵੀ ਇੱਕ ਪੱਤਰੀ ਵਿਚ ਨਹੀਂ ਆਉਂਦਾ, ਇਹ ਇੱਕ ਵਿਰਾਮ ਮੰਗਦਾ ਹੈ। ਵਿਸ਼ਵਾਸ ਕਦੇ ਵੀ ਅੰਨ੍ਹਾ ਨਹੀਂ ਹੁੰਦਾ, ਇਸਨੂੰ ਤਰਕ ਤੋਂ ਤਾਕਤ ਮਿਲਦੀ ਹੈ। ਅਤੇ ਅੱਜ ਦੇ ਸਮੇਂ ਵਿਚ ਸਭ ਤੋਂ ਵੱਡੀ ਬਗਾਵਤ ਹੈ - ਸੋਚਣਾ।

# ਗੁਰਦੁਆਰਾ ਭਾਈ ਅਦਲੀ ਜਿਥੇ ਬਾਬਾ ਬਿਧੀ ਚੰਦ ਦੇ ਜੀਵਨ ਵਿਚ ਆਇਆ ਇੱਕ ਮਹੱਤਵਪੂਰਨ ਮੋੜ


ਗੁਰਦੁਆਰਾ ਬਾਬਾ ਅਦਲੀ ਜੀ, ਚੋਹਲਾ ਸਾਹਿਬ

ਰਮੇਸ਼ ਬੱਗਾ ਚੋਹਲਾ
ਹੈਬੋਵਾਲ ਖੁਰਦ
(ਲੁਧਿਆਣਾ)
ਮੋਬ : 94631-32719
ਪੰਜਾਬ ਮੇਲ USA



ਗੁਰੂ ਨਾਨਕ ਨਾਮ-ਲੇਵਾ ਸੰਗਤ ਦੇ ਮਨ ਵਿਚ ਗੁਰਦੁਆਰਾ ਸਾਹਿਬ ਪ੍ਰਤੀ ਬਹੁਤ ਹੀ ਸ਼ਰਧਾ ਅਤੇ ਸਤਿਕਾਰ ਹੈ, ਕਿਉਂਕਿ ਇਨ੍ਹਾਂ ਰਾਹੀਂ ਆਤਮਿਕ ਸੋਝੀ ਦੀ ਪ੍ਰਾਪਤੀ ਦੇ ਨਾਲ-ਨਾਲ ਸਮਾਜਿਕ ਸਾਂਝ ਵੀ ਪੱਕੀ ਹੁੰਦੀ ਹੈ।

ਗੁਰੂ ਵਾਕ ਹੈ- 'ਗੁਰੂ ਦੁਆਰੈ ਹੋਇ ਸੋਝੀ ਪਾਇਸੀ'

ਗੁਰਦੁਆਰਾ ਸਾਹਿਬ ਵਿਚ ਨਿਤਨੇਮ ਨਾਲ ਆਉਣ ਵਾਲੀ ਸੰਗਤ ਨੂੰ ਇਹ ਸੋਝੀ (ਗਿਆਨ) ਗੁਰਬਾਣੀ, ਇਤਿਹਾਸ ਅਤੇ ਕਥਾ-ਵਿਚਾਰਾਂ ਰਾਹੀਂ ਪ੍ਰਦਾਨ ਕੀਤੀ ਜਾਂਦੀ ਹੈ, ਜਿਹੜੀ ਮਾਨਵ-ਜੀਵਨ ਦਾ ਲਾਹਾ (ਪ੍ਰਾਣੀ ਤੂੰ ਆਇਆ ਲਾਹਾ ਲੈਣਿ) ਲੈਣ ਦੇ ਸਮਰੱਥ ਬਣਾਉਂਦੀ ਹੈ। ਇਕ ਸਮਰੱਥ ਵਿਅਕਤੀ ਹੀ ਆਪਣੀ ਸਹੀ ਮੰਜ਼ਿਲ (ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ) 'ਤੇ ਪਹੁੰਚ ਸਕਦਾ ਹੈ। ਭਟਕਣ ਦੀਆਂ ਗਲੀਆਂ ਵਿਚ ਫਿਰਦੇ ਜੀਵਾਂ ਨੂੰ ਉਨ੍ਹਾਂ ਦੀ ਅਸਲੀ ਮੰਜ਼ਿਲ ਤੱਕ ਪਹੁੰਚਾਉਣ ਵਿਚ ਜਿਥੇ ਗੁਰਮਤਿ ਗਿਆਨ ਦਾ ਵੱਡਮੁੱਲਾ ਯੋਗਦਾਨ ਰਿਹਾ ਹੈ, ਉਥੇ ਇਸ (ਗੁਰਮਤਿ) ਵਿਚਾਰਧਾਰਾ ਨੂੰ ਸਮਰਪਿਤ ਸਿੱਖਾਂ ਦੀ ਵੀ ਅਹਿਮ ਭੂਮਿਕਾ ਰਹੀ ਹੈ। ਇਸ ਤਰ੍ਹਾਂ ਦੀ ਭੂਮਿਕਾ ਨਿਭਾਉਣ ਵਾਲਿਆਂ ਵਿਚ ਹੀ ਸ਼ਾਮਿਲ ਹੈ ਇਤਿਹਾਸਕ ਕਸਬਾ ਚੋਹਲਾ ਸਾਹਿਬ ਦੇ ਵਸਨੀਕ ਅਤੇ ਪੰਚਮ ਪਾਤਸ਼ਾਹ ਗੁਰੂ ਅਰਜਨ ਦੇਵ ਜੀ ਦੇ ਪਿਆਰੇ ਸਿੱਖ ਭਾਈ ਅਦਲੀ ਜੀ ਦਾ ਨਾਮ। ਭਾਈ ਸਾਹਿਬ ਦੀ ਸਾਰਥਿਕ ਭੂਮਿਕਾ ਸਦਕਾ ਹੀ ਇੱਕ ਚੋਰ ਬਿਰਤੀ ਦਾ ਮਾਲਿਕ ਬਾਬਾ ਬਿਧੀ ਚੰਦ ਨਾ ਸਿਰਫ ਚੋਰੀ ਤੋਂ ਹੀ ਤੌਬਾ ਕਰ ਗਿਆ, ਸਗੋਂ ਗੁਰੂ ਘਰ ਨੂੰ ਸਮਰਪਿਤ ਹੋ ਕੇ ਗੁਰੂ ਦਾ ਸੀਨਾ (ਬਿਧੀ ਚੰਦ ਛੀਨਾ ਗੁਰੂ ਕਾ ਸੀਨਾ) ਵੀ ਬਣ ਗਿਆ।

ਇਤਿਹਾਸ ਵਿਚ ਮਿਲਦੇ ਹਵਾਲੇ ਅਨੁਸਾਰ ਬਹਾਦਰ ਬਾਬਾ ਬਿਧੀ ਚੰਦ ਦਾ ਮੁੱਢਲਾ ਜੀਵਨ (ਬਚਪਨ) ਉਨ੍ਹਾਂ ਦੇ ਨਾਨਕਾ ਪਿੰਡ ਸਰਹਾਲੀ ਵਿਚ ਬਤੀਤ ਹੋਇਆ, ਜਿਸ ਨੂੰ 'ਸਰਹਾਲੀ ਚੋਰਾਂ ਵਾਲੀ' ਕਰਕੇ ਜਾਣਿਆਂ ਜਾਂਦਾ ਸੀ। ਨਾਨਕੇ ਪਿੰਡ ਦੇ ਮਾਹੌਲ ਨੇ ਬਿਧੀ ਚੰਦ ਦੇ ਬਾਲ ਮਨ 'ਤੇ ਅਜਿਹਾ ਅਸਰ ਕੀਤਾ ਕਿ ਉਹ ਜਵਾਨੀ ਦੀ ਦਹਿਲੀਜ਼ 'ਤੇ ਪਹੁੰਚ ਕੇ ਇੱਕ ਨਿਪੁੰਨ ਚੋਰ ਬਣ ਗਿਆ। ਆਲੇ-ਦੁਆਲੇ ਦੇ ਪਿੰਡਾਂ ਵਿਚੋਂ ਮਾਲ-ਡੰਗਰ ਚੋਰੀ ਕਰਨਾ ਉਸ ਦਾ ਕਸਬ ਬਣ ਗਿਆ। ਇਸ ਕਸਬ ਦੇ ਮੁਤਾਬਕ ਇੱਕ ਦਿਨ ਉਸ ਨੇ ਦੁਆਬੇ ਦੇ ਪਿੰਡ ਆਲੀ ਦੀਆਂ ਮੱਝਾਂ ਖੋਲ੍ਹ ਲਈਆਂ ਅਤੇ ਰਾਤੋ-ਰਾਤ ਟਿਕਾਣੇ ਲਗਾਉਣ ਲਈ ਚਾਲੇ ਪਾ ਦਿੱਤੇ। ਸਵੇਰੇ ਉੱਠਕੇ ਪਿੰਡ ਵਾਲਿਆਂ ਨੇ ਜਦੋਂ ਮੱਝਾਂ ਦੀਆਂ ਖ਼ੁਰਲੀਆਂ ਖਾਲੀ ਦੇਖੀਆਂ, ਤਾਂ ਉਨ੍ਹਾਂ ਨੇ ਚੋਰ ਦਾ ਖ਼ੁਰਾ ਨੱਪ ਲਿਆ। ਜਿਹੜੇ ਰਾਹ ਖ਼ੁਰ ਲੱਗੇ ਸਨ, ਪਿੰਡ ਵਾਲੇ ਨੱਪੀ ਜਾ ਰਹੇ ਸਨ। ਦਰਿਆ ਬਿਆਸ ਵਿਚ ਪੈਣ ਕਰਕੇ ਭਾਵੇਂ ਖ਼ੁਰਾ-ਖ਼ੋਜ ਮਿਲਣ ਵਿਚ ਵਿਘਨ ਪੈ ਗਿਆ ਪਰ ਪਿੰਡ ਦੇ ਕੁੱਝ ਤਾਰੂ ਬੰਦੇ ਬਿਆਸ ਪਾਰ ਕਰ ਗਏ।

ਦਰਿਆ ਪਾਰ ਕਰਕੇ ਇਹ ਲੜੀ ਫਿਰ ਜੁੜ ਗਈ। ਇਸ ਲੜੀ ਦੇ ਨਾਲ ਪਿੰਡ ਵਾਲੇ ਵੀ ਅਗਾਂਹ ਵੱਧਣ ਲੱਗੇ ਅਤੇ ਵੱਧਦੇ-ਵੱਧਦੇ ਬਿਧੀ ਚੰਦ ਦੇ ਨੇੜੇ ਲੱਗ ਗਏ। ਪਿੱਛੇ ਆਉਂਦੀ ਵਾਹਰ (ਭੀੜ) ਨੂੰ ਦੇਖ ਕੇ ਬਾਬੇ ਬਿਧੀ ਚੰਦ ਨੇ ਮੱਝਾਂ ਪਿੰਡ ਚੋਹਲਾ ਸਾਹਿਬ ਨੇੜਲੇ ਇੱਕ ਛੱਪੜ ਵਿਚ ਵਾੜ ਦਿੱਤੀਆਂ ਅਤੇ ਆਪ ਉਸ ਕੁਟੀਆ ਵੱਲ ਨੂੰ ਹੋ ਤੁਰਿਆ, ਜਿਹੜੀ ਛੱਪੜ ਦੇ ਕਿਨਾਰੇ ਨਜ਼ਰ ਆ ਰਹੀ ਸੀ।

ਕੁਟੀਆ ਵਿਚ ਜਾ ਕੇ ਬਿਧੀ ਚੰਦ ਨੇ ਦੇਖਿਆ ਕਿ ਅੱਧਖੜ ਉਮਰ ਦਾ ਇੱਕ ਸਾਧੂ ਬੰਦਗੀ ਵਿਚ ਲੀਨ ਸੀ। ਸਾਧੂ ਦੇ ਸਨਮੁੱਖ ਹੋ ਕੇ ਬਿਧੀ ਚੰਦ ਨੇ ਕਿਹਾ:- 'ਬਾਬਾ! ਮੈਂ ਚੋਰ ਹਾਂ, ਅੱਜ ਬਚਾ ਲੈ, ਫਿਰ ਕਦੇ ਚੋਰੀ ਨਹੀਂ ਕਰਾਂਗਾ।' ਜਦੋਂ ਉਸ ਸਾਧੂ ਨੇ ਨੇਤਰ ਖੋਲ੍ਹ ਕੇ ਦੇਖਿਆ ਤਾਂ ਕਿਹਾ:-

'ਸਾਧ ਦੇ ਕੋਲ ਚੋਰ ਨਹੀਂ ਸਿਰਫ ਸਾਧ ਹੀ ਟਿੱਕਦੇ ਨੇ, ਦੂਸਰਾ ਚੋਰ ਕਦੇ ਵੀ ਨਹੀਂ ਕਹਿੰਦਾ ਕਿ ਉਹ ਚੋਰ ਹੈ। ਹੁਣ ਤੂੰ ਸਾਡੇ ਕੋਲ ਆ ਗਿਆ ਹੈਂ, ਕਰਤਾਰ ਭਲੀ ਕਰੇਗਾ।'

ਹੌਂਸਲਾ ਦੇ ਕੇ ਸਾਧੂ ਨੇ ਇੱਕ ਮਾਲਾ ਬਾਬਾ ਬਿਧੀ ਚੰਦ ਨੂੰ ਦਿੱਤੀ ਅਤੇ ਚੌਂਕੜਾ ਮਾਰ ਕੇ ਵਹਿਗੁਰੂ ਸਿਮਰਨ ਲਈ ਕਿਹਾ। ਸਾਧੂ ਦਾ ਇਸ਼ਾਰਾ ਸਮਝ ਕੇ ਬਿਧੀ ਚੰਦ ਵਹਿਗੁਰੂ ਦਾ ਜਾਪ ਕਰਨ ਲੱਗਾ। ਇਸ ਸਮੇਂ ਦੌਰਾਨ ਮੱਝਾਂ ਦੇ ਮਾਲਕ ਵੀ ਕੁੱਟੀਆ ਤੱਕ ਪਹੁੰਚ ਗਏ ਅਤੇ ਕਹਿਣ ਲੱਗੇ:- 'ਬਾਬਾ! ਤੇਰੀ ਝੁੱਗੀ ਵਿਚ ਸਾਡਾ ਚੋਰ ਆਇਆ ਹੈ, ਇਸ ਨੂੰ ਬਾਹਰ ਕੱਢ ਦੇ ਅਸੀਂ ਇਸ ਦਾ ਅੱਜ ਹਿਸਾਬ (ਕੁਟਾਪਾ) ਕਰਨਾ ਹੈ।'

ਉਨ੍ਹਾਂ ਦੇ ਗੁੱਸੇ ਨੂੰ ਸ਼ਾਂਤ ਕਰਦਿਆਂ ਸਾਧੂ ਨੇ ਕਿਹਾ:- 'ਭਲਿਓ ਲੋਕੋ! ਸਾਧ ਕੋਲ ਭਲਾ ਚੋਰ ਦਾ ਕੀ ਕੰਮ? ਤਹਾਨੂੰ ਕੋਈ ਭੁਲੇਖਾ ਪਿਆ ਹੈ, ਅੰਦਰ ਆ ਕੇ ਦੇਖ ਲਓ, ਇਥੇ ਕੋਈ ਚੋਰ ਨਹੀਂ ਹੈ।' ਤਸੱਲੀ ਲਈ ਜਦੋਂ ਉਹ ਅੰਦਰ ਆਏ ਤਾਂ ਦੇਖਿਆ ਕਿ ਬਾਬਾ ਬਿਧੀ ਦੇ ਚੇਹਰੇ ਦੀ ਨੁਹਰ ਹੀ ਬਦਲ ਚੁੱਕੀ ਸੀ। ਇਹ ਸਭ ਉਸ ਮਹਾਂਪੁਰਖ ਦੀ ਸੰਗਤ ਕਰਕੇ ਹੋਇਆ ਸੀ।

ਹੱਥ-ਪੱਲੇ ਕੁੱਝ ਨਾ ਪੈਣ 'ਤੇ ਜਦੋਂ ਪਿੰਡ ਆਲੀ ਦੇ ਲੋਕ ਵਾਪਸੀ ਪਾਉਣ ਲੱਗੇ, ਤਾਂ ਸਾਧੂ ਨੇ ਆਵਾਜ਼ ਮਾਰ ਕੇ ਕਿਹਾ, 'ਗੁਰਮੁੱਖੋ! ਜਿਸ ਕਾਰਜ ਲਈ ਤੁਸੀਂ ਆਏ ਸੀ, ਉਸ ਨੂੰ ਪੂਰਾ ਕਰਕੇ ਜਾਉ। ਤੁਹਾਡੀਆਂ ਮੱਝਾਂ ਉਸ ਛੱਪੜ ਵਿਚ ਹਨ ਜਾ ਕੇ ਪਛਾਣ ਲਉ।'

ਪਿੰਡ ਦੇ ਪਤਵੰਤੇ ਜਦੋਂ ਛੱਪੜ ਕੋਲ ਗਏ, ਤਾਂ ਉਨ੍ਹਾਂ ਨੂੰ ਸਾਰੀਆਂ ਮੱਝਾਂ ਬੂਰੀਆਂ ਨਜ਼ਰ ਆਈਆਂ ਕਿਉਂਕਿ ਵਧੇਰੇ ਸਮਾਂ ਚਿੱਕੜ ਵਿਚ ਰਹਿਣ ਕਰਕੇ ਉਨ੍ਹਾਂ ਦਾ ਆਪਣਾ (ਕਾਲਾ) ਰੰਗ ਬਦਲ ਗਿਆ ਸੀ। ਗੱਲ ਨਾ ਬਣੀ ਦੇਖ ਕੇ ਪਿੰਡ ਵਾਲੇ ਸਾਧੂ ਕੋਲ ਆ ਗਏ ਅਤੇ ਆਪਣੀ ਵਧੀਕੀ ਦੀ ਮੁਆਫ਼ੀ ਮੰਗਣ ਲੱਗੇ।

ਸਾਧੂ ਨੇ ਬੜੇ ਪਿਆਰ ਨਾਲ ਉਨ੍ਹਾਂ ਨੂੰ ਸਾਰੀ ਗੱਲ ਸਮਝਾਈ ਅਤੇ ਗੁਰੂ ਨਾਨਕ ਦੇ ਘਰ ਦੀਆਂ ਬਰਕਤਾਂ/ਬਖ਼ਸ਼ਿਸਾਂ ਤੋਂ ਜਾਣੂੰ ਕਰਵਾਉਂਦਿਆਂ ਮੱਝਾਂ ਉਨ੍ਹਾਂ ਦੇ ਹਵਾਲੇ ਕਰ ਦਿੱਤੀਆਂ। ਮੱਝਾਂ ਦੇ ਮਾਲਕਾਂ ਨੇ ਧੰਨ-ਧੰਨ ਭਾਈ ਅਦਲੀ ਜੀ ਕਹਿ ਕੇ ਸੀਸ ਝੁਕਾਇਆ ਅਤੇ ਮੱਝਾਂ ਲੈ ਕੇ ਪਿੰਡ ਪਰਤ ਗਏ।

ਇਸ ਅਦਲ (ਇਨਸਾਫ਼) ਨਾਲ ਚੋਹਲਾ ਸਾਹਿਬ ਦੇ ਇਲਾਕੇ ਵਿਚ ਸਾਧੂ ਦਾ ਨਾਂਅ ਭਾਈ ਅਦਲੀ ਜੀ ਪ੍ਰਚਲਿਤ ਹੋ ਗਿਆ ਅਤੇ ਉਸ ਦੀ ਸੋਭਾ ਦੂਣੀ ਹੋ ਗਈ। ਇਸ ਸਥਾਨ 'ਤੇ ਗੁਰਦੁਆਰਾ ਭਾਈ ਅਦਲੀ ਜੀ ਸੁਸ਼ੋਭਿਤ ਹੈ। ਇਸ ਅਦਲ ਤੋਂ ਪ੍ਰਭਾਵਿਤ ਹੋ ਕੇ ਬਾਬਾ ਬਿਧੀ ਚੰਦ ਵੀ ਗੁਰੂਕਿਆਂ ਦਾ ਹੋ ਗਿਆ ਅਤੇ ਬਾਕੀ ਦਾ ਸਾਰਾ ਜੀਵਨ ਉਸ ਨੇ ਗੁਰੂ-ਘਰ ਦੇ ਕਾਰਜਾਂ ਲੇਖੇ ਲਾ ਦਿੱਤਾ।

ਛੇਵੇਂ ਪਾਤਸ਼ਾਹ ਦੀ ਕਿਰਪਾ ਨਾਲ ਕਈ ਅਸੰਭਵ ਕੰਮ ਵੀ ਉਸ ਨੇ ਕਰ ਦਿਖਾਏ ਅਤੇ ਸਿੱਖ ਇਤਿਹਾਸ ਵਿਚ 'ਭਾਈ ਬਿਧੀ ਚੰਦ ਛੀਨਾ ਗੁਰੂ ਕਾ ਸੀਨਾ' ਅਖਵਾਇਆ।

# ਹੋਇ ਨਿਮਾਨਾ ਜਗਿ ਰਹੁ



ਇਕਵਾਕ ਸਿੰਘ ਪੱਟੀ
ਸੁਲਤਾਨਵਿੰਡ ਰੋਡ,
ਅੰਮ੍ਰਿਤਸਰ ਸਾਹਿਬ।
ਪੰਜਾਬ ਮੇਲ USA



ਸਿੱਖ ਵਿਚਾਰਧਾਰਾ ਵਿਚ ਨਿਮਰਤਾ ਨੂੰ ਮਨੁੱਖੀ ਜੀਵਨ ਦਾ ਅਹਿਮ ਗੁਣ ਮੰਨਿਆ ਗਿਆ ਹੈ। ਇਹ ਨਿਮਰਤਾ ਹੀ ਗੁਰਸਿੱਖੀ ਜੀਵਨ ਦਾ ਆਧਾਰ ਹੈ। ਇਹ ਵੀ ਦੱਸਿਆ ਕਿ ਨਿਮਰਤਾ ਕੇਵਲ ਵਿਖਾਵੇ ਦੀ ਨਹੀਂ, ਸਗੋਂ ਦਿਲੋਂ/ਮਨੋਂ ਹੋਣੀ ਚਾਹੀਦੀ ਹੈ ਅਤੇ ਇਹ ਤਾਂ ਹੀ ਸੰਭਵ ਹੋ ਸਕਦਾ ਹੈ, ਜਦੋਂ ਮਨੁੱਖ ਆਪਣੇ ਅੰਦਰੋਂ ਹੰਕਾਰ ਹਉਮੈ ਨੂੰ ਖ਼ਤਮ ਕਰ ਦੇਵੇਗਾ। ਇਹੀ ਕਾਰਨ ਹੈ ਕਿ ਗੁਰਬਾਣੀ ਵਿਚ ਹਉਮੈ ਨੂੰ ਮਾਰਨ ਜਾਂ ਤਿਆਗਣ ਪੁਰ ਖ਼ਾਸਾ ਜ਼ੋਰ ਦਿੱਤਾ ਗਿਆ ਹੈ, ਤਾਂ ਕਿ ਮਨੁੱਖ ਇਸ ਜਗ/ਸੰਸਾਰ ਵਿਚ ਨਿਮਾਣਾ ਹੋ ਕੇ ਵਿਚਰੇ ਅਤੇ ਅਜਿਹਾ ਕਰਨ ਨਾਲ ਉਸ ਨੂੰ ਸਮੂਹ ਮਨੁੱਖਾ ਜਾਤੀ ਵਿਚ ਪ੍ਰਮਾਤਮਾ ਵਿਦਮਾਨ ਦਿਖਾਈ ਦੇਣ ਲੱਗ ਪਵੇਗਾ। ਗੁਰੂ ਅਰਜਨ ਪਾਤਸ਼ਾਹ ਜੀ ਦਾ ਫ਼ੁਰਮਾਣ ਹੈ:

ਹੋਇ ਨਿਮਾਨਾ ਜਗਿ ਰਹਹੁ ਨਾਨਕ ਨਦਰੀ ਪਾਰਿ॥

ਇਸ ਲਈ ਸਾਨੂੰ ਆਪਣੇ ਅੰਦਰੋਂ ਹਉਮੈ/ਮੈਂ ਜਾਂ ਹੰਕਾਰ ਦੀ ਭਾਵਨਾ ਖ਼ਤਮ ਕਰਨੀ ਹੋਵੇਗੀ। ਇਹ ਹੰਕਾਰ ਕਿਸੇ ਵੀ ਗੱਲ ਦਾ ਹੋ ਸਕਦਾ ਹੈ ਆਪਣੇ ਗਿਆਨ ਦਾ, ਸੋਝੀ ਦਾ, ਵੱਧ ਕਿਤਾਬਾਂ/ਗ੍ਰੰਥ ਪੜ੍ਹੇ ਹੋਣ ਦਾ, ਸੁਹਣੇ ਹੋਣ ਦਾ, ਆਪਣੇ ਰੁਤਬੇ ਦਾ, ਆਪਣੀ ਜਾਤ। -ਬਰਾਦਰੀ ਦਾ ਆਦਿ।

ਆਓ ਤੁਹਾਨੂੰ ਰਾਜਾ ਬਿਕ੍ਰਮਾਦਿੱਤ ਦੀ ਜੀਵਨ ਵਿਚ ਇੱਕ ਘਟਨਾ ਦੱਸਦਾ ਹਾਂ। ਕਹਿੰਦੇ ਨੇ ਇੱਕ ਵਾਰ ਦੀ ਗੱਲ ਹੈ, ਇੱਕ ਵਿਅਕਤੀ ਇੱਕ ਰਾਜ-ਭਾਗ ਵਿਚ ਘੁੰਮਦਾ-ਫਿਰਦੇ ਆਇਆ ਅਤੇ ਰਸਤਾ ਭੁੱਲ ਗਿਆ। ਅਚਾਨਕ ਉਸਨੂੰ ਇੱਕ ਵਿਅਕਤੀ ਦਿੱਸਿਆ, ਜਿਸ ਨੇ ਸਰਕਾਰੀ ਵਰਦੀ ਪਹਿਨੀ ਹੋਈ ਸੀ। ਉਹ ਵਿਅਕਤੀ ਉਸ ਆਦਮੀ ਕੋਲ ਗਿਆ, ਜੋ ਸ਼ਾਇਦ ਕੋਈ ਸਰਕਾਰੀ ਅਧਿਕਾਰੀ ਸੀ ਅਤੇ ਪੁੱਛਣ ਲੱਗਿਆ ਕਿ, 'ਮੈਂ ਪ੍ਰਦੇਸੀ ਹਾਂ ਅਤੇ ਰਸਤਾ ਭੁੱਲ ਗਿਆ ਹਾਂ, ਕ੍ਰਿਪਾ ਕਰਕੇ ਮੈਨੂੰ ਫਲਾਣੇ ਟਿਕਾਣੇ ਬਾਰੇ ਦੱਸਿਓ ਕਿ ਮੈਂ ਕਿਸ ਪਾਸੇ ਜਾਵਾਂ?' ਤਾਂ ਉਹ ਅਧਿਕਾਰੀ ਹੰਕਾਰ ਵਿਚ ਆਖਣ ਲੱਗਾ, 'ਤੈਨੂੰ ਦਿੱਸਦਾ ਨਹੀਂ, ਮੈਂ ਇੱਕ ਸਰਕਾਰੀ ਅਧਿਕਾਰੀ ਹਾਂ, ਲੋਕਾਂ ਨੂੰ ਰਸਤੇ ਦੱਸਦੇ ਫਿਰਨਾ ਮੇਰਾ ਕੰਮ ਨਹੀਂ ਹੈ।' ਤਾਂ ਉਹ ਰਾਹੀ ਨਿਮਰਤਾ ਸਹਿਤ ਆਖਣ ਲੱਗਿਆ, ਕਿ ਜੇਕਰ ਕੋਈ ਵੱਡਾ ਸਰਕਾਰੀ ਅਧਿਕਾਰੀ ਵੀ ਕਿਸੇ ਯਾਤਰੀ ਨੂੰ ਰਸਤਾ ਦੱਸ ਦੇਵੇ, ਤਾਂ ਇਸ ਵਿਚ ਕੋਈ ਬੁਰਾਈ ਨਹੀਂ ਹੈ। ਖ਼ੈਰ! ਕੀ ਤੁਸੀਂ ਮੈਨੂੰ ਦੱਸ ਸਕਦੇ ਹੋ ਕਿ ਤੁਸੀਂ ਕਿਸ ਅਹੁਦੇ 'ਤੇ ਹੋ?' ਤਾਂ ਉਹ ਸਰਕਾਰੀ ਅਧਿਕਾਰੀ ਗੁੱਸੇ ਵਿਚ ਆਖਣ ਲੱਗਿਆ, 'ਕੀ ਤੂੰ ਅੰਨ੍ਹਾ ਹੈਂ? ਤੈਨੂੰ ਮੇਰੀ ਵਰਦੀ ਤੋਂ ਪਛਾਣ ਨਹੀਂ ਹੋਈ ਕਿ ਮੈਂ ਕੌਣ ਹਾਂ?' ਤਾਂ ਰਾਹੀ ਕਹਿਣ ਲੱਗਾ ਕੀ ਤੁਸੀਂ ਮਹੱਲ ਦੇ ਰੱਖਿਅਕ ਹੋ?' ਤਾਂ ਜੁਵਾਬ ਆਇਆ, 'ਨਹੀਂ! ਉਸ ਤੋਂ ਵੀ ਉੱਪਰ ਦੇ ਅਹੁਦੇ 'ਤੇ ਹਾਂ।' ਤਾਂ ਰਾਹੀ ਨੇ ਕਿਹਾ, 'ਫਿਰ ਤੁਸੀਂ ਸ਼ਾਹੀ ਰੱਖਿਅਕ ਹੋਵੋਗੇ?' ਤਾਂ ਅਧਿਕਾਰੀ ਬੋਲਿਆ, 'ਨਹੀਂ! ਉਸ ਤੋਂ ਵੀ ਉੱਪਰ ਹਾਂ।' ਤਾਂ ਰਾਹੀ ਨੇ ਮੁੜ ਕਿਹਾ, 'ਫਿਰ ਤਾਂ ਤੁਸੀਂ ਸੈਨਾਪਤੀ ਹੋਵੋਗੇ?' ਤਾਂ ਅਧਿਕਾਰੀ ਨੇ ਕਿਹਾ, 'ਹਾਂ! ਮੈਂ ਮਹੱਲ ਦਾ ਸੈਨਾਪਤੀ ਹਾਂ। ਹੁਣ ਤੂੰ ਸਹੀ ਪਛਾਣਿਆ ਹੈ ਕਿ ਮੈਂ ਇੱਕ ਸੈਨਾਪਤੀ ਹਾਂ, ਪਰ ਤੂੰ ਕੌਣ ਏਂ, ਜੋ ਇੰਨੇ ਸਵਾਲ ਪੁੱਛ ਰਿਹਾ ਹੈਂ?

ਤਾਂ ਉਹ ਰਾਹੀ ਆਖਣ ਲੱਗਾ ਕਿ ਮੈਂ ਵੀ ਇੱਕ ਸਰਕਾਰੀ ਅਧਿਕਾਰੀ ਹਾਂ। ਇਹ ਸੁਣ ਕੇ ਸਰਕਾਰੀ ਅਧਿਕਾਰੀ ਦਾ ਹੰਕਾਰ ਕੁਝ ਘੱਟ ਹੋਇਆ। ਹੁਣ ਸੈਨਾਪਤੀ ਸਵਾਲ ਪੁੱਛਣ ਲੱਗਿਆ, 'ਕੀ ਤੁਸੀਂ ਸੈਨਿਕ ਹੈ?' ਤਾਂ ਰਾਹੀ ਬੋਲਿਆ, 'ਨਹੀਂ, ਉਸ ਤੋਂ ਵੀ ਉੱਪਰ।' ਇਹ ਸੁਣ ਅਧਿਕਾਰੀ ਘਬਰਾ ਗਿਆ ਅਤੇ ਪੁੱਛਣ ਲੱਗਿਆ, 'ਤਾਂ ਫਿਰ ਕੋਈ ਮੰਤਰੀ ਹੋ?' ਤਾਂ ਰਾਹੀ ਨੇ ਜਵਾਬ ਦਿੱਤਾ, 'ਨਹੀਂ! ਸਾਰੇ ਸਰਕਾਰੀ ਅਧਿਕਾਰੀਆਂ ਤੋਂ ਉੱਪਰ ਹਾਂ।'

ਜਦ ਅਧਿਕਾਰੀ ਨੇ ਧਿਆਨ ਨਾਲ ਤੱਕਿਆ ਤਾਂ ਪਤਾ ਲੱਗਾ ਕਿ ਉਸਦੇ ਸਾਹਮਣੇ ਖ਼ੁਦ ਰਾਜਾ ਵਿਕ੍ਰਮਾਦਿੱਤ ਖੜ੍ਹੇ ਸਨ। ਜੋ ਭੇਸ ਬਦਲ ਕੇ ਆਪਣੀ ਪ੍ਰਜਾ/ਰਿਆਇਆ ਦਾ ਹਾਲ ਜਾਣਨ ਲਈ ਨਿਕਲੇ ਹੋਏ ਸਨ। ਉਹ ਸਰਕਾਰੀ ਅਧਿਕਾਰੀ ਰਾਜਾ ਦੇ ਪੈਰਾਂ ਉਪਰ ਡਿੱਗ ਪਿਆ ਅਤੇ ਗਿੜਗੜਾਉਂਦਾ ਹੋਇਆ ਮੁਆਫ਼ੀ ਮੰਗਣ ਲੱਗਿਆ।

ਤਾਂ ਹੀ ਸਿਆਣੇ ਕਹਿੰਦੇ ਨੇ, 'ਹੰਕਾਰਿਆ ਸੋ ਮਾਰਿਆ' ਜਾਂ 'ਹੰਕਾਰ ਦਾ ਸਿਰ ਨੀਵਾਂ' ਆਦਿ। ਇਸ ਲਈ ਸਾਨੂੰ ਕਿਸੇ ਵੀ ਤਰ੍ਹਾਂ ਦੇ ਹੰਕਾਰ ਤੋਂ ਹਮੇਸ਼ਾਂ ਬਚਣ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ। ਗੁਰੂ ਅਰਜਨ ਪਾਤਸ਼ਾਹ ਜੀ ਸਮਝਾਉਂਦੇ ਹਨ ਕਿ, ਬਡੇ ਬਡੇ ਅਹੰਕਾਰੀਆ ਨਾਨਕ ਗਰਬਿ ਗਲੇ॥ ਇਸ ਹਉਮੈ ਦੇ ਸਿੱਟੇ ਅਤੇ ਪ੍ਰਭਾਵ ਹਮੇਸ਼ਾਂ ਭੈੜੇ ਹੀ ਹੁੰਦੇ ਹਨ। ਗੁਰੂ ਨਾਨਕ ਪਾਤਸ਼ਾਹ ਜੀ ਨੇ ਸਮਝਾਇਆ ਹੈ ਕਿ ਹਉਮੈ ਤੋਂ ਕਦੇ ਸੁੱਖ ਦੀ ਪ੍ਰਾਪਤੀ ਨਹੀਂ ਹੁੰਦੀ, ਕਿਉਂਕਿ ਇਹ ਮਨਮਤ ਜਾਂ ਹਉਮੈ ਝੂਠੀ ਮਿਥਿਆ ਹੈ। ਸੱਚ ਕੇਵਲ ਪ੍ਰਮਾਤਮਾ ਹੈ। ਜੋ ਵਿਅਕਤੀ ਆਪਣੀ ਸੁਤੰਤਰ ਸੱਤਾ ਮੰਨਣ ਲੱਗ ਪੈਂਦੇ ਹਨ, ਉਹ ਦਵੈਤ-ਭਾਵ ਕਰਕੇ ਨਸ਼ਟ ਹੋ ਜਾਂਦੇ ਹਨ। ਹਉਮੈ ਤੋਂ ਮੁਕਤ ਹੋ ਕੇ ਸਾਧਨਾ ਉਹੀ ਕਰ ਸਕਦਾ ਹੈ, ਜਿਸ ਦੇ ਭਾਗਾਂ ਵਿਚ ਲਿਖਿਆ ਗਿਆ ਹੈ: ਹਉਮੈ ਕਰਤਿਆ ਨਹ ਸੁਖੁ ਹੋਇ॥ ਮਨਮਤਿ ਝੂਠੀ ਸਚਾ ਸੋਇ॥ ਸਗਲ ਬਿਗੂਤੇ ਭਾਵੈ ਦੋਇ॥ ਸੋ ਕਮਾਵੈ ਧੁਰਿ ਲਿਖਿਆ ਹੋਇ॥' ਇਸ ਲਈ ਆਓ! ਆਪਣੀ ਹਉਮੈ ਨੂੰ ਤਿਆਗਣ ਲਈ ਯਤਨਸ਼ੀਲ ਹੋਈਏ ਅਤੇ ਨਿਮਰ ਭਾਵ ਧਾਰਨ ਕਰੀਏ। ਗੁਰਬਾਣੀ ਦਾ ਸੰਦੇਸ਼ ਹੈ ਕਿ, 'ਆਪਸ ਕਉ ਜੋ ਜਾਣੈ ਨੀਚਾ॥ ਸੋਊ ਗਨੀਐ ਸਭ ਤੇ ਊਚਾ॥' ਭਾਵ ਜਿਹੜਾ ਮਨੁੱਖ ਆਪਣੇ ਆਪ ਨੂੰ ਨੀਵਾਂ ਸਮਝਦਾ ਹੈ, ਉਹੀ ਸਾਰਿਆਂ ਨਾਲੋਂ ਵੱਡਾ ਗਿਣਿਆ ਜਾਂਦਾ ਹੈ।

# ਗ਼ਦਰੀ ਬਾਬਿਆਂ ਦਾ ਇਤਿਹਾਸ - 1

**ਦੋਹਰਾ**

ਅਜ਼ਾਦੀ ਟੀਚਾ ਰੱਖਿਆ, ਚਿੱਤ 'ਚ ਕਰ ਅਰਦਾਸ।
ਨਿਸ਼ਚਾ ਪੱਕਾ ਧਾਰਿਆ, ਬਣਿਆ ਸੀ ਇਤਿਹਾਸ।

**ਦੋਤਾਰਾ ਛੰਦ**

1. ਭਾਰਤ ਹੈ ਦੇਸ਼ ਮੇਰਾ, ਖੁੱਲ੍ਹ ਕੇ ਮਾਣੇ ਅੱਜ ਅਜ਼ਾਦੀ।
ਜਿਸ ਝੱਲੀ ਪਿੰਡੇ 'ਤੇ, ਕਦੇ ਗੁਲਾਮੀ ਤੇ ਬਰਬਾਦੀ।
ਰੱਤ ਪਾਈ ਸੁਰਮਿਆਂ, ਸਵੈ-ਮਾਣ ਦੀ ਜੋਤ ਜਗਾਈ।
ਨਾ ਦੇਣ ਗਦਰੀਆਂ ਦੀ, ਸਾਥੋਂ ਜਾਂਦੀ ਕਦੇ ਭੁਲਾਈ।

2. ਜੋ ਗਏ ਵਿਦੇਸ਼ੀਂ ਸੀ, ਹੱਡ ਭੰਨਵੀ ਮਿਹਨਤ ਕਰਦੇ।
ਨਸਲੀ ਵਖਰੇਵੇਂ ਦੇ, ਰਹਿੰਦੇ ਰੋਜ਼ ਵਿਤਕਰੇ ਜਰਦੇ।
ਗੋਰੇ ਨੇ ਹਿੰਦ 'ਚ ਤਾਂ, ਓਧਰ ਲੁੱਟ ਤੇ ਅੱਤ ਮਚਾਈ।
ਨਾ ਦੇਣ ਗਦਰੀਆਂ ਦੀ, ਸਾਥੋਂ ਜਾਂਦੀ ਕਦੇ ਭੁਲਾਈ।

3. ਬਾਹਰਲੇ ਦੇਸ਼ ਬੈਠੇ, ਆਖਰ ਨਿਸ਼ਚਾ ਇੱਕ ਪਕਾਉਂਦੇ।
ਜੰਗ ਆਰ-ਪਾਰ ਹੋਣੀ, ਕੰਨੋਂ-ਕੰਨੀਂ ਖਬਰ ਪੁਚਾਉਂਦੇ।
ਵਿਚ ਸਾਨ ਫਰਾਂਸਿਸਕੋ, ਗਦਰ ਪਾਰਟੀ ਇਕ ਬਣਾਈ।
ਨਾ ਦੇਣ ਗਦਰੀਆਂ ਦੀ, ਸਾਥੋਂ ਜਾਂਦੀ ਕਦੇ ਭੁਲਾਈ।

4. ਸੋਹਣ ਸਿੰਘ ਭਕਨੇ ਨੇ, ਮੋਢੀ ਬਣ ਕਮਾਨ ਸੰਭਾਲੀ।
ਮਹਾਨ ਸਿੰਘ ਭਖਨਾ, ਨੀਤੀ ਘੜੇ ਨਾ ਜਾਏ ਖਾਲੀ।
ਹਰਦਿਆਲ ਸਿੰਘ ਗ਼ਦਰੀ, ਤੀਲੀ ਨਾਲ ਕਲਮ ਦੇ ਲਾਈ।
ਨਾ ਦੇਣ ਗਦਰੀਆਂ ਦੀ, ਸਾਥੋਂ ਜਾਂਦੀ ਕਦੇ ਭੁਲਾਈ।

5. ਉਨੀ ਸੌ ਚੌਦਾਂ ਨੂੰ, ਵਿਸ਼ਵ-ਜੰਗ ਵਿਚ ਰੁੱਝੇ ਸਾਰੇ।
ਹੈ ਸਮਾਂ ਬੜਾ ਢੁੱਕਵਾਂ, ਸਿੰਘ ਵਿਸਾਖਾ ਪਿਆ ਵਿਚਾਰੇ।
ਕੁਹਰਾਮ ਮਚਾ ਦੇਈਏ, ਰੇਸ਼ਮ ਸਿੰਘ ਨੇ ਗੱਲ ਘੁਮਾਈ।
ਨਾ ਦੇਣ ਗਦਰੀਆਂ ਦੀ, ਸਾਥੋਂ ਜਾਂਦੀ ਕਦੇ ਭੁਲਾਈ।

6. ਬਖਸ਼ੀਸ਼, ਹੇਮ, ਮੰਗਲ, ਹਥਿਆਰਾਂ ਦੇ ਬਾਰੇ ਸੋਚਣ।
ਸੁਖਦੇਵ ਕਸੇਲ ਜਿਹੇ, ਫ਼ੌਜੀ ਨਾਲ ਮਿਲਾਉਣਾ ਲੋਚਣ।
ਬਲਵੰਤ ਹਰਿ ਸਿੰਘ ਨੇ, ਹਾਂ ਦੇ ਵਿਚ ਸੀ ਹਾਂ ਮਿਲਾਈ।
ਨਾ ਦੇਣ ਗਦਰੀਆਂ ਦੀ, ਸਾਥੋਂ ਜਾਂਦੀ ਕਦੇ ਭੁਲਾਈ।

7. ਛੱਡ ਕਾਰੋਬਾਰਾਂ ਨੂੰ, ਭਾਰਤ ਵੱਲ ਉਡਾਰੀ ਮਾਰੀ।
ਹਰਨਾਮ, ਲਾਲ, ਨੰਦਾ, ਲੱਗੇ ਕਰਨ ਗ਼ਦਰ ਦੀ ਤਿਆਰੀ।
ਕਰਤਾਰ ਸਰਾਭੇ ਤੇ, ਕਾਂਸੀ ਰਾਮ ਦੀ ਨੀਂਦ ਉਡਾਈ।
ਨਾ ਦੇਣ ਗਦਰੀਆਂ ਦੀ, ਸਾਥੋਂ ਜਾਂਦੀ ਕਦੇ ਭੁਲਾਈ।

8. ਉਠ ਰਾਮ ਹਸੀਨਾ ਨੇ, ਲਾਈ ਚਿਣਗ ਦਿਲਾਂ ਵਿਚ ਸਾਰੇ।
ਭਗਤ ਸਿੰਘ ਬਿਲਗਾ ਵੀ, ਲਾਉਂਦਾ ਆਜ਼ਾਦੀ ਦੇ ਨਾਅਰੇ।
ਉੱਨੀ ਸੌ ਪੰਦਰਾਂ ਵਿਚ, ਗ਼ਦਰ ਮਚਾਣਾ ਪੱਕ ਪਕਾਈ।
ਨਾ ਦੇਣ ਗਦਰੀਆਂ ਦੀ, ਸਾਥੋਂ ਜਾਂਦੀ ਕਦੇ ਭੁਲਾਈ।

9. ਇੰਨੇ ਵਿਚ ਗੋਰੇ ਨੂੰ, ਸੂਹੀਆਂ ਖਬਰ ਪੁਚਾਈ ਸਾਰੀ।
ਜ਼ਾਲਮ ਨੇ ਸੁਣਦੇ ਹੀ, ਅੱਤ ਸੀ ਕਰੀ ਜ਼ੁਲਮ ਦੀ ਭਾਰੀ।
ਫੜੇ ਦੇਸ਼ ਭਗਤ ਉਹਨੇ, ਕੇਸ ਚਲਾ ਕੇ ਸਜ਼ਾ ਸੁਣਾਈ।
ਨਾ ਦੇਣ ਗਦਰੀਆਂ ਦੀ, ਸਾਥੋਂ ਜਾਂਦੀ ਕਦੇ ਭੁਲਾਈ।

10. ਲਾਹੌਰ ਦੀ ਸਾਜ਼ਿਸ਼ ਦਾ, ਕੇਸ ਚੁੱਕਿਆ ਸੀ ਸਰਕਾਰਾਂ।
ਕੁਝ ਉਮਰ ਕੈਦ ਭੋਗਣ, ਚੁੰਮਿਆ ਰੱਸਾ ਕੁਝ ਸਰਦਾਰਾਂ।
ਜੇਲ੍ਹਾਂ ਵਿਚ ਸ਼ਾਸਕ ਨੇ ਜ਼ੁਲਮਾਂ ਦੀ ਤਾਂ ਹੱਦ ਮੁਕਾਈ।
ਨਾ ਦੇਣ ਗਦਰੀਆਂ ਦੀ, ਸਾਥੋਂ ਜਾਂਦੀ ਕਦੇ ਭੁਲਾਈ।

11. ਬਿਆਲੀ ਦੇ ਨੇੜੇ ਸੀ, ਦੇਸ਼ ਭਗਤ ਜੋ ਫਾਂਸੀ ਚਾੜ੍ਹੇ।
ਇੱਕ ਸੌ ਚੌਦਾਂ ਯੋਧੇ, ਅੰਡੇਮਾਨ ਜੇਲ ਵਿਚ ਤਾੜੇ।
ਕਰਤਾਰ ਸਰਾਭੇ ਨੇ, ਵਿਚ ਜਵਾਨੀ ਮੌਤ ਵਿਆਹੀ।
ਨਾ ਦੇਣ ਗਦਰੀਆਂ ਦੀ, ਸਾਥੋਂ ਜਾਂਦੀ ਕਦੇ ਭੁਲਾਈ।

12. ਸਖ਼ਤੀ ਦੇ ਕਾਰਨ ਹੀ, ਭਾਵੇਂ ਗ਼ਦਰ ਸਫਲ ਨਾ ਹੋਇਆ।
ਪਰ ਬੀਜ ਆਜ਼ਾਦੀ ਦਾ, ਇਸਨੇ ਹਰ ਦਿਲ ਵਿਚ ਸੀ ਬੋਇਆ।
ਦਿਲੋਂ ਸਤਿਕਾਰ ਦੇਵੇ, ਜਾਂਦਾ ਸੀਸ "ਰੁਪਾਲ" ਝੁਕਾਈ।
ਨਾ ਦੇਣ ਗਦਰੀਆਂ ਦੀ, ਸਾਥੋਂ ਜਾਂਦੀ ਕਦੇ ਭੁਲਾਈ।

-ਜਸਵਿੰਦਰ ਸਿੰਘ ਰੁਪਾਲ, ਲੁਧਿਆਣਾ
+91-98147-15796
ਇਸ ਸਮੇਂ ਕੈਲਗਰੀ (+1 (825)734-0545)



# ਉਹ ਮਹਾਨ ਨੇ ਜਿਹੜੇ ਜਿਊਂਦੇ ਨੇ ਦੂਜਿਆਂ ਲਈ

There are men and men but
every stone is not a gem.
ਬੰਦੇ ਬੰਦੇ ਵਿਚ ਅੰਤਰ, ਕੋਈ ਫੁੱਲ ਤੇ ਕੋਈ ਕੰਕਰ।
ਉਹ ਬੰਦੇ ਮਰਕੇ ਵੀ ਮੌਤ ਨੂੰ ਜ਼ਿੰਦਗੀ ਦੇ ਜਾਂਦੇ ਨੇ,
ਜਿਹੜੇ ਹੱਕ, ਸੱਚ ਤੇ ਇਨਸਾਫ ਲਈ ਆਪਾ ਵਾਰ ਜਾਂਦੇ
ਆਪਣੇ ਆਪ ਲਈ ਤਾਂ ਹਰ ਇਨਸਾਨ ਜਿਊਂਦਾ ਏ
ਪਰ ਮਹਾਨ ਮਨੁੱਖ ਉਹ ਹੁੰਦੇ ਨੇ
ਜਿਹੜੇ ਦੂਜਿਆਂ ਦੀ ਖਾਤਰ ਸ਼ਹਾਦਤ ਦਾ ਜਾਮ ਪੀ ਜਾਂਦੇ
ਉਹ ਆਪਣਾ ਆਪ ਤਾਂ ਕੁਰਬਾਨ ਕਰ ਸਕਦੇ ਨੇ
ਪਰ ਉਹ ਆਪਣੀ ਵਿਚਾਰਧਾਰਾ ਤੋਂ ਪਿੱਛੇ ਨਹੀਂ ਹੱਟ ਸਕਦੇ
ਉਨ੍ਹਾਂ ਸ਼ਹੀਦਾਂ ਦੀਆਂ ਮੜੀਆਂ 'ਤੇ ਸਦਾ ਮੇਲੇ ਲੱਗਦੇ
ਜਿਹੜੇ ਆਪਣੇ ਧਰਮ ਤੇ ਦੇਸ਼ ਦੀ ਖਾਤਰ ਸ਼ਹੀਦੀਆਂ ਪਾ ਜਾਂਦੇ
ਇਥੇ ਭੇਡਾਂ, ਬੱਕਰੀਆਂ ਨੂੰ ਕਿਸੇ ਪੁੱਛਣਾ ਨਹੀਂ
ਨਾਂ ਉਨ੍ਹਾਂ ਦਾ ਹੀ ਧੰਨ ਅਪਾਰ ਹੁੰਦਾ
ਜਿਹੜੇ ਸਮਾਜ ਤੇ ਮਨੁੱਖਤਾ ਲਈ ਕੁੱਝ ਕਰ ਜਾਂਦੇ
ਉਹ ਪਾ ਜਾਂਦੇ ਮੰਜ਼ਿਲਾਂ ਨੂੰ
ਜਿਹੜੇ ਖਹਿ ਜਾਂਦੇ ਨਾਲ ਮੁਸੀਬਤਾਂ ਦੇ
ਕਾਨੀ ਸਦਾ ਹੀ ਰਹੀ ਲਿਖਦੀ ਖ਼ੂਨੀ ਪੱਤਰੇ
ਸਮਾਂ ਸੂਝ ਦੀਆਂ ਛੁਰੀਆਂ ਉਲਾਰਦਾ ਰਿਹਾ
ਖੰਜਰ ਚਲੇ ਕਿਸੀ ਔਰ ਪੇ
ਤੜਪਤੇ ਹਮ ਹੈਂ
ਦਰਦ ਹਮਾਰੇ ਜਿਗਰ ਮੇਂ ਹੈ, ਸਾਰੇ ਜਹਾਂ ਕਾ
ਸ਼ਹੀਦੋਂ ਕੀ ਚਿਤਾਓਂ ਪਰ ਲਗੇਂਗੇ ਹਰ ਵਰਸ ਮੇਲੇ
ਵਤਨ ਪਰ ਮਰ ਮਿਟਨੇ ਵਾਲੋਂ ਕਾ ਜਿਹੀ ਬਾਕੀ ਨਿਸ਼ਾਂ ਹੋਗਾ

-ਮਾਸਟਰ ਨਿਰਮਲ ਸਿੰਘ ਲਾਲੀ, ਯੂਬਾ ਸਿਟੀ
530-777-0955



# ਬਰਸਾਤ ਦਾ ਮੌਸਮ

ਫੁਹਾਰਾਂ ਦੇ ਸੁਹਾਣੇਂ ਪਬ ਧਰੇ ਬਰਸਾਤ ਦਾ ਮੌਸਮ।
ਚਮਕਦੀ ਰੌਸ਼ਨੀ ਜੰਨਤ ਕਰੇ ਬਰਸਾਤ ਦਾ ਮੌਸਮ।
ਵਿਯੋਗੀ ਵੇਦਨਾ ਰੋਚਕ ਸੁਘੜ ਸੰਯੋਗ ਦੀ ਆਸ਼ਾ,
ਪਰ੍ਹਾਂ ਜਾ ਕੇ, ਗਲ੍ਹੋਂ ਲਹਿ ਕੇ ਮਰੇ ਬਰਸਾਤ ਦਾ ਮੌਸਮ।
ਮਧੁਰ ਮਲਹਾਰ ਰਿਮਝਿਮ ਤੇ ਸੁਹਾਣੀ ਪਵਨ ਨੂੰ ਜਿੱਤਕੇ,
ਤੇਰੀ ਚੁੰਨੀ ਜੇ ਲਹਿਰਾਵੇ ਡਰੇ ਬਰਸਾਤ ਦਾ ਮੌਸਮ।
ਸਿਰਫ ਇਕ ਛੋਟੀ ਜਿਹੀ ਬੱਦਲੀ ਬੜਾ ਸਤਿਕਾਰ ਕਰਦੀ ਹੈ,
ਤਦੇ ਹੀ ਆਂਵਦਾ ਮੇਰੇ ਘਰੇ ਬਰਸਾਤ ਦਾ ਮੌਸਮ।
ਨਦੀ ਨਦ ਨਾਲਿਆਂ ਅੰਦਰ, ਪਹਾੜਾਂ ਦੇ ਉਲਾਰਾਂ ਵਿਚ,
ਕਦੀ ਏਧਰ ਕਦੀ ਓਧਰ ਤਰੇ ਬਰਸਾਤ ਦਾ ਮੌਸਮ।
ਸੁਹਾਗਣ ਹੋ ਕੇ ਜਦ ਕਲੀਆਂ ਕਰਨ ਸਿੰਦੂਰ ਦੀ ਉਸਤਤ,
ਚਮਨ ਦੀ ਮਾਂਗ ਵਿਚ ਖ਼ੁਸ਼ਬੂ ਭਰੇ ਬਰਸਾਤ ਦਾ ਮੌਸਮ।
ਤੇਰੇ ਸਾਹਾਂ ਦੀ ਕਿਰਿਆ ਤੋਂ, ਤੇਰੇ ਤ੍ਰਿੰਝਣ ਦੇ ਜਾਦੂ ਤੋਂ,
ਤੇਰੇ ਬਸ ਇਕ ਇਸ਼ਾਰੇ 'ਤੇ ਹਰੇ ਬਰਸਾਤ ਦਾ ਮੌਸਮ।
ਦੁਖਾਂਤੀ ਬਿਜਲੀਆਂ ਦੇ ਹਾਦਸੇ ਟਕਰਾਵ ਬੱਦਲਾਂ ਦੇ,
ਭਲਾ ਕਿੰਨਾ ਕੁ ਚਿਰ ਸਦਮੇ ਜਰੇ ਬਰਸਾਤ ਦਾ ਮੌਸਮ।
ਧਰਤ ਦੇ ਸੀਨੇ ਜਦ ਤਪਸ਼, ਹੁੰਮਸ, ਤਪਨ ਵਧ ਜਾਏ,
ਮਿਹਰਬਾਨੀ ਦੇ ਆਲਮ ਵਿਚ ਵਰ੍ਹੇ ਬਰਸਾਤ ਦਾ ਮੌਸਮ।
ਲੁਕਾ ਕੇ ਅਪਣੀ ਝੋਲੀ ਵਿਚ ਸਵਾਤੀ ਬੂੰਦ ਦੀ ਅਗਨੀ,
ਚੜ੍ਹਾ ਕੇ ਸੱਤਰੰਗੀ ਪੀਂਘ ਠਰੇ ਬਰਸਾਤ ਦਾ ਮੌਸਮ।
ਅਨੇਕਾਂ ਕਿਸਮ ਦੇ ਨੇ ਫਲ ਤੇ ਫੁੱਲਾਂ ਦੀ ਸੁਗੰਧੀ ਹੈ,
ਉਤੇਜਿਤ ਭਾਵਨਾ ਪੂਰੀ ਕਰੇ ਬਰਸਾਤ ਦਾ ਮੌਸਮ।
ਪਕੌੜੇ ਚਾਹ ਜਲੇਬੀ ਮਾਲ ਪੂੜੇ ਖੀਰ ਦੇ ਜ਼ਾਇਕੇ,
ਸਵਾਦੀ ਤੱਤ ਲਾਰਾਂ ਵਿਚ ਭਰੇ ਬਰਸਾਤ ਦਾ ਮੌਸਮ।
ਕਦੀ ਸਾਨੂੰ ਵੀਂ ਅਪਣੀ ਬੇੜੀ ਦੇ ਵਿਚ ਨਾਲ ਲੈ ਜਾਵੀਂ,
ਕਿ 'ਬਾਲਮ' ਤੇਰੇ ਦਰਿਆ ਦੇ ਪਰ੍ਹੇ ਬਰਸਾਤ ਦਾ ਮੌਸਮ।

-ਬਲਵਿੰਦਰ 'ਬਾਲਮ'
ਓਂਕਾਰ ਨਗਰ, ਗੁਰਦਾਸਪੁਰ (ਪੰਜਾਬ)
ਮੋ. 98156-25409



# ਪਿਆਸਾ ਸਾਵਣ

ਕਿਣ ਮਿਣ ਕਿਣ ਮਿਣ, ਪੈਂਦੀਆਂ ਕਣੀਆਂ,
ਤਿੱਪ ਤਿੱਪ ਰਿੰਮ ਝਿੰਮ, 'ਕੱਠੀਆਂ ਜਣੀਆਂ।
ਘਟਾ ਘਨਘੋਰ ਹੈ ਛਾਈ,
ਛੰਮ ਛੰਮ ਛਹਿਬਰ ਵੇ,
ਛਹਿਬਰ ਸਾਵਣ ਲਾਈ।

ਰੁਣ ਝੁਣ ਰੁਣ ਝੁਣ, ਮੋਰ ਪਾਣ ਦੁਹਾਈ ,
ਪਿਹੁ ਪਿਹੁ ਪਿਹੁ ਪਿਹੁ, ਪਪੀਹੇ ਨੇ ਲਾਈ,
ਸਾਵੰਤੀ ਬੂੰਦ ਨ 'ਥਿਆਈ,
ਮੈਂ ਮਰ ਗਈ ਪਿਆਸੀ ਵੇ,
ਬਿਰਹਣ ਪਾਵਾਂ ਦੁਹਾਈ।

ਠਾਹ ਠਾਹ ਠਾਹ ਠਾਹ, ਤੀਆਂ ਪਾਣ ਪਟਾਕੇ,
ਹੱਸ ਹੱਸ ਵੱਸ ਵੱਸ, ਕੁੜੀਆਂ ਲਾਣ ਠਹਾਕੇ,
ਅਸਮਾਨੀ ਹੈ ਪੀਂਘ ਚੜ੍ਹਾਈ,
ਛਮ ਛਮ ਮੈਂ ਰੋਵਾਂ ਵੇ,
ਯਾਦ ਤੇਰੀ ਚੰਨਾਂ ਆਈ।

ਬਿੱਟ ਬਿੱਟ ਬਿੱਟ ਬਿੱਟ, ਸਈਆਂ ਵੱਲ ਤੱਕਾਂ ,
ਛੁਪ ਛੁਪ ਛੁਪ ਛੁਪ, ਮਾਹੀਆ ਬੂਹੇ ਨੂੰ ਤੱਕਾਂ,
ਕਿਤੋਂ ਤੇਰੀ ਬਿੜਕ ਨਾ ਆਈ,
ਮੈਂ ਕਮਲ਼ੀ ਹੋ ਗਈ ਵੇ,
ਪਰੀਤ ਨ ਚੰਦਰਿਆ ਨਿਭਾਈ।

-ਸੇਵਾ ਸਿੰਘ "ਨੂਰਪੁਰੀ"



# "ਗੁਰੂ ਲਾਧੋ ਰੇ, ਗੁਰੂ ਲਾਧੋ ਰੇ"

## ਸ੍ਰੀ ਗੁਰੂ ਤੇਗ਼ ਬਹਾਦਰ ਸਾਹਿਬ ਜੀ

ਕਰਨ ਵਪਾਰ ਸੀ ਚੱਲਿਆ ਮੱਖਣ ਸ਼ਾਹ ਲੁਬਾਣਾ
ਦਰਿਆ ਦੇ ਵਿਚ ਸੀ ਘੇਰਿਆ ਜਹਾਜ਼ ਦੇ ਤਾਈਂ ਤੁਫ਼ਾਨਾਂ
ਜਹਾਜ਼ ਸੀ ਡੋਲੇ ਖਾਂਵਦਾ ਸ਼ਾਹ ਦਾ ਮਨ ਵੀ ਡੋਲੇ
ਕੁੱਝ ਵੀ ਨਜ਼ਰ ਨਾ ਆਂਵਦਾ ਚਲਦੇ ਝੱਖੜ ਝੋਲੇ

ਹੱਥ ਜੋੜ ਅਰਦਾਸ ਫਿਰ ਗੁਰਾਂ ਦੇ ਚਰਨੀਂ ਕਰਦਾ
ਮਨ ਵਿਚ ਧਿਆਨ ਉਹ ਗੁਰੂ ਨਾਨਕ ਜੀ ਦਾ ਧਰਦਾ
ਬੇੜਾ ਬੰਨੇ ਲਾ ਦਿਉ ਮੈਂ ਹੱਥ ਬੰਨ੍ਹ ਤਰਲੇ ਪਾਵਾਂ
ਪੰਜ ਸੌ ਮੋਹਰਾਂ ਸਤਿਗੁਰੂ ਤੇਰੇ ਦਰ 'ਤੇ ਆਣ ਚੜ੍ਹਾਵਾਂ

ਅਰਦਾਸ ਸੁਣੀ ਦਾਤਾਰ ਨੇ ਹੈ ਕੌਤਕ ਅੱਜ ਵਰਤਾਇਆ
ਸੇਵਕ ਮੱਖਣ ਸ਼ਾਹ ਦਾ ਹੈ ਬੇੜਾ ਪਾਰ ਲੰਘਾਇਆ
ਵਾਰ ਵਾਰ ਹੱਥ ਜੋੜ ਕੇ ਉਹ ਪਿਆ ਸ਼ੁਕਰ ਗੁਜ਼ਾਰੇ
ਧੰਨ ਹੋ ਧੰਨ ਹੋ ਆਖਦਾ ਮੇਰੇ ਸਤਿਗੁਰ ਪਿਆਰੇ

ਪੰਜ ਸੌ ਮੋਹਰਾਂ ਚੁੱਕ ਕੇ ਸ਼ਰਧਾ ਦੇ ਨਾਲ ਚੱਲਿਆ
ਚਾਅ ਗੁਰਾਂ ਨੂੰ ਮਿਲਣ ਦਾ ਨਾ ਜਾਵੇ ਠੱਲਿਆ
ਪੁੱਛਦਾ ਪੁੱਛਦਾ ਪਹੁੰਚਿਆ ਉਹ ਸ਼ਹਿਰ ਬਕਾਲੇ
ਬੈਠੇ ਬਣਕੇ ਗੁਰੂ ਕਈ ਉਹ ਸੱਚਾ ਸਤਿਗੁਰ ਭਾਲੇ

ਤਰਤੀਬ ਸੁੱਝੀ ਫਿਰ ਓਸ ਨੂੰ ਕਰੇ ਦੂਰ ਭੁਲੇਖੇ
ਪੰਜ ਪੰਜ ਮੋਹਰਾਂ ਰੱਖ ਕੇ ਮੱਥਾ ਸਭ ਨੂੰ ਟੇਕੇ
ਸਭ ਅਧੂਰੇ ਜਾਪਦੇ ਨਾ ਸੱਚਾ ਪਾਇਆ
ਬੈਠਾ ਵਿਚ ਹੈ ਭੋਰੇ ਦੇ ਕਿਸੇ ਆਣ ਸੁਣਾਇਆ

ਮੋਹਰਾਂ ਲੈ ਕੇ ਤੁਰ ਪਿਆ ਉਹ ਭੋਰੇ ਵੱਲ ਨੂੰ
ਜਾਕੇ ਮੱਥਾ ਟੇਕਿਆ ਨਾ ਲਾਇਆ ਪਲ ਨੂੰ
ਕਰਕੇ ਬਚਨ ਕਿਉਂ ਮੱਖਣਾ ਅੱਜ ਖਿਸਕਦਾ ਜਾਵੇਂ
ਪੰਜ ਸੌ ਮੋਹਰਾਂ ਸੁੱਖ ਕੇ ਤੂੰ ਪੰਜ ਚੜ੍ਹਾਵੇਂ

ਮੱਖਣ ਸ਼ਾਹ ਤੋਂ ਚੱਕਿਆ ਹੁਣ ਚਾਅ ਨਾ ਜਾਵੇ
ਗੁਰੂ ਤੇਗ ਬਹਾਦਰ ਸਾਹਿਬ ਤੋਂ ਬਲਿਹਾਰੇ ਜਾਵੇ
ਵਾਰ ਵਾਰ ਉਹ ਚਰਨਾਂ 'ਤੇ ਸਤਿਗੁਰ ਦੇ ਢਹਿੰਦਾ
ਗੁਰੂ ਲਾਧੋ ਰੇ ਗੁਰੂ ਲਾਧੋ ਰੇ ਚੜ੍ਹ ਕੋਠੇ ਕਹਿੰਦਾ

ਕੱਚੇ ਪਿੱਲੇ ਮਾਰ ਗਏ ਪਲਾਂ ਵਿਚ ਉਡਾਰੀ
ਸਰਧਾ ਦੇ ਨਾਲ ਆਉਂਦੀਆਂ ਚੱਲ ਸੰਗਤਾਂ ਭਾਰੀ
ਸ੍ਰੀ ਗੁਰੂ ਹਰਕ੍ਰਿਸ਼ਨ ਜੀ ਆਖਿਆ ਬਾਬਾ ਵਸੇ ਬਕਾਲੇ
ਮਲਕੀਤ ਸਿੰਘਾ ਹਨ ਸਤਿਗੁਰਾਂ ਦੇ ਚੋਜ਼ ਨਿਰਾਲੇ।

-ਮਲਕੀਤ ਸਿੰਘ ਗਿੱਲ (ਭੱਠਲਾਂ)
ਸੰਪਰਕ : 94174-90943





RE/MAX
RE/MAX
Outstanding Agents
Outstanding Results
DRE Lic. # 01215931 (Broker)

Gurjatinder S. Randhawa
REALTOR CA DRE licence # 01490567

FOR SALE & PURCHASE OF
ANY KIND OF PROPERTY
ਕੈਲੀਫੋਰਨੀਆ ਵਿਚ ਘਰ ਖਰੀਦਣ
ਜਾਂ ਵੇਚਣ ਲਈ ਸੰਪਰਕ ਕਰੋ।



Gurjatinder S. Randhawa
REALTOR CA DRE licence # 01490567

Gurjatinder S. Randhawa
916-320-9444

web: www.RealtorRandhawa.com
garysingh123@yahoo.com